# ਪੰਜਾਬੀ ਟੀਕਿਆਂ
# ਭਾਸ਼ਾਈ
# ਵਿਸ਼ੇਸ਼ਤਾਵਾਂ

ਹਰਕੀਰਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ

**ਡਾ. ਹਰਕੀਰਤ ਸਿੰਘ**

ਐਮ.ਏ., ਪੀ-ਐੱਚ.ਡੀ.

**ਪਬਲੀਕੇਸ਼ਨ ਬਿਊਰੋ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡੀ.ਪੀ.ਆਈ. ਪੰਜਾਬ ਦੇ ਮੀਮੋ ਨੰ. 2924-ਪ-3/45-6-ਪ ਮਿਤੀ 12 ਜੁਲਾਈ, 1968
ਦੁਆਰਾ ਸਕੂਲਾਂ ਤੇ ਕਾਲਜਾਂ ਲਈ ਪ੍ਰਵਾਣਿਤ

ਪਹਿਲਾ ਸੰਸਕਰਣ, 1966 : 1100
ਦੂਸਰਾ ਸੰਸਕਰਣ, 1970 : 1100
ਤੀਸਰਾ ਸੰਸਕਰਣ, 1984 : 1100
ਚੌਥਾ ਸੰਸਕਰਣ, 1991 : 1100

ਮੁੱਲ : 22-00

ਸਰਦਾਰ ਤੀਰਥ ਸਿੰਘ ਐਮ.ਏ., ਐਲ-ਐਲ.ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ
ਪ੍ਰਕਾਸ਼ਿਤ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਪ੍ਰੈਸ ਵਿਖੇ ਛਪੀ

Sri Satguru Jagjit Singh Ji Elibrary NamdhariElibrary@gmail.com

# ਵਿਸ਼ੈ-ਸੂਚੀ


| | | |
|---|---|---|
| 1. | ਪੰਜਾਬੀ ਦੇ ਕੁਝ ਸੁਭਾਵਿਕ ਗੁਣ | 1 |
| 2. | ਪੰਜਾਬੀ ਦੇ ਕੁਝ ਉੱਘੇ ਲੱਛਣ | 5 |
| 3. | ਪੰਜਾਬੀ ਦੀ ਪਛਾਣ ਲਈ ਪ੍ਰਮੁੱਖ ਚਿੰਨ੍ਹ | 8 |
| 4. | ਪੰਜਾਬੀ ਦੀਆਂ ਭਾਸ਼ਾ-ਧੁਨੀਆਂ | 13 |
| 5. | ਪੰਜਾਬੀ ਉੱਚਾਰਨ | 27 |
| 6. | ਪੰਜਾਬੀ ਸ਼ਬਦਾਵਲੀ ਤੇ ਸ਼ਬਦ-ਰੂਪ | 36 |
| 7. | ਪੰਜਾਬੀ ਦੀ ਵਾਕ-ਬਣਤਰ | 47 |
| 8. | ਪੰਜਾਬੀ ਦੀ ਪ੍ਰਾਚੀਨਤਾ | 64 |
| | ਪਾਰਿਭਾਸ਼ਿਕ ਸ਼ਬਦਾਵਲੀ | 71 |



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਪ੍ਰਸਤਾਵਨਾ
### (ਪਹਿਲਾ ਸੰਸਕਰਣ)

ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਇਕ ਗੰਭੀਰ ਵਿਸ਼ਾ ਹੈ ਜਿਸ ਪੁਰ ਸਾਡੇ ਭਾਸ਼ਾ ਵਿਗਿਆਨ ਵਿਭਾਗ ਦੇ ਰੀਸਰਚ ਫੈਲੋ ਸ੍ਰੀ ਹਰਕੀਰਤ ਸਿੰਘ ਨੇ ਬੜੀ ਲਗਨ ਨਾਲ ਕੰਮ ਕੀਤਾ ਹੈ। ਇਸ ਦੇ ਖਰੜੇ ਦਾ ਕੁਝ ਭਾਗ ਡਾ. ਹਰਦੇਵ ਬਾਹਰੀ, ਐਮ. ਏ., ਐਮ. ਓ. ਐਲ., ਪੀ-ਐੱਚ. ਡੀ., ਡੀ. ਲਿਟ. ਨੇ ਜੁਲਾਈ, 1966 ਦੇ ਆਰੰਭ ਵਿਚ ਵੇਖ ਲਿਆ ਸੀ। ਉਨ੍ਹਾਂ ਦੇ ਸੁਝਾਉ ਅਨੁਸਾਰ ਮੂਲ ਖਰੜੇ ਨੂੰ ਸੋਧਣ ਦਾ ਪ੍ਰਯਤਨ ਕੀਤਾ ਗਿਆ ਹੈ।

ਭਾਸ਼ਾ-ਵਿਗਿਆਨ ਦੇ ਹੋਰ ਵਿਸ਼ਿਆਂ ਦੀ ਤਰ੍ਹਾਂ ਇਸ ਪੁਸਤਕ ਦਾ ਵਿਸ਼ਾ ਵੀ ਹਾਲੀ ਵਿਕਾਸਸ਼ੀਲ ਹੈ। ਹੋ ਸਕਦਾ ਹੈ ਅੱਗੇ ਚਲ ਕੇ ਵਿਗਿਆਨਕ ਯੰਤ੍ਰਾਂ ਰਾਹੀਂ ਪੰਜਾਬੀ ਦੇ ਉਚਾਰਣ, ਲਹਿਜੇ ਜਾਂ ਧੁਨੀ-ਰੂਪਾਂ ਪੁਰ ਨਵਾਂ ਚਾਨਣ ਪੈ ਸਕੇ। ਇਸ ਲਈ ਵਿਦਵਾਨ ਆਲੋਚਕਾਂ ਦੇ ਸੁਝਾਉ ਲਈ ਕਾਫ਼ੀ ਗੁੰਜਾਇਸ਼ ਬਣੀ ਰਹੇਗੀ। ਅਸੀਂ ਉਨ੍ਹਾਂ ਦੇ ਕੀਮਤੀ ਵਿਚਾਰਾਂ ਦਾ ਸੁਆਗਤ ਕਰਾਂਗੇ।

ਸੀਤਾ ਰਾਮ ਬਾਹਰੀ

ਭਾਸ਼ਾ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
20 ਨਵੰਬਰ, 1966

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

1

# ਪੰਜਾਬੀ ਦੇ ਕੁਝ ਸੁਭਾਵਿਕ ਗੁਣ

ਪੰਜਾਬੀ ਦੇ ਸੁਭਾਵਿਕ ਗੁਣਾਂ ਵਿਚੋਂ ਸਭ ਤੋਂ ਪ੍ਰਤੱਖ ਤੇ ਸਪਸ਼ਟ, ਸ਼ਾਇਦ, ਇਸ ਭਾਸ਼ਾ ਦਾ ਮਰਦਊਪੁਣਾ ਹੈ । ਅਭਿਵਿਅੰਜਨਾ ਦੀ ਸਪਸ਼ਟਤਾ, ਉੱਚਾਰਨ ਦਾ ਨਿਖਾਰ ਤੇ ਕੜਾਕਾ, ਮਹਾਪ੍ਰਾਣਤਾ ਦੀ ਪ੍ਰਧਾਨਤਾ ਆਦਿ ਗੁਣ ਇਸ ਦੇ। ਮਰਦਊਪੁਣੇ ਦੇ ਵਿਸ਼ਿਸ਼ਟ ਚਿੰਨ੍ਹ ਹਨ । ਪਰ ਇਨ੍ਹਾਂ ਤੋਂ ਛੁੱਟ ਪੰਜਾਬੀ ਦੀਆਂ ਕੁਝ ਅਜੇਹੀਆਂ ਰੁਚੀਆਂ ਹਨ ਜਿਹੜੀਆਂ ਇਸ ਪੱਖ ਨੂੰ ਹੋਰ ਵੀ ਦ੍ਰਿੜ੍ਹ ਕਰਦੀਆਂ ਹਨ ।

ਪੰਜਾਬੀ ਦੇ ਨਾਂਵ ਸ਼ਬਦਾਂ ਦੀ ਪੜਚੋਲ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਭਾਸ਼ਾ ਵਿਚ ਪੁਲਿੰਗ ਨਾਂਵਾਂ ਦੀ ਗਿਣਤੀ ਇਸਤ੍ਰੀ ਲਿੰਗ ਨਾਂਵਾਂ ਨਾਲੋਂ ਵਧੇਰੇ ਹੈ । ਪ੍ਰਾਣੀਆਂ ਦੇ ਨਾਂਵ ਤਾਂ ਉਨ੍ਹਾਂ ਦੇ ਲਿੰਗ ਅਨੁਸਾਰ ਹੀ ਹੋਣੇ ਚਾਹੀਦੇ ਹਨ, ਪਰ ਜਦੋਂ ਕਿਤੇ ਕੁਦਰਤੀ ਲਿੰਗ ਦੇ ਪ੍ਰਤਿਕੂਲ ਭਾਸ਼ਾਈ ਲਿੰਗ ਵਰਤਣ ਦਾ ਅਵਸਰ ਹੁੰਦਾ ਹੈ, ਤਾਂ ਪੰਜਾਬੀ ਦੀ ਰੁਚੀ ਪੁਲਿੰਗ ਨੂੰ ਅਪਣਾਉਣ ਵਲ ਹੀ ਰਹਿੰਦੀ ਹੈ । 'ਇੰਞਾਣੇ', 'ਗੁਆਂਢੀ', 'ਲੋਕ', 'ਮੇਲ', 'ਪਸ਼ੂ', 'ਪੰਛੀ', 'ਵੱਗ', 'ਹੇੜ੍ਹ' ਸਭ ਪੁਲਿੰਗ ਨਾਂਵ ਹਨ । ਇੰਞਾਣਿਆਂ ਵਿਚ ਭਾਵੇਂ ਮੁੰਡਿਆਂ ਨਾਲੋਂ ਕੁੜੀਆਂ ਵਧੇਰੇ ਹੋਣ, ਜਾਂ ਸਾਰੀਆਂ ਹੀ ਕੁੜੀਆਂ ਹੋਣ, ਪਰ ਨਾਂਵ 'ਇੰਞਾਣੇ' ਪੁਲਿੰਗ ਹੀ ਰਹੇਗਾ । 'ਮੇਲ' ਵਿਚ ਤਾਂ ਸਦਾ ਜ਼ਨਾਨੀਆਂ ਦੀ ਹੀ ਬਹੁਗਿਣਤੀ ਹੁੰਦੀ ਹੈ ; ਵੱਗ ਵਿਚ ਵੀ ਵਧੇਰੇ ਮੱਝਾਂ, ਗਾਈਆਂ ਹੀ ਹੁੰਦੀਆਂ ਹਨ, ਝੋਟੇ ਤੇ ਢੱਗੇ ਵਗਣ ਵਾਲੇ ਪਸ਼ੂ ਹੋਣ ਕਰਕੇ ਵੱਗਾਂ ਵਿਚ ਨਹੀਂ ਛੇੜੇ ਜਾਂਦੇ ; ਪਰ 'ਮੇਲ' ਵੀ ਪੁਲਿੰਗ ਨਾਂਵ ਹੈ, ਤੇ 'ਵੱਗ' ਵੀ । ਇਹੋ ਹੀ ਦਸ਼ਾ ਉਤੇ ਦਿੱਤੇ ਗਏ ਸਾਰਿਆਂ ਨਾਂਵਾਂ ਦੀ ਹੈ ।

'ਜੰਞ', 'ਧਾੜ', 'ਡਾਰ' ਆਦਿ, ਇਸੇ ਸ਼੍ਰੇਣੀ ਦੇ ਕੁਝ ਨਾਂਵ ਇਸਤ੍ਰੀ ਲਿੰਗ ਵੀ ਹਨ, ਪਰ ਇਸ ਤਰ੍ਹਾਂ ਦੇ ਇਸਤ੍ਰੀ ਲਿੰਗ ਨਾਂਵਾਂ ਦੀ ਗਿਣਤੀ ਪੁਲਿੰਗ ਨਾਂਵਾਂ ਦੇ ਮੁਕਾਬਲੇ ਬਹੁਤ ਘੱਟ ਹੈ ।

ਉਤੇ ਇਸ਼ਾਰਾ ਕੀਤਾ ਗਿਆ ਹੈ ਕਿ ਪੰਜਾਬੀ ਵਿਚ ਪੁ. ਨਾਂਵਾਂ ਦੀ ਗਿਣਤੀ, ਇ. ਲਿੰ. ਨਾਂਵਾਂ ਨਾਲੋਂ ਜ਼ਿਆਦਾ ਹੈ । ਇਸ ਸੰਬੰਧ ਵਿਚ ਹੇਠਾਂ ਸਰੀਰ ਦੇ ਅੰਗਾਂ ਦੇ ਆਮ ਵਰਤੋਂ ਵਿਚ ਆਉਂਦੇ ਨਾਂਵਾਂ ਦੀ ਸੂਚੀ ਦਿੱਤੀ ਜਾਂਦੀ ਹੈ । ਇਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ 30 ਪੁ. ਹਨ, ਤੇ 21 ਇ. ਲਿੰ. ।

**ਪੁਲਿੰਗ :** ਤਾਲੂ, ਸਿਰ, ਮੱਥਾ, ਭਰਵੱਟਾ, ਨੱਕ, ਡੇਲਾ, ਕੰਨ, ਮੂੰਹ, ਬੁੱਲ੍ਹ, ਮਸੂੜਾ, ਜਬਾੜ੍ਹਾ, ਦੰਦ, ਸੰਘ, ਕਾਂ, ਗਲ, ਮੋਢਾ, ਡੌਲਾ, ਗੁੱਟ, ਹੱਥ, ਅੰਗੂਠਾ, ਨੌਂਹ ਪੱਟਾ, ਲੱਕ, ਢਿੱਡ, ਪਿੰਡਾ, ਪੱਟ, ਗੋਡਾ, ਗਿੱਟਾ, ਪੈਰ, ਪੱਬ ।

**ਇਸਤ੍ਰੀ ਲਿੰਗ :** ਪੁੜਪੁੜੀ, ਅੱਖ ਨਾਸ, ਧੌਣ, ਬਾਂਹ, ਗੱਲ੍ਹ, ਠੋਡੀ, ਜੀਭ, ਵਰਾਛ, ਦਾੜ੍ਹ, ਹਿੱਕ, ਪਸਲੀ, ਵੱਖੀ, ਉਂਗਲ, ਹਥੇਲੀ, ਬਾਂਹ, ਅਰਕ, ਵੀਣੀ,

Sri Satguru Jagjit Singh Ji Elibrary NamdhariElibrary@gmail.com

ਪਿੰਜਣੀ, ਖੁੱਚ, ਅੱਡੀ।

ਹੋਰ ਪੜਤਾਲ ਕੀਤਿਆਂ ਅਸੀਂ ਵੇਖਦੇ ਹਾਂ ਕਿ ਹਿੰਦੀ ਆਦਿ ਗੁਆਂਢੀ ਭਾਸ਼ਾਵਾਂ ਦੇ ਕਈ ਇ. ਲਿੰ. ਨਾਂਵਾਂ ਦੇ ਸਮਾਨਾਰਥਕ ਪੰਜਾਬੀ ਵਿਚ ਪੁ. ਨਾਂਵ ਹਨ । ਹਿੰਦੀ 'ਨਦੀ' ਇ. ਲਿੰ. ਹੈ, ਪਰ ਪੰਜਾਬੀ ਵਿਚ 'ਦਰਿਆ' ਪੁਲਿੰਗ ; ਹਿੰਦੀ 'ਘਾਸ' (ਇ. ਲਿੰ.), ਪੰਜਾਬੀ 'ਘਾਹ' (ਪੁ.); ਹਿੰਦੀ 'ਨਾਕ' (ਇ. ਲਿੰਗ.), ਪੰਜਾਬੀ 'ਨੱਕ' (ਪੁ.); ਹਿੰਦੀ 'ਸਾਂਸ' (ਇ. ਲਿੰ.), ਪੰਜਾਬੀ 'ਸਾਹ' (ਪੁ.) । 'ਤਾਰ', 'ਉਨ' ਆਦਿ ਕੁਝ ਨਾਂਵ ਅਜੇਹੇ ਵੀ ਹਨ ਜੋ ਪੰਜਾਬੀ ਵਿਚ ਇ. ਲਿੰ. ਤੇ ਹਿੰਦੀ ਵਿਚ ਪੁ. ਹਨ, ਪਰ ਇਨ੍ਹਾਂ ਦੀ ਗਿਣਤੀ ਥੋੜ੍ਹੀ ਹੈ।

ਕਈ ਵਾਰੀ ਕਿਸੇ ਵਸਤੂ ਲਈ ਇ. ਲਿੰ. ਨਾਂਵ ਹੁੰਦਿਆਂ ਹੋਇਆ ਉਸ ਦੇ ਲਈ ਪੁ. ਨਾਂਵ ਭੀ ਘੜ ਲਿਆ ਜਾਂਦਾ ਹੈ, ਤੇ ਸਾਧਾਰਣ ਬੋਲ-ਚਾਲ ਵਿਚ ਪੁਲਿੰਗ ਨਾਂਵ ਦੀ ਵਰਤੋਂ ਵਧੇਰੇ ਹੁੰਦੀ ਹੈ । 'ਸ਼ਰਾਬ' (ਇ. ਲਿੰ.) ਮੌਜੂਦ ਸੀ, ਪਰ ਪੰਜਾਬੀ ਲੋਕ 'ਨਸ਼ਾ ਜਾਂ 'ਦਾਰੂ' ਕਹਿਣਾ ਹੀ ਪਸੰਦ ਕਰਦੇ ਹਨ। 'ਹਨੇਰੀ' (ਇ. ਲਿੰ.) ਹੁੰਦਿਆਂ ਹੋਇਆਂ ਵੀ 'ਝੱਖੜ' (ਪੁ.) ਵਧੇਰੇ ਸੁਣਨ ਵਿਚ ਆਉਂਦਾ ਹੈ। ਗੱਡੀ (ਬੈਲ-ਗੱਡੀ) ਤਾਂ ਮਾਝੇ ਦੀ ਬੋਲੀ ਵਿਚੋਂ ਉੱਡ ਹੀ ਗਿਆ ਹੈ, ਉਥੇ ਕੇਵਲ 'ਗੱਡਾ' ਸ਼ਬਦ ਹੀ ਵਰਤਿਆ ਜਾਂਦਾ ਹੈ।

ਪੰਜਾਬੀ ਵਿਚ ਪੁਲਿੰਗ ਬਹੁਲਤਾ ਇਥੋਂ ਤਕ ਹੈ ਕਿ ਕਈ ਥਾਈਂ ਇ. ਲਿੰ. ਪ੍ਰਾਣੀਆਂ ਨੂੰ ਵੀ ਪੁਲਿੰਗ ਰੂਪ ਵਿਚ ਵਿਅਕਤ ਕੀਤਾ ਜਾਂਦਾ ਹੈ । 'ਕੁੜੀ' ਨੂੰ 'ਪੁੱਤ' ਜਾਂ 'ਬੱਚਾ' ਕਹਿਣ ਦੀ ਆਦਤ ਤਾਂ ਆਮ ਹੈ, ਪਰ ਬਹੁਤ ਲੋਕ 'ਮੇਰੀ ਘਰ ਵਾਲੀ' ਕਹਿਣ ਦੀ ਥਾਂ 'ਸਾਡੇ ਘਰ ਵਾਲੇ' ਆਖਦੇ ਹੋਏ ਵੀ ਸੁਣੇ ਗਏ ਹਨ । "ਭੈਣ ਜੀ ਬੈਠੇ ਸਨ" "ਰਾਣੀ ਸਾਹਿਬ ਆਉਣਗੇ","ਸ਼ੀਲਾ ਜੀ ਲਿਖਦੇ ਨੇ .." ਆਦਿ ਵਾਕਾਂ ਵਿਚ "ਭੈਣ ਜੀ","ਰਾਣੀ ਸਾਹਿਬ," ਜਾਂ "ਸ਼ੀਲਾ ਜੀ" ਇ. ਲਿੰ. ਨਾਂਵਾਂ ਨਾਲ, ਪੁਲਿੰਗ ਕ੍ਰਿਆ ਰੂਪ ਦੀ ਵਰਤੋਂ ਦਾ ਕਾਰਣ ਭਾਸ਼ਾ ਦੀ ਮਰਦਾਨਾ ਰੁਚੀ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ।

ਪੰਜਾਬੀ ਦਾ ਇਕ ਹੋਰ ਉੱਲੇਖਣੀ ਗੁਣ ਇਸ ਦੀ ਪ੍ਰੌੜ੍ਹਤਾ ਤੇ ਗੰਭੀਰਤਾ ਹੈ। ਇਸ ਮੱਤ ਦੀ ਪੁਸ਼ਟੀ ਵੀ ਪੰਜਾਬੀ ਸ਼ਬਦਾਵਲੀ ਦੀ ਪੜਚੋਲ ਕੀਤਿਆਂ ਹੁੰਦੀ ਹੈ। ਪੰਜਾਬੀ ਵਿਚ ਚੋਚਲੀ ਸ਼ਬਦਾਵਲੀ (fonding vocabulary) ਦੀ ਲਗ-ਪਗ ਅਣਹੋਂਦ ਹੈ । 'ਬਾਂਹ' ਲਈ 'ਬਹੀਆਂ', 'ਪਾਣੀ' ਲਈ 'ਪਨੀਆਂ', 'ਸਾਂਈਂ' ਲਈ 'ਸਈਆਂ', ਜਾਂ ਹੋਰ ਅਜੇਹੇ ਚੋਚਲੇ ਸ਼ਬਦਾਂ ਦੀ ਵਰਤੋਂ ਪੰਜਾਬੀ ਵਿਚ ਨਹੀਂ ਹੁੰਦੀ । 'ਚੁਨਰੀਆ', 'ਗਗਰੀਆ', 'ਨਦੀਆ', 'ਖਟੀਆ', 'ਤਕੜੀਆ', 'ਟੁਕਰੀਆ' ਆਦਿ ਇ. ਲਿੰਗ. ਨਾਂਵ ਅਤੇ 'ਛਲੀਆ', 'ਰਸੀਆ', 'ਭਈਆ', 'ਕਨ੍ਹੀਆ', ਆਦਿ ਪੁ. ਨਾਂਵ ਜੋ ਭਾਸ਼ਾ ਦੇ ਨਖਰੀਲੇ ਪਣ ਦੇ ਲਖਾਇਕ ਹਨ, ਪੰਜਾਬੀ ਵਿਚ ਨਹੀਂ ਮਿਲਦੇ।

ਪੰਜਾਬੀ ਵਿਚ ਲਘੁਤਾਵਾਚੀ ਸ਼ਬਦਾਂ (diminutives) ਦੀ ਵਰਤੋਂ ਥੋੜ੍ਹੀ ਹੈ । 'ਮੁਖੜਾ', 'ਦੁਖੜਾ' ਆਦਿ ਲਘੁਤਾਵਾਚੀ ਸ਼ਬਦ ਮੌਜੂਦ ਹਨ, ਪਰ ਬਹੁਤ ਹੀ ਘੱਟ ਵਰਤੇ ਜਾਂਦੇ ਹਨ । 'ਪੰਘੂੜਾ', 'ਟੁਕੜਾ', 'ਚਮੜਾ' ਆਦਿ ਰੂਪ ਕਰਕੇ ਲਘੁਤਾਵਾਚੀ ਜਾਪਦੇ ਹਨ, ਪਰ ਅਸਲ ਵਿਚ ਇਹ ਸੁਤੰਤ੍ਰ ਸ਼ਬਦ ਹਨ, ਪੰਜਾਬੀ ਵਿਚ ਇਹ ਲਘੁਤਾ ਲਖਾਇਕ ਨਹੀਂ । ਇਹੋ ਹਾਲਤ 'ਬਗੀਚਾ', 'ਗਲੀਚਾ' 'ਦੇਗਚਾ' ਆਦਿ ਦੀ ਹੈ । ਇਨ੍ਹਾਂ ਦੀ ਵਰਤੋਂ ਲਘੁਤਾ ਪ੍ਰਗਟਾਉਣ ਲਈ ਨਹੀਂ ਸਗੋਂ ਸੁਤੰਤ੍ਰ ਨਾਂਵਾਂ ਦੇ ਰੂਪ ਵਿਚ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਲਘੁਤਾਵਾਚੀ ਸ਼ਬਦਾਵਲੀ ਪ੍ਰਤਿ ਅਰੁਚੀ ਵੀ ਭਾਸ਼ਾ ਦੇ ਗੰਭੀਰ ਸੁਭਾ ਦਾ ਚਿੰਨ੍ਹ ਹੈ।

ਲਿਖਿਤ ਪੰਜਾਬੀ, ਵਿਸ਼ੇਸ਼ ਕਰਕੇ ਕਵਿਤਾ, ਵਿਚ ਉਰਦੂ ਫ਼ਾਰਸੀ ਆਦਿ ਦੀ ਰੀਸੇ ਕੁਝ ਅਜੇਹੇ ਪ੍ਰਯੋਗ ਆ ਗਏ ਹਨ, ਜਿਹੜੇ ਪੰਜਾਬੀ ਦੇ ਸੁਭਾ ਦੇ ਅਨੁਕੂਲ ਨਹੀਂ, ਪਰ ਲੋਕ-ਗੀਤਾਂ ਤੇ ਬੋਲ-ਚਾਲ ਦੀ ਭਾਸ਼ਾ ਅਜੇਹੇ ਬਾਹਰੀ ਪ੍ਰਭਾਵਾਂ ਤੋਂ ਬਚੀ ਹੋਈ ਹੈ। ਪੰਜਾਬੀ ਬੋਲ-ਚਾਲ ਵਿਚ ਅਤਿ ਕਥਨੀ ਤੇ ਭਾਸ਼ਾਈ ਚਾਪਲੂਸੀ ਦਾ ਅਸਰ ਬਹੁਤ ਘੱਟ ਦਿਸਦਾ ਹੈ। 'ਦੌਲਤਖਾਨਾ—ਗ਼ਰੀਬਖਾਨਾ', 'ਬੰਦਾ-ਨਿਵਾਜ਼, ਖਾਕਸਾਰ', ਆਦਿ ਭਾਸ਼ਾਈ ਚੋਚਲੇ ਜਨ-ਸਾਧਾਰਨ ਦੀ ਗੱਲ-ਬਾਤ ਵਿਚ ਨਹੀਂ ਮਿਲਦੇ। ਫੇਰ ਲੋਕ-ਗੀਤਾਂ ਵਿਚ 'ਖ਼ੂਨੇ-ਜਿਗਰ' ਪੀਣ ਦੇ, ਅਥਵਾ ਮਾਸ਼ੂਕਾਂ ਦੇ ਜ਼ੁਲਮ ਤੇ ਕਹਿਰ ਦੇ ਕਿੱਸੇ ਨਹੀਂ ਸੁਣਾਏ ਜਾਂਦੇ। ਪੰਜਾਬੀਆਂ ਨੂੰ (ਵਧੇਰੇ ਪੰਜਾਬੀਆਂ ਨੂੰ) ਭਾਵੇਂ ਪੀਣ-ਪਿਆਉਣ ਦਾ ਸ਼ੌਕ ਹੈ, ਪਰ ਪੰਜਾਬੀ ਕਵਿਤਾ ਵਿਚ, 'ਮੈਖ਼ਾਨਾ', 'ਸਾਕੀ', 'ਜਾਮ', 'ਅੰਗੂਰੀ ਸ਼ਰਾਬ' ਆਦਿ ਦਾ ਪ੍ਰਾਪੇਗੰਡਾ ਨਹੀਂ ਕੀਤਾ ਜਾਂਦਾ। ਇਵੇਂ ਹੀ ਪੰਜਾਬੀ ਲੋਕ ਭਾਵੇਂ ਗੁਰਦਵਾਰੇ ਜਾਂ ਮੰਦਰ ਜਾਣ ਭਾਵੇਂ ਨਾਂਹ ਜਾਣ, ਪਰ ਪੰਜਾਬੀ ਸਾਹਿੱਤ ਵਿਚ ਆਮ ਕਰ ਕੇ 'ਜ਼ਾਹਿਦ, ਪੰਡਿਤ, ਸ਼ੇਖ਼' ਨੂੰ ਤਾਹਨੇ-ਮੇਹਣੇ ਨਹੀਂ ਦਿੱਤੇ ਜਾਂਦੇ।

ਸਪਸ਼ਟਤਾ, ਸਰਲਤਾ ਤੇ ਸਾਦਗੀ ਪੰਜਾਬੀ ਦਾ ਵਿਰਸਾ ਹਨ। ਪੰਜਾਬੀਆਂ ਨੂੰ ਵਲ-ਫੇਰ ਪਾ ਕੇ ਕੁਝ ਕਹਿਣ ਦੀ ਆਦਤ ਨਹੀਂ। "ਰਾਏ ਸਾਹਿਬ ਕੇ ਦੁਸ਼ਮਨੋਂ ਕੀ ਤਬੀਅਤ ਨਾਸਾਜ਼ ਹੈ" ਕਹਿਣ ਦੀ ਥਾਂ, ਉਹ ਆਖਣਗੇ, "ਰਾਏ ਸਾਹਿਬ ਅੱਜ ਕੁਝ ਢਿੱਲੇ ਨੇ," ਜਾਂ "ਰਾਏ ਸਾਹਿਬ ਦਾ ਜੀਅ ਰਾਜ਼ੀ ਨਹੀਂ" ਜਾਂ "ਰਾਏ ਸਾਹਿਬ ਬੀਮਾਰ ਨੇ" ਅਥਵਾ ਕੋਈ ਹੋਰ ਅਜੇਹਾ ਹੀ ਸਿੱਧਾ ਤੇ ਸਪਸ਼ਟ ਵਾਕ ਵਰਤਣਗੇ, ਪਰ ਉਹ ਰਾਏ ਸਾਹਿਬ ਦੀ ਬੀਮਾਰੀ ਨੂੰ ਉਨ੍ਹਾਂ ਦੇ ਦੁਸ਼ਮਨਾਂ ਦੀ ਮਾਰਫਤ ਪੇਸ਼ ਕਰਨ ਦੇ ਆਦੀ ਨਹੀਂ। ਪੰਜਾਬੀ ਦੇ ਇਸ ਸਪਸ਼ਟਤਾਵਾਦੀ ਸੁਭਾ ਦਾ ਪ੍ਰਭਾਵ ਪੰਜਾਬੀ ਕਵਿਤਾ ਤੇ ਵੀ ਪ੍ਰਤੱਖ ਜਾਪਦਾ ਹੈ। ਇਸ ਵਿਚ ਹਿੰਦੀ ਦੀ ਛਾਇਆਵਾਦੀ ਕਵਿਤਾ ਵਾਂਗ ਭਾਵ ਨੂੰ ਪ੍ਰਤੀਕ ਦੇ ਪਰਦੇ ਵਿਚ ਲੁਕਾ ਕੇ ਪੇਸ਼ ਕਰਨ ਦੀ ਆਦਤ ਘੱਟ ਹੈ। ਇਸ ਸੰਬੰਧ ਵਿਚ, ਕਿਸੇ ਹੱਦ ਤਕ, ਇਹ ਵੀ ਮੰਨਣਾ ਪਵੇਗਾ ਕਿ ਪੰਜਾਬੀ ਕਵਿਤਾ ਵਿਚ ਪ੍ਰਤੀਕ ਦੀ ਰੰਗੀਨੀ ਉਸ ਪੱਧਰ ਤਕ ਨਹੀਂ ਪੁੱਜ ਸਕੀ ਜਿਸ ਦੀ ਇਕ ਉੱਚੇ ਦਰਜੇ ਦੇ ਕਾਵਿ ਤੋਂ ਆਸ ਕੀਤੀ ਜਾਂਦੀ ਹੈ, ਪਰ ਇਸ ਵਿਚ ਸਪਸ਼ਟਤਾ ਦਾ ਮਹਾਨ ਗੁਣ ਹੈ, ਇਸ ਨੂੰ ਸਾਧਾਰਨ ਸੂਝ ਵਾਲਾ ਆਦਮੀ ਸਮਝ ਸਕਦਾ ਹੈ। ਇਹ ਕੇਵਲ ਪੰਡਿਤਾਂ ਤੇ ਪੜਚੋਲੀਆਂ ਲਈ ਰਚਿਆ ਗਿਆ ਸਾਹਿਤ ਨਹੀਂ, ਸਗੋਂ ਸਾਧਾਰਨ ਪਾਠਕਾਂ ਦਾ ਸਾਹਿਤ ਹੈ।

ਪੰਜਾਬੀ ਲੋਕ-ਗੀਤਾਂ ਵਿਚ ਸਦਾਚਾਰ ਦਾ ਆਪਣਾ ਆਦਰਸ਼ ਹੈ। ਇਹ ਲੋਕ-ਕਾਵਿ ਫ਼ਾਰਸੀ-ਉਰਦੂ ਦੀ ਇਸ਼ਕੀਆ ਸ਼ਾਇਰੀ ਅਥਵਾ ਅੰਗ੍ਰੇਜ਼ੀ ਦੀ ਖੁਲ੍ਹੇ ਪਿਆਰ ਸੰਬੰਧੀ ਕਵਿਤਾ ਤੋਂ ਬਿਲਕੁਲ ਵੱਖਰੇ ਢੰਗ ਦਾ ਹੈ। ਇਸ ਵਿਚ ਸੁੱਚੇ, ਪਵਿਤ੍ਰ ਤੇ ਸਮਾਜ-ਪ੍ਰਮਾਣਿਤ ਪਿਆਰ ਦਾ ਵਰਣਨ ਹੈ। ਭੈਣ ਦਾ ਵੀਰ ਲਈ ਪਿਆਰ, ਪਤਨੀ ਦਾ ਪਤੀ ਲਈ ਪ੍ਰੇਮ, ਮਾਂ ਦਾ ਧੀ ਲਈ ਸਨੇਹ, ਪੰਜਾਬੀ ਲੋਕ-ਗੀਤਾਂ ਦੀ ਜਾਨ ਵਿਚ ਰਚਿਆ ਹੋਇਆ ਹੈ। ਕਿਤੇ-ਕਿਤੇ ਮੇਹਣੇ ਤੇ ਸ਼ਿਕਵੇ ਵੀ ਹਨ। ਨੂੰਹ ਦੇ ਸੱਸ ਵਿਰੁੱਧ ਗਿਲੇ, ਨਣਾਨ-ਭਰਜਾਈ ਦੇ ਮਿੱਠੇ ਝਗੜੇ, ਧੀ ਦੇ ਬਾਬਲ ਨੂੰ ਉਲਾਹਮੇਂ—ਇਹ ਪੰਜਾਬੀ ਦੀ ਨਿੱਜੀ ਪਰੰਪਰਾ ਹੈ। ਪਰ ਪੰਜਾਬੀ ਦੀ ਨਵੀਨ ਕਵਿਤਾ ਈਰਾਨੀ ਤੇ ਪੱਛਮੀ ਪ੍ਰਭਾਵ ਤੋਂ ਬਚ ਨਹੀਂ ਸਕੀ। ਇਸ

Sri Satguru Jagjit Singh Ji Elibrary NamdhariElibrary@gmail.com

ਵਿਚ ਵੀ ਪਿਆਰ ਦੇ ਹੌਲੇ ਪੱਖ ਦਾ ਪ੍ਰਵੇਸ਼ ਹੋ ਚੁਕਾ ਹੈ, ਭਾਵੇਂ ਅਭਿਵਿਅੰਜਨਾ ਦੇ ਸਾਧਨ ਅਜੇ ਵੀ, ਵਧੇਰੇ, ਪੰਜਾਬੀ ਦੇ ਨਿੱਜੀ ਸੁਭਾ ਦੇ ਅਨੁਸਾਰ ਹੀ ਹਨ ।

ਇਹ ਹਨ ਪੰਜਾਬੀ ਭਾਸ਼ਾ ਦੇ ਕੁਝ ਕੁ ਸੁਭਾਵਿਕ ਗੁਣ ।

Sri Satguru Jagjit Singh Ji Elibrary NamdhariElibrary@gmail.com

2

# ਪੰਜਾਬੀ ਦੇ ਕੁਝ ਉੱਘੇ ਲੱਛਣ

ਧੁਨੀ-ਵਿਉਂਤ, ਵਿਆਕਰਨ, ਸ਼ਬਦ ਭੰਡਾਰ ਆਦਿ ਦੇ ਪੱਖ ਤੋਂ ਜਾਂਚਿਆਂ ਪੰਜਾਬੀ ਦੇ ਕੁਝ ਉਘੜਵੇਂ ਲੱਛਣ ਨਜ਼ਰ ਪੈਂਦੇ ਹਨ, ਜਿੰਨ੍ਹਾਂ ਬਾਰੇ ਹੇਠਾਂ ਸੰਖੇਪ ਵਿਚ ਲਿਖਿਆ ਗਿਆ ਹੈ, ਅਤੇ ਅਗਲੇ ਅਧਿਆਵਾਂ ਵਿਚ ਥਾਂ-ਸਿਰ ਇੰਨ੍ਹਾਂ ਨੂੰ ਕੁਝ ਵਿਸਤਾਰ ਨਾਲ ਵੀ ਬਿਆਨ ਕੀਤਾ ਗਿਆ ਹੈ।

## ਪੰਜਾਬੀ ਉਚਾਰਨ ਵਿਚ ਸੁਰ ਦੀ ਮਹੱਤਾ

ਸੁਰ ਪੰਜਾਬੀ ਉਚਾਰਨ ਦੀ ਪ੍ਰਮੁਖ ਵਿਸ਼ੇਸ਼ਤਾ ਹੈ। 'ਬਾਹਰ, ਸ਼ਹਿਰ, ਪਹਿਰ, ਬਹਿ, ਰਹਿ, ਚਾਹ, ਰਾਹ' ਆਦਿ ਸ਼ਬਦਾਂ ਵਿਚ ਜਿੱਥੇ ਅਸੀਂ 'ਹਾਹਾ' ਲਿਖਦੇ ਹਾਂ ਉਥੇ 'ਹ' ਦੀ ਧੁਨੀ ਦਾ ਉਚਾਰਨ ਨਹੀਂ ਕਰਦੇ, ਸਿਰਫ ਇਕ ਸਾਹ ਦਾ ਧੱਕਾ ਵੱਜਦਾ ਹੈ, ਜਾਂ ਉਚਾਰਨ ਵਿਚ ਵਿਸ਼ੇਸ਼ ਪ੍ਰਕਾਰ ਦਾ ਵੇਗ ਜਿਹਾ ਆਉਂਦਾ ਹੈ, ਇਸ ਨੂੰ ਸੁਰ ਕਿਹਾ ਜਾਂਦਾ ਹੈ। 'ਬੰਨ੍ਹ, ਰਿੰਨ੍ਹ, ਚੜ੍ਹ' ਆਦਿ ਵਿਚ ਵੀ ਸੁਰ ਉਚਾਰੀ ਜਾਂਦੀ ਹੈ।

'ਨਵ੍ਹਾਇਆ, ਚੜ੍ਹਾਇਆ, ਸੰਭਾਲ, ਸੰਧੂਰ' ਆਦਿ ਸ਼ਬਦਾਂ ਵਿਚ ਵੀ ਸੁਰ ਬੋਲਦੀ ਹੈ, ਜਿਸ ਦਾ ਰੂਪ ਉੱਤੇ ਦਿੱਤੇ ਗਏ 'ਬਾਹਰ, ਪਹਿਰ, ਚਾਹ, ਰਹਿ' ਆਦਿ ਦੀ ਸੁਰ ਨਾਲੋਂ ਵੱਖਰਾ ਹੈ। 'ਘ, ਝ, ਢ, ਧ, ਭ' ਨਾਲ ਆਰੰਭ ਹੋਣ ਵਾਲੇ ਪੰਜਾਬੀ ਸ਼ਬਦਾਂ ਵਿਚ ਵੀ ਏਸੇ ਦੂਜੀ ਸ਼੍ਰੇਣੀ ਦੀ ਸੁਰ ਆਉਂਦੀ ਹੈ।

ਭਾਰਤੀ-ਆਰੀਆ-ਭਾਸ਼ਵਾਂ ਵਿਚੋਂ ਕਿਸੇ ਹੋਰ ਮੁਖ ਭਾਸ਼ਾ ਵਿਚ ਸੁਰ ਦੀ ਹੋਂਦ ਨਹੀਂ ਮਿਲਦੀ। ਇਸ ਕਰਕੇ ਸੁਰ ਪੰਜਾਬੀ ਦਾ ਇਕ ਵਿਲਖਣ ਗੁਣ ਗਿਣਿਆ ਜਾਂਦਾ ਹੈ।

'ਉਚਾਰਨ' ਸੰਬੰਧੀ ਅਧਿਆਇ ਵਿਚ ਸੁਰ ਬਾਰੇ ਕੁਝ ਵਿਸਤਾਰ ਨਾਲ ਲਿਖਿਆ ਗਿਆ ਹੈ।

## ਹ੍ਰਸਵ ਸੁਰਾਂ ਲਈ ਅਰੁਚੀ

ਪੰਜਾਬੀ ਉਚਾਰਨ ਵਿਚ ਹ੍ਰਸਵ ਸੁਰ ਬਹੁਤ ਘੱਟ ਉਚਾਰੇ ਜਾਂਦੇ ਹਨ। ਪੁਰਾਣੀ ਪੰਜਾਬੀ (ਜਿਵੇਂ ਗੁਰਬਾਣੀ ਦੀ ਭਾਸ਼ਾ) ਵਿਚ ਸ਼ਬਦਾਂ ਦੇ ਅੰਤ ਵਿਚ ਹ੍ਰਸਵ ਸੁਰ ਆਮ ਵਰਤੇ ਜਾਂਦੇ ਸਨ ਤੇ ਇਨ੍ਹਾਂ ਦਾ ਵਿਆਕਰਨਿਕ ਕਰਤੱਵ (function) ਹੁੰਦਾ ਸੀ, ਪਰ ਅਜੋਕੀ ਪੰਜਾਬੀ ਵਿਚ ਅੰਤਿਮ ਹ੍ਰਸਵ ਸੁਰ ਬਿਲਕੁਲ ਸਮਾਪਤ ਹੋ ਚੁਕੇ ਹਨ। ਸ਼ਬਦਾਂ ਦੇ ਵਿਚਾਲੇ ਵੀ ਹ੍ਰਸਵ ਸੁਰਾਂ ਲਈ ਬਹੁਤ ਘੱਟ ਅਵਸਰ ਹੈ।

ਹ੍ਰਸਵ ਸੁਰਾਂ ਵਿਚੋਂ ਇ (ਸਿਹਾਰੀ) ਤੇ ਉ (ਔਂਕੜ) ਦੀ ਵਰਤੋਂ-ਮਾਤ੍ਰਾ (frequency) ਤਾਂ ਖ਼ਾਸ ਕਰ ਬਹੁਤ ਘਟੀ ਹੈ। ਗੁਰੂ ਨਾਨਕ ਦੇਵ ਜੀ ਦੇ ਸ਼ਬਦ 'ਉਜਲੁ ਕੈਹਾ ਚਿਲਕਣਾ...' ਵਿਚ ਕੁਲ 95 ਸ਼ਬਦ (ਲਫ਼ਜ਼) ਹਨ ਜਿੰਨ੍ਹਾਂ ਵਿਚ 'ਇ' 34 ਵਾਰ ਆਇਆ ਹੈ, ਤੇ 'ਉ' 25 ਵਾਰ ਵਰਤਿਆ ਗਿਆ ਹੈ। ਇਸ ਦੇ ਮੁਕਾਬਲੇ ਪ੍ਰੋਫੈਸਰ ਸਾਹਿਬ ਸਿੰਘ

Sri Satguru Jagjit Singh Ji Elibrary NamdhariElibrary@gmail.com

ਦੇ ਗੁਰਬਾਣੀ ਵਿਆਕਰਨ ਦੀ ਭੂਮਿਕਾ ਦੇ 100 ਸ਼ਬਦਾਂ ਵਿਚ ਇ ਦੀ ਵਰਤੋਂ 27 ਵਾਰ ਹੋਈ ਹੈ, ਤੇ ਉ ਦੀ ਸਿਰਫ਼ 12 ਵਾਰ।

**'ਐ' ਤੇ 'ਔ'**

ਇਹ ਦੋਵੇਂ ਸੁਰ ਪੰਜਾਬੀ ਵਿਚ ਬਹੁਤ ਘੱਟ ਵਰਤੇ ਜਾ ਰਹੇ ਹਨ। 'ਐ' ਪੁਰਾਣੀ ਪੰਜਾਬੀ ਵਿਚ ਅਜ ਦੇ ਮੁਕਾਬਲੇ ਬਹੁਤ ਜ਼ਿਆਦਾ ਵਿਆਪਕਤਾ ਨਾਲ ਉਚਾਰਿਆ ਜਾਂਦਾ ਸੀ। ਉੱਤੇ ਦਿੱਤੀਆਂ ਗਈਆਂ ਲਿਖਤਾਂ ਦਾ ਟਾਕਰਾ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਵਿਚ ਐ ਦਸ ਵਾਰ ਆਇਆ ਹੈ ਤੇ ਪ੍ਰੋ: ਸਾਹਿਬ ਸਿੰਘ ਦੀ ਲਿਖਤ ਵਿਚ ਕੁਲ ਛੇ ਵਾਰ, ਜਿਨ੍ਹਾਂ ਵਿਚੋਂ ਤਿੰਨ ਵਾਰੀ ਸ਼ਬਦ 'ਹੈ' ਨਾਲ ਜੋ ਬੋਲ ਚਾਲ ਵਿਚ ਵਰਤਿਆ ਹੀ ਨਹੀਂ ਜਾਂਦਾ। ਇਸ ਦੇ ਉਲਟ ਔ ਦੀ ਵਰਤੋਂ ਪੁਰਾਣੀ ਪੰਜਾਬੀ ਨਾਲੋਂ ਕੁਝ ਵਧੀ ਹੈ, ਪਰ ਅਜੇ ਵੀ ਮਾਮੂਲੀ ਹੈ; ਪ੍ਰੋ. ਸਾਹਿਬ ਸਿੰਘ ਦੇ ਸੌ ਸ਼ਬਦਾਂ ਵਿਚ ਇਹ ਕੇਵਲ ਇਕ ਵਾਰੀ ਆਇਆ ਹੈ, ਤੇ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਬਿਲਕੁਲ ਨਹੀਂ ਵਰਤਿਆ ਗਿਆ।

**ਸੁਰ-ਲੜੀਆਂ**

ਪੰਜਾਬੀ ਵਿਚ ਚਾਰ-ਚਾਰ ਪੰਜ-ਪੰਜ ਸੁਰ ਇਕੱਠੇ ਆਮ ਮਿਲਦੇ ਹਨ। ਅਜੇਹੀਆਂ ਸੁਰ-ਲੜੀਆਂ ਵਧੇਰੇ ਕ੍ਰਿਆਵਾਂ ਦੇ ਅੰਤ ਵਿਚ ਆਉਂਦੀਆਂ ਹਨ, ਜਿਵੇਂ 'ਖੁਆਈਆਂ ਧੁਆਇਆ, ਆਇਆਈ, ਧੁਆਈਆਂਈ, ਲਿਆਇਆਂਈਂ ਆਦਿ ਵਿਚ। ਪਰ ਸੰਧੀ ਨਾਲ ਵੱਧ ਤੋਂ ਵੱਧ ਦੁਸੰਧੀ ਸੁਰ (diphthong) ਹੀ ਬਣਦੇ ਹਨ, ਤ੍ਰੈਸੰਧੀ ਤੇ ਚੁਸੰਧੀ ਸੁਰ ਪੰਜਾਬੀ ਵਿਚ ਨਹੀਂ ਉਚਾਰੇ ਜਾਂਦੇ।

**ਲਿੰਗ, ਵਚਨ ਸੰਬੰਧੀ ਨਿਯਮ**

ਪੰਜਾਬੀ ਵਿਆਕਰਨ ਦੀ ਇਕ ਉੱਘੀ ਵਿਸ਼ੇਸ਼ਤਾ ਇਸ ਦੇ ਲਿੰਗ, ਵਚਨ ਸੰਬੰਧੀ ਨਿਯਮ ਹਨ।

ਕਾਲਾ ਘੋੜਾ ਚਰਦਾ ਸੀ
ਕਾਲੀ ਘੋੜੀ ਚਰਦੀ ਸੀ
ਕਾਲੇ ਘੋੜੇ ਚਰਦੇ ਸਨ
ਕਾਲੀਆਂ ਘੋੜੀਆਂ ਚਰਦੀਆਂ ਸਨ

ਇਨ੍ਹਾਂ ਵਾਕਾਂ ਵਿਚ ਨਾਂਵ, ਵਿਸ਼ੇਸ਼ਣ, ਕ੍ਰਿਆ ਸਭ ਦਾ ਰੂਪ ਲਿੰਗ, ਵਚਨ ਅਨੁਸਾਰ ਬਦਲਦਾ ਜਾਂਦਾ ਹੈ। ਜਿਸ ਦਾ ਭਾਵ ਇਹ ਹੈ ਕਿ ਭਾਸ਼ਾ ਵਿਚ ਲਿੰਗ ਤੇ ਵਚਨ ਸੰਬੰਧੀ ਸੂਚਨਾ ਨੂੰ ਬੜੀ ਮਹੱਤਾ ਦਿੱਤੀ ਜਾਂਦੀ ਹੈ, ਵਾਕ ਦੇ ਹਰ ਉੱਘੇ ਸ਼ਬਦ ਵਿਚ ਲਿੰਗ-ਵਚਨ-ਦਰਸਾਊ ਚਿੰਨ੍ਹ ਲਾਏ ਜਾਂਦੇ ਹਨ। ਕੁਝ ਨਾਂਵਾਂ (ਹੱਥ, ਛੱਤ. ਡੱਡੂ ਆਦਿ), ਤੇ ਥੋੜ੍ਹੇ ਜਹੇ ਵਿਸ਼ੇਸ਼ਣਾਂ (ਲਾਲ, ਮੂਰਖ, ਸੁੰਦਰ ਆਦਿ) ਦੇ ਰੂਪ ਤੋਂ ਲਿੰਗ-ਵਚਨ ਦਾ ਸੰਕੇਤ ਨਹੀਂ ਮਿਲਦਾ, ਪਰ ਕ੍ਰਿਆ ਵਿਚ (ਆਗਿਆ ਬੋਧਕ ਤੇ ਸੰਭਾਵਨਾ ਬੋਧਕ ਕ੍ਰਿਆਵਾਂ ਨੂੰ ਛਡ ਕੇ) ਲਿੰਗ, ਵਚਨ ਦਾ ਚਿੰਨ੍ਹ ਅਵਸ਼ ਹੁੰਦਾ ਹੈ।

ਪਰ ਇਸ ਦੇ ਉਲਟ ਪੜਨਾਂਵਾਂ (ਮੈਂ, ਤੂੰ, ਅਸੀਂ, ਤੁਸੀਂ, ਉਹ) ਵਿਚ ਲਿੰਗ-ਭੇਦ ਨਹੀਂ ਮਿਲਦਾ।

Sri Satguru Jagjit Singh Ji Elibrary NamdhariElibrary@gmail.com

### ਸ਼ਬਦ-ਰਚਨਾ

ਸ਼ਬਦ-ਰਚਨਾ ਲਈ ਪੰਜਾਬੀ ਵਧੇਰੇ ਅਗੇਤਰਾਂ, ਪਿਛੇਤਰਾਂ, ਖ਼ਾਸ ਕਰ ਪਿਛੇਤਰਾਂ ਦੀ ਵਰਤੋਂ ਕਰਦੀ ਹੈ। ਕੁਝ ਸਮਾਸੀ ਸ਼ਬਦ ਵੀ ਹਨ। ਪਰ ਪੰਜਾਬੀ ਦੀ ਵਧੇਰੇ ਰੁਚੀ ਪਿਛੇਤਰਾਂ ਵਲ ਹੀ ਹੈ। ਕ੍ਰਿਆ-ਮੂਲ 'ਲਿਖ' ਤੋਂ 'ਲਿਖਾਂ, ਲਿਖਾਂਗਾ, ਲਿਖਾਂਗੀਆਂ, ਲਿਖਿਆ, ਲਿਖਾਇਆ, ਲਿਖਾਉਣ' ਆਦਿ ਕਈ ਰੂਪ ਪਿਛੇਤਰ ਲਾ ਲਾ ਕੇ ਹੀ ਬਣਾਏ ਗਏ ਹਨ। ਪੰਜਾਬੀ ਸ਼ਬਦ ਇਕ-ਮਾਤ੍ਰਿਕ (monosyllabic) ਤੋਂ ਪੰਜ-ਮਾਤ੍ਰਿਕ ਲੰਮਾਈ ਵਾਲੇ ਹਨ। ਸਭ ਤੋਂ ਵਧੇਰੇ ਗਿਣਤੀ ਦੋਮਾਤ੍ਰਿਕ ਸ਼ਬਦਾਂ ਦੀ ਹੈ, ਪੰਜ-ਮਾਤ੍ਰਿਕ ਬਹੁਤ ਥੋੜ੍ਹੇ ਹਨ।

### ਸ਼ਬਦ-ਰੂਪ

ਜਿਵੇਂ ਉਤੇ ਦਸਿਆ ਗਿਆ ਹੈ, ਪੰਜਾਬੀ ਦੇ ਅਧਿਕਤਰ ਸ਼ਬਦਾਂ ਦੇ ਰੂਪ ਤੋਂ ਉਨ੍ਹਾਂ ਦੇ ਲਿੰਗ, ਵਚਨ ਦਾ ਪਤਾ ਲਗ ਜਾਂਦਾ ਹੈ। ਪਰ ਪੰਜਾਬੀ ਸ਼ਬਦਾਂ ਦੇ ਰੂਪ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਕੋਈ ਸ਼ਬਦ ਕਿਹੜੀ ਵਿਆਕਰਨਿਕ ਸ਼੍ਰੇਣੀ (part of speech) ਦਾ ਹੈ।-ਆ (ਕੰਨਾ) ਅੰਤਿਕ ਸ਼ਬਦ ਨਾਂਵ, ਵਿਸ਼ੇਸ਼ਣ, ਕ੍ਰਿਆ ਕੁਝ ਵੀ ਹੋ ਸਕਦਾ ਹੈ। ਸੋ ਪੰਜਾਬੀ ਵਿਚ ਜੋ ਮਹੱਤਾ ਲਿੰਗ, ਵਚਨ ਦੀ ਹੈ, ਉਹ ਵਿਆਕਰਨਿਕ ਸ਼੍ਰੇਣੀਆਂ ਸੰਬੰਧੀ ਵੰਡ ਦੀ ਨਹੀਂ।

### ਸੰਜੋਗਾਤਮਕਤਾ

ਪੰਜਾਬੀ ਗੁਆਂਢੀ ਭਾਸ਼ਾਵਾਂ ਹਿੰਦੀ, ਰਾਜਸਥਾਨੀ ਆਦਿ ਨਾਲੋਂ ਵਧੇਰੇ ਸੰਜੋਗਾਤਮਕ ਹੈ। ਇਸ ਦਾ ਭਾਵ ਇਹ ਹੈ ਕਿ ਹਿੰਦੀ ਆਦਿ ਵਿਚ ਜਿਹੜੀ ਭਾਸ਼ਾਈ ਸੂਚਨਾ ਵੱਖਰੇ ਸ਼ਬਦ ਨਾਲ ਦਿੱਤੀ ਜਾਂਦੀ ਹੈ, ਉਹ ਪੰਜਾਬੀ ਵਿਚ ਪਿਛੇਤਰ ਆਦਿ ਨਾਲ ਦਿੱਤੀ ਜਾ ਸਕਦੀ ਹੈ। ਸ਼ਬਦ 'ਘਰ' ਨਾਲ ਪਿਛੇਤਰ ਲਾ ਕੇ 'ਘਰੋਂ' ਬਣਾ ਦਿੱਤਾ, ਪਰ ਹਿੰਦੀ ਨੂੰ ਇਸ ਭਾਸ਼ਾਈ ਸੂਚਨਾ ਲਈ ਇਕ ਹੋਰ ਸ਼ਬਦ ਵਰਤਣਾ ਪੈਂਦਾ ਹੈ, 'ਘਰ ਸੇ' ਜਾਂ 'ਘਰ ਮੇਂ ਸੇ' ਕਹਿਣ ਨਾਲ ਉਹ ਅਰਥ ਬਣਨੇ ਹਨ, ਜਿਹੜੇ 'ਘਰੋਂ' ਦੇ ਹਨ।

(ਵਧੇਰੇ ਜਾਣਕਾਰੀ ਲਈ ਵੇਖੋ ਅਧਿਆਇ 'ਪੰਜਾਬੀ ਦੀ ਵਾਕ ਬਣਤਰ')।

### ਪੰਜਾਬੀ ਸ਼ਬਦਾਵਲੀ

ਮੁੱਢਲੀ ਸ਼ਬਦਾਵਲੀ (basic vocabulary) ਦੇ ਪੱਖ ਤੋਂ ਪੰਜਾਬੀ ਦਾ ਭੰਡਾਰ ਭਰਪੂਰ ਹੈ। ਵਾਹੀ-ਜੋਤੀ, ਕਿੱਤਿਆਂ, ਕਿਰਤਾਂ, ਰੀਤਾਂ-ਰਵਾਜਾਂ ਤੇ ਧਰਮ ਸੰਬੰਧੀ ਸ਼ਬਦਾਵਲੀ ਵਿਚ ਪੰਜਾਬੀ ਕਿਸੇ ਵੀ ਵਿਕਸਿਤ ਭਾਸ਼ਾ ਤੋਂ ਪਿਛੇ ਨਹੀਂ ਹੋਵੇਗੀ। ਪਰ ਆਧੁਨਿਕ ਜੁਗ ਦੀਆਂ ਲੋੜਾਂ ਲਈ ਪੰਜਾਬੀ ਨੂੰ ਹੋਰ ਅਨੇਕਾਂ ਸ਼ਬਦ ਚਾਹੀਦੇ ਹਨ।

ਭਾਰਤੀ-ਆਰੀਆ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਮੁਖ ਸੋਮਾ ਸੰਸਕ੍ਰਿਤ ਹੈ, ਇਸ ਲਈ ਸਾਰੀਆਂ ਭਾਸ਼ਵਾਂ ਦੀ ਮੁੱਢਲੀ ਸ਼ਬਦਾਵਲੀ ਕਾਫ਼ੀ ਮਿਲਦੀ ਜੁਲਦੀ ਹੈ। ਪਰ ਪੰਜਾਬੀ ਦੇ ਅਨੇਕਾਂ ਸ਼ਬਦ ਅਜੇਹੇ ਹਨ ਜਿੰਨ੍ਹਾਂ ਦੇ ਰੂਪ ਦੂਜੀਆਂ ਭਾਸ਼ਾਵਾਂ ਦੇ ਸਾਰੇ ਸ਼ਬਦਾਂ ਨਾਲੋਂ ਬਿਲਕੁਲ ਵਖਰੇ ਹਨ (ਵੇਖੋ 'ਸ਼ਬਦਾਵਲੀ ਤੇ ਸ਼ਬਦ ਰੂਪ' ਵਾਲਾ ਅਧਿਆਇ)।

ਪੰਜਾਬੀ ਦੇ ਸ਼ਬਦ ਭੰਡਾਰ ਵਿਚ ਅਰਬੀ-ਫ਼ਾਰਸੀ ਮੂਲ ਦੇ ਸ਼ਬਦ ਦੂਜੀਆਂ ਭਾਰਤੀ ਭਾਸ਼ਾਵਾਂ ਨਾਲੋਂ ਵਧੇਰੇ ਹਨ। 'ਮੁੰਡਾ ਭਾਸ਼ਾਵਾਂ' ਵਿੱਚੋਂ ਆਏ ਸ਼ਬਦ ਵੀ ਪੰਜਾਬੀ ਵਿਚ ਚੋਖੇ ਹਨ।

Sri Satguru Jagjit Singh Ji Elibrary NamdhariElibrary@gmail.com

3

# ਪੰਜਾਬੀ ਦੀ ਪਛਾਣ ਲਈ ਪ੍ਰਮੁੱਖ ਚਿੰਨ੍ਹ

ਪੰਜਾਬੀ ਵਿਆਕਰਨ ਦੀਆਂ ਬਾਰੀਕੀਆਂ ਦੀ ਪੜਤਾਲ ਕਰਨ ਤੋਂ ਪਹਿਲਾਂ ਇਸ ਭਾਸ਼ਾ ਦੇ ਕੁਝ ਅਜੇਹੇ ਲੱਛਣਾਂ ਦਾ ਵਰਣਨ ਕਰਨਾ ਉਚਿਤ ਹੋਵੇਗਾ, ਜਿਨ੍ਹਾਂ ਦੇ ਆਧਾਰ ਤੇ ਇਸ ਨੂੰ ਗੁਆਂਢੀ ਭਾਸ਼ਾਵਾਂ ਨਾਲੋਂ ਨਖੇੜਿਆ ਜਾ ਸਕਦਾ ਹੈ। ਸਾਧਾਰਨ ਸੂਝ ਵਾਲਾ ਮਨੁੱਖ ਵੀ ਪੰਜਾਬੀ ਦੇ ਇਨ੍ਹਾਂ ਗੁਣਾਂ ਨੂੰ ਤਾੜ ਜਾਂਦਾ ਹੈ। ਇਹ ਪੰਜਾਬੀ ਦੇ ਪ੍ਰਮੁਖ ਪਛਾਣ-ਚਿੰਨ੍ਹ (identification marks) ਹਨ। ਕਿਸੇ ਮਨੁੱਖ ਦੀ ਸਰੀਰਕ ਬਣਾਵਟ ਦਾ ਵਿਸਤਾਰ ਪੂਰਵਕ ਵਰਣਨ ਤਾਂ ਕੋਈ ਵਿਸ਼ੇਸ਼ੱਗ ਹੀ ਕਰ ਸਕਦਾ ਹੈ, ਪਰ ਮੋਟੇ ਨਕਸ਼ਾਂ ਦੇ ਆਧਾਰ ਤੇ ਉਸ ਦੀ ਪਛਾਣ ਹਰ ਵੇਖਣ ਵਾਲਾ ਕਰ ਲੈਂਦਾ ਹੈ। ਹੇਠਾਂ ਪੰਜਾਬੀ ਦੇ ਮੋਟੇ ਨਕਸ਼ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਸਹਾਰੇ ਆਮ ਬੋਲਣ-ਸੁਣਨ ਵਾਲੇ ਇਸ ਭਾਸ਼ਾ ਨੂੰ ਪਛਾਣ ਸਕਦੇ ਹਨ।

ਪੰਜਾਬੀ ਦੀ ਪਛਾਣ ਦਾ ਸਭ ਤੋਂ ਵੱਡਾ ਤੇ ਨਿਖਰਵਾਂ ਚਿੰਨ੍ਹ ਇਸ ਦਾ ਵਰਤਮਾਨ ਕ੍ਰਿਦੰਤ ਹੈ, ਜਿਸ ਦੇ ਅੰਤ ਵਿਚ /-ਦਾ/ ਆਉਂਦਾ ਹੈ, ਜਿਵੇਂ /ਕਰਦਾ/, /ਜਾਂਦਾ/,ਪੀਂਦਾ/, ਆਦਿ ਵਿਚ। ਅਧਿਕਤਰ ਨਵੀਨ ਭਾਰਤੀ ਭਾਸ਼ਾਵਾਂ ਵਿਚ ਇਸ ਕ੍ਰਿਦੰਤ ਦੀ ਪ੍ਰਮੁਖ ਧੁਨੀ /ਤ/ ਹੈ, ਜਿਵੇਂ /ਕਰਤਾ/, /ਜਾਤਾ/, /ਪੀਤਾ/ (ਖੜੀ ਬੋਲੀ); /ਕਰਤੋ/, /ਜਾਤੋ/, /ਪੀਤੋ/, (ਰਾਜਸਥਾਨੀ); /ਕਰਤ/, /ਜਾਤ/, /ਪੀਤ/, (ਮਰਾਠੀ, ਬ੍ਰਜ ਭਾਖ਼ਾ ਤੇ ਬੁੰਦੇਲੀ; /ਕਰਿਤੇ/; /ਜਾਇਤੇ/, /ਖਾਇਤੇ/ (ਬੰਗਲਾ), ਆਦਿ।

ਜੇ ਪੰਜਾਬੀ ਨੂੰ ਪੱਛਮੀ ਹਿੰਦੀ[1] ਤੇ ਰਾਜਸਥਾਨੀ ਤੋਂ ਨਿਖੇੜਨ ਵਾਲੀ ਕੋਈ ਸੀਮਾ-ਰੇਖਾ ਖਿੱਚਣੀ ਹੋਵੇ ਤਾਂ ਵਰਤਮਾਨ ਕ੍ਰਿਦੰਤ ਸਭ ਤੋਂ ਸੁਖਾਲਾ ਤੇ ਯਕੀਨੀ ਸਾਧਨ ਹੋਵੇਗਾ। ਜਿਥੇ /ਦ/ ਵਾਲਾ ਕ੍ਰਿਦੰਤ ਸਮਾਪਤ ਹੋਵੇ ਅਤੇ /ਤ/ ਵਾਲਾ ਕ੍ਰਿਦੰਤ ਆਰੰਭ ਹੋ ਜਾਵੇ, ਉਥੇ ਪੰਜਾਬੀ ਦਾ ਸਾਮਰਾਜ ਮੁੱਕਦਾ ਤੇ ਹਿੰਦੀ-ਰਾਜਸਥਾਨੀ ਦਾ ਖੇਤ੍ਰ ਸ਼ੁਰੂ ਹੁੰਦਾ ਹੈ।

ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ /ਦਾ/ ਵਾਲਾ ਕ੍ਰਿਦੰਤ ਹੀ ਹੈ। ਰੂਪ-ਬਣਤਰ ਵਿਚ ਥੋੜ੍ਹਾ ਬਹੁਤ ਅੰਤਰ ਹੋ ਸਕਦਾ ਹੈ, ਜਿਵੇਂ ਮੁਲਤਾਨੀ ਵਿਚ ਉਤੇ ਦਿੱਤੇ ਕ੍ਰਿਦੰਤਾਂ ਦੇ ਰੂਪ ਕ੍ਰਮਵਾਰ, /ਕਰੇਂਦਾ/, /ਵੈਂਦਾ/, /ਪੀਂਦਾ/ ਹਨ ਅਤੇ ਡੋਗਰੀ ਵਿਚ /ਕਰਾਦਾ/, /ਜਾਂਵਾਦਾ/, /ਪੀਵਾਦਾ/ ਆਦਿ।

ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਸੰਬੰਧ ਕਾਰਕ ਦੇ ਸੰਬੰਧਕ (post position of genitive) ਵਿਚ ਵੀ ਪ੍ਰਮੁਖ ਧੁਨੀ /ਦ/ ਹੈ। ਇਸ ਸੰਬੰਧਕ ਦੇ ਰੂਪ :

1. ਪੱਛਮੀ ਹਿੰਦੀ ਦੀ ਉਪਭਾਸ਼ਾ ਬਾਂਗਰੂ ਦੇ ਪੰਜਾਬੀ ਨਾਲ ਲਗਦੇ ਕਿਸੇ-ਕਿਸੇ ਖੇਤਰ ਵਿਚ ਵੀ /-ਦਾ/ ਵਾਲਾ ਕ੍ਰਿਦੰਤ ਬੋਲਿਆ ਜਾਂਦਾ ਹੈ, ਜੋ ਨਿਰਸੰਦੇਹ ਹੀ ਪੰਜਾਬੀ ਦੇ ਪ੍ਰਭਾਵ ਕਰਕੇ ਹੈ।

Sri Satguru Jagjit Singh Ji Elibrary NamdhariElibrary@gmail.com

/ਦਾ/ (ਇਕਵਚਨ ਪੁਲਿੰਗ), /ਦੇ/ (ਬ. ਵ. ਪੁ.), /ਦੀ/ (ਇ. ਵ. ਇ. ਲਿੰਗ.), /ਦੀਆਂ/ (ਬ. ਵ. ਇ. ਲਿੰ.) ਹਨ, ਤਥਾ ਤਿਰਛਾ ਰੂਪ-/ਦਿਆ/, /ਦਿਓ/, /ਦੀਏ/, /ਦੀਓ/, /ਦਿਆਂ/ ਆਦਿ ਹਨ ।

ਲਾਗੇ ਦੀਆਂ ਭਾਰਤੀ ਭਾਸ਼ਾਵਾਂ ਵਿਚ ਇਸ ਸੰਬੰਧਕ ਦੀ ਵਿਸ਼ਿਸ਼ਟ ਧੁਨੀ /ਕ/ ਹੈ, ਜਿਵੇਂ /ਕਾ/, /ਕੇ/, /ਕੀ/ (ਖੜੀ ਬੋਲੀ ਤੇ ਬਾਂਗਰੂ); /ਕੋ/ ਜਾਂ /ਕੋ/ (ਰਾਜਸਥਾਨੀ ਤੇ ਬ੍ਰਜਭਾਸ਼ਾ) । ਸਿੰਧੀ ਤੋਂ ਬਿਨਾਂ ਇਹ ਸੰਬੰਧਕ ਹੋਰ ਕਿਸੇ ਭਾਸ਼ਾ ਵਿਚ /ਦ/ ਨਾਲ ਨਹੀਂ ਬਣਦਾ, ਪਰੰਤੂ ਸਿੰਧੀ ਵਿਚ ਵੀ ਇਸ ਦਾ ਵਾਸਤਵਿਕ ਰੂਪ /ਡ/ ਧੁਨੀ ਵਾਲਾ ਹੈ । /ਦ/ ਵਾਲਾ ਰੂਪ ਪੰਜਾਬੀ ਦੀ ਹੀ ਵਿਸ਼ੇਸ਼ਤਾ ਹੈ ।

ਪੰਜਾਬੀ ਦੀ ਪਛਾਣ ਲਈ ਇਕ ਹੋਰ ਪ੍ਰਸਿੱਧ ਚਿੰਨ੍ਹ ਪ੍ਰਥਮ ਪੁਰਖ (first person) ਤੇ ਦੂਤੀ ਪੁਰਖ[1] (second person) ਦੇ ਬਹੁਵਚਨ ਰੂਪ ਹਨ । ਪੰਜਾਬੀ ਵਿਚ ਇਨ੍ਹਾਂ ਦੋਹਾਂ ਪੜਨਾਵਾਂ ਦੀ ਵਿਸ਼ਿਸ਼ਟ ਧੁਨੀ /ਸ/ ਹੈ—/ਅਸੀਂ/, /ਤੁਸੀਂ/, ਜਦੋਂ ਬਾਕੀ ਸਾਰੀਆਂ ਭਾਸ਼ਾਵਾਂ ਦੇ ਪੜਨਾਂਵਾਂ ਵਿਚ ਪ੍ਰਸਿਧ ਧੁਨੀ /ਮ/ ਹੈ—'ਹਮ, ਤੁਮ' (ਹਿੰਦੀ) 'ਅੰਮ੍ਹੀ, ਤੁਮ੍ਹ' (ਮਰਾਠੀ) ; 'ਅਮੇਂ', ਤੁਮੇਂ', (ਗੁਜਰਾਤੀ) ; 'ਆਮਰਾ, ਤੁਮਰਾ' (ਬੰਗਲਾ) ਕੇਵਲ ਸਿੰਧੀ ਵਿਚ 'ਅਸੀਂ' ਮਿਲਦਾ ਹੈ ।

ਇਹ /ਸ/ ਵਾਲਾ ਰੂਪ ਵੀ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਮੌਜੂਦ ਹੈ । ਸੁਰਾਂ ਦਾ ਮਾਮੂਲੀ ਫਰਕ ਹੈ, ਜਿਵੇਂ ਮੁਲਤਾਨੀ (ਲਹਿੰਦੀ) ਵਿਚ 'ਅਸਾਂ, ਤੁਸਾਂ' ਅਤੇ ਡੋਗਰੀ ਦੀਆਂ ਬੋਲੀਆਂ ਵਿਚ 'ਅਸ, ਤੁਸ' ਅਥਵਾ 'ਅਸੇਂ', 'ਤੁਸੇਂ' ਆਦਿ ਸਾਧਾਰਨ ਰੂਪ (direct forms) ਹਨ : ਕੁਝ ਕਾਰਕਾਂ ਵਿਚ ਤਿਰਛੇ ਰੂਪ ਵਰਤੇ ਜਾਂਦੇ ਹਨ ।

ਪੰਜਾਬੀ ਦੀ ਇਕ ਹੋਰ ਉੱਘੀ ਵਿਸ਼ੇਸ਼ਤਾ ਇਸ ਦੇ ਇਕ-ਮਾਤ੍ਰਿਕ, ਦੀਰਘ-ਵਿਅੰਜਨਾਂਤ (monosyllabic words ending in long consonants) ਸ਼ਬਦ /ਹੱਥ/, /ਕੰਮ/, /ਚੰਮ/, /ਸੱਤ/, /ਅੱਠ/ ਆਦਿ ਹਨ । ਇਨ੍ਹਾਂ ਸ਼ਬਦਾਂ ਦਾ ਉਚਾਰਨ ਬਾਕੀ ਸਾਰੀਆਂ ਭਾਸ਼ਾਵਾਂ ਵਿਚ ਅੱਧਿਕ ਦੀ ਥਾਂ ਕੰਨਾਂ ਲਾ ਕੇ ਹੁੰਦਾ ਹੈ : /ਹਾਥ/, /ਕਾਮ/, /ਚਾਮ/, /ਸਾਤ/, /ਆਠ/ ਆਦਿ । ਇਥੇ ਵੀ ਸਿੰਧੀ ਉਚਾਰਨ ਪੰਜਾਬੀ ਨਾਲ ਮਿਲਦਾ ਹੈ । ਬਾਕੀ ਭਾਸ਼ਾਵਾਂ ਦਾ ਉਚਾਰਨ ਦੀਰਘ ਸੁਰ ਵਾਲਾ (ਹਾਥ, ਕਾਮ) ਆਦਿ ਹੈ । ਇਨ੍ਹਾਂ ਸ਼ਬਦਾਂ ਦਾ ਵਿਕਾਸ ਸੰਸਕ੍ਰਿਤ ਦੇ ਹਸਤ, ਕਰਮ, ਚਰਮ, ਸਪਤ, ਅਸ਼ਟ ਆਦਿ ਸ਼ਬਦਾਂ ਤੋਂ ਹੋਇਆ ਹੈ । ਸੰਸਕ੍ਰਿਤ ਵਿਚ ਇਨ੍ਹਾਂ ਸ਼ਬਦਾਂ ਵਿਚ ਸੰਯੁਕਤ ਵਿਅੰਜਨ (conjunct consonants) ਲਗਦੇ ਸਨ । ਪਰ ਪਾਲੀ ਦੇ ਸਮੇਂ ਤੋਂ ਹੀ ਇਨ੍ਹਾਂ ਦਾ ਪੰਜਾਬੀ ਵਾਲਾ ਰੂਪ ਬਣਨਾ ਆਰੰਭ ਹੋ ਗਿਆ ਸੀ । ਪਾਲੀ ਗ੍ਰੰਥਾਂ ਵਿਚ ਸੰਸਕ੍ਰਿਤ ਸ਼ਬਦ ਧਰਮ' ਦਾ ਰੂਪ 'ਧੱਮ' ਹੀ ਮਿਲਦਾ ਹੈ । ਪਿਛਲੀਆਂ ਪ੍ਰਾਕ੍ਰਿਤਾਂ ਵਿਚ ਤਾਂ ਅਜੇਹਾ ਪੰਜਾਬੀ ਰੂਪ ਪੂਰੀ ਤਰ੍ਹਾਂ

1. ਪ੍ਰਥਮ ਪੁਰਖ, ਦੂਤੀ ਪੁਰਖ ਅੰਗਰੇਜ਼ੀ ਵਿਆਕਰਨ ਦੇ first person, second person ਅਨੁਸਾਰ ਹਨ, ਸੰਸਕ੍ਰਿਤ ਵਾਂਗ ਨਹੀਂ ।

Sri Satguru Jagjit Singh Ji Elibrary NamdhariElibrary@gmail.com

ਸਥਿਰ ਹੋ ਚੁਕਾ ਸੀ । ਇਸ ਰੂਪ ਵਿਚ ਇਹ ਸੰਯੁਕਤ ਵਿਅੰਜਨ, ਦੀਰਘ ਵਿਅੰਜਨਾਂ[1] ਵਿਚ ਬਦਲ ਗਏ ਤੇ ਇਸ ਤੋਂ ਪਹਿਲੀ ਧੁਨੀ ਤੇ ਬਲ (stress) ਆ ਗਿਆ । ਇੰਜ ਹਸ੍ਤ ਦੇ ਸੰਯੁਕਤ 'ਸ' ਤੇ 'ਤ' ਦੀ ਥਾਂ ਇੱਕੋ ਦੀਰਘ 'ਤ' (ਥ) ਰਹਿ ਗਿਆ ਤੇ ਪਹਿਲੇ /ਤ/ (ਅਸਲ ਵਿਚ 'ਹ' ਤੋਂ ਪਿੱਛੋਂ ਆਉਣ ਵਾਲੇ ਸੁਰ) ਉਤੇ ਬਲ ਆ ਗਿਆ, ਜੋ ਗੁਰਮੁਖੀ ਲਿਪੀ ਵਿਚ 'ਅਧਿੱਕ' ਨਾਲ ਪ੍ਰਗਟ ਕੀਤਾ ਜਾਂਦਾ ਹੈ । ਪ੍ਰਾਕ੍ਰਿਤ ਕਾਲ ਤੋਂ ਲੈ ਕੇ ਹੁਣ ਤਕ ਪੰਜਾਬੀ (ਤੇ ਕਿਸੇ ਹੱਦ ਤਕ ਸਿੰਧੀ) ਵਿਚ ਇਹ ਰੂਪ ਉਵੇਂ ਦੇ ਉਵੇਂ ਕਾਇਮ ਰਹੇ ਹਨ, ਪਰ ਹੋਰਨਾਂ ਭਾਸ਼ਾਵਾਂ ਵਿਚ, ਉਤੇ ਦੱਸੇ ਅਨੁਸਾਰ, ਇਨ੍ਹਾਂ ਦਾ ਰੂਪ ਬਦਲ ਗਿਆ ਹੈ ।

ਇਹ ਸ਼ਬਦ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਇਸੇ ਰੂਪ ਵਿਚ ਹੀ ਮਿਲਦੇ ਹਨ । ਸੋ ਇਹ ਰੂਪ ਵੀ ਪੰਜਾਬੀ ਦੀ ਪਛਾਣ ਲਈ ਇਕ ਪ੍ਰਸਿੱਧ ਚਿੰਨ੍ਹ ਦਾ ਕੰਮ ਦੇਂਦਾ ਹੈ ।

ਪੰਜਾਬੀ ਦੀ ਇਕ ਹੋਰ ਵਿਸ਼ੇਸ਼ਤਾ ਭੂਤ ਕ੍ਰਿਦੰਤ (past participle) ਦਾ ਰੂਪ ਹੈ । ਅਧਿਕਤਰ ਪੰਜਾਬੀ ਦਾ ਇਹ ਕ੍ਰਿਦੰਤ /-ਇਆ/ ਅੰਤਿਕ ਹੈ, ਜਿਵੇਂ /ਆਇਆ/, /ਗਿਆ/, /ਰੱਖਿਆ/, /ਲਿਖਿਆ/, /ਪੁੱਛਿਆ/, /ਸਿੱਖਿਆ/, /ਗਿਣਿਆ/ ਆਦਿ । ਪਰੰਤੂ ਕੁਝ ਅਨਿਯਮਿਤ ਕ੍ਰਿਦੰਤ ਵੀ ਪ੍ਰਚਲਿਤ ਹਨ, ਜਿਨ੍ਹਾਂ ਵਿਚੋਂ ਵਧੇਰੇ /-ਤਾ/ ਅੰਤਿਕ ਹਨ—/ਕੀਤਾ/, /ਪੀਤਾ/, /ਸੀਤਾ/, /ਦਿੱਤਾ/, ਆਦਿ, ਕੁਝ /-ਦਾ/ ਅੰਤਿਕ ਹਨ—/ਰਿੱ/[2]ਦਾ/, /ਖਿੱ/ ਦਾ/, /ਗੁੱ/ ਦਾ/ ਆਦਿ; ਕੁਝ /-ਠਾ/ ਅੰਤਿਕ ਹਨ—/ਡਿੱਠਾ/, /ਪੀਠਾ/ । /ਵੁੱਠਾ/ ਆਦਿ । ਅਸਲ ਵਿਚ ਇਹ ਅਨਿਯਮਿਤ ਕ੍ਰਿਦੰਤ ਲਹਿੰਦੀ ਦੇ ਹਨ ਜੋ ਮਾਝੀ ਵਿਚ ਵੀ ਵਰਤੇ ਜਾਂਦੇ ਹਨ, ਪਰ ਮਲਵਈ ਵਿਚ ਬਹੁਤ ਘੱਟ ਪੁਜ ਸਕੇ ਹਨ । ਮਲਵਈ ਵਿਚ ਅਜੇਹੇ ਕ੍ਰਿਦੰਤਾਂ ਦੀ ਥਾਂ ਵੀ ਨਿਯਮਿਤ /-ਇਆ/ ਅੰਤਿਕ ਕ੍ਰਿਦੰਤ ਹੀ ਵਰਤੇ ਜਾਂਦੇ ਹਨ, ਜਿਵੇਂ /ਕਰਿਆ/ (ਕੀਤਾ ਲਈ), /ਰਿੰਨ੍ਹਿਆਂ/ (ਰਿੱਧਾ ਲਈ), /ਗੁੰਨ੍ਹਿਆਂ/ (ਗੁੱਧਾ ਲਈ), /ਪੀਹਿਆ/ (ਪੀਠਾ ਲਈ), /ਵਰ੍ਹਿਆ/ (ਵੁੱਠਾ ਲਈ), /ਦੇਖਿਆ/ (ਡਿੱਠਾ ਲਈ) ਇੰਜ ਮਲਵਈ ਵਿਚ ਅਨਿਯਮਿਤ ਕ੍ਰਿਦੰਤਾਂ ਵਿਚੋਂ /ਪੀਤਾ/, /ਸੀਤਾ/, /ਦਿੱਤਾ/ ਆਦਿ ਕੁਝ /-ਤਾ/ ਅੰਤਿਕ ਕ੍ਰਿਦੰਤ ਹੀ ਮਿਲਦੇ ਹਨ, ਬਾਕੀ ਸਭ ਨਿਯਮਿਤ ਕ੍ਰਿਦੰਤ ਹੀ ਹਨ ।

ਸੋ ਕੁਝ ਅਨਿਯਮਿਤ ਰੂਪ ਹੁੰਦਿਆਂ ਹੋਇਆਂ ਵੀ ਪੰਜਾਬੀ ਦੇ ਭੂਤ-ਕ੍ਰਿਦੰਤ ਦਾ ਆਮ

---

1. ਵਿਆਕਰਨ-ਸ਼ਾਸਤ੍ਰੀਆਂ ਨੇ ਨਵੇਂ ਰੂਪ ਦੇ ਅੰਤਲੇ ਵਿਅੰਜਨ (ਹੱਥ ਦੇ 'ਥ', ਕੰਮ ਦੇ 'ਮ' ਆਦਿ) ਨੂੰ ਦ੍ਰੁਤ-ਵਿਅੰਜਨ (double consonant) (ਅਰਥਾਤ ਤ੍ਥ, ਮ੍ਮ ਆਦਿ) ਲਿਖਿਆ ਹੈ, ਜੋ ਸ਼ੁੱਧ ਨਹੀਂ ਜਾਪਦਾ, ਕਿਉਂਕਿ ਕਿਸੇ ਵੀ ਦੋਹਰੀ ਧੁਨੀ ਦੇ ਉੱਚਾਰਨ ਲਈ ਉੱਚਾਰਨ-ਅੰਗਾਂ ਦੀ ਦੋ ਵਾਰ ਹਰਕਤ ਹੋਣੀ ਜ਼ਰੂਰੀ ਹੈ । ਪਰ ਇਨ੍ਹਾਂ ਵਿਚੋਂ ਜਾਂ ਅਜੇਹੇ ਹੀ ਦ੍ਰੁਤ ਵਿਅੰਜਨ ਸਮਝੇ ਜਾਣ ਵਾਲੇ ਹੋਰ ਵਿਅੰਜਨਾਂ ਵਿਚੋਂ, ਕਿਸੇ ਦੇ ਉੱਚਾਰਨ ਵਿਚ ਵੀ ਦੋਹਰੀ ਹਰਕਤ ਨਹੀਂ ਹੁੰਦੀ, ਕੇਵਲ ਉੱਚਾਰਨ ਵਿਚ ਸਾਧਾਰਨ ਨਾਲੋਂ ਕੁਝ ਵਧੇਰੇ ਸਮਾਂ ਲਗਦਾ ਹੈ । ਇਸ ਲਈ ਇਨ੍ਹਾਂ ਨੂੰ ਦੀਰਘ ਵਿਅੰਜਨ (long consonants) ਹੀ ਕਿਹਾ ਜਾ ਸਕਦਾ ਹੈ, ਦ੍ਰੁਤ-ਵਿਅੰਜਨ ਨਹੀਂ । ਇਸੇ ਆਧਾਰ ਤੇ ਦੇਵਨਾਗਰੀ ਤੇ ਰੋਮਨ ਆਦਿ ਲਿਪੀਆਂ ਵਿਚ ਅਜੇਹੇ ਸ਼ਬਦਾਂ ਦੇ ਸ਼ਬਦ-ਜੋੜ ਢੁਕਵੇਂ ਨਹੀਂ । ਉੱਚਾਰਨ ਦੇ ਆਧਾਰ ਤੇ ਗੁਰਮੁਖੀ ਸ਼ਬਦ-ਜੋੜ ਠੀਕ ਜਾਪਦੇ ਹਨ, ਜਿਨ੍ਹਾਂ ਵਿਚ ਪਹਿਲੇ ਵਿਅੰਜਨ ਦਾ ਬਲ ਅਧਿਕ ਲਾ ਕੇ ਜ਼ਾਹਿਰ ਕੀਤਾ ਜਾਂਦਾ ਹੈ । ਦੀਰਘ ਵਿਅੰਜਨ ਲਿਖਣ ਦੀ ਕਿਸੇ ਵੀ ਲਿਪੀ ਵਿਚ ਕੋਈ ਵਿਧੀ ਨਹੀਂ । ਸੋ ਇਨ੍ਹਾਂ ਨੂੰ ਸਾਧਾਰਨ ਅਖਰ ਨਾਲ ਹੀ ਅੰਕਿਤ ਕੀਤਾ ਜਾਂਦਾ ਹੈ ।

2. ਇਹ ਚਿੰਨ੍ਹ / ਉੱਚੀ ਸੁਰ ਲਈ ਵਰਤਿਆ ਗਿਆ ਹੈ ।

Sri Satguru Jagjit Singh Ji Elibrary NamdhariElibrary@gmail.com

ਰੂਪ /-ਇਆ/ ਅੰਤਿਕ ਹੀ ਹੈ । ਇਹ ਕ੍ਰਿਦੰਤ ਰੂਪ ਵੀ ਪੰਜਾਬੀ ਦੀ ਪਛਾਣ ਲਈ ਇਕ ਜ਼ਰੂਰੀ ਨਕਸ਼ ਦਾ ਕੰਮ ਦੇਂਦਾ ਹੈ । ਬਾਕੀ ਭਾਸ਼ਾਵਾਂ ਵਿਚ ਭੂਤ ਕ੍ਰਿਦੰਤ ਦਾ ਰੂਪ ਪੰਜਾਬੀ ਨਾਲੋਂ ਵੱਖਰਾ ਹੈ । ਉਂਜ ਹਰ ਭਾਸ਼ਾ ਵਿਚ ਇਸ ਕ੍ਰਿਦੰਤ ਦੇ ਕੁਝ ਅਨਿਯਮਿਤ ਰੂਪ ਹਨ, ਪਰ ਵਧੇਰੇ ਮਿਲਦੇ ਰੂਪ ਨੂੰ ਹੀ ਉਸ ਭਾਸ਼ਾ ਦਾ ਨਿੱਜੀ ਕ੍ਰਿਦੰਤ ਮੰਨਿਆ ਗਿਆ ਹੈ । ਹਿੰਦੀ ਕ੍ਰਿਦੰਤ /-ਆ/ ਅੰਤਿਕ ਹੈ—/ਰੱਖਾ/, /ਲਿਖਾ/, /ਪੀਆ/, /ਸੀਆ/ ਆਦਿ ; ਰਾਜਸਥਾਨੀ /-ਓ/ ਅੰਤਿਕ ਹੈ—/ਰੱਖੋ/, /ਲਿਖੋ/, /ਪੀਓ/, /ਸੀਓ/, ਆਦਿ ; ਬ੍ਰਜ ਭਾਸ਼ਾ /-ਔ/ ਅੰਤਿਕ, /ਰਖੌ/, /ਲਿਖੌ/ ਆਦਿ; ਬੰਗਲਾ /ਇਯਾ/ ਅੰਤਿਕ, /ਖਾਇਯਾ/ (ਖਾਧਾ) /ਲਿਖਿਯਾ/ (ਲਿਖਿਆ) ਆਦਿ; ਗੁਜਰਾਤੀ ਕ੍ਰਿਦੰਤ ਰਾਜਸਥਾਨੀ ਅਥਵਾ ਬ੍ਰਜ-ਭਾਸ਼ਾ ਨਾਲ ਮਿਲਦਾ /-ਓ/ ਅੰਤਿਕ ਹੈ—/ਖਾਧੋ/, /ਪੀਸੋ/ ਆਦਿ । ਮਰਾਠੀ ਤੇ ਉੜੀਆ ਰੂਪ ਬਿਲਕੁਲ ਵੱਖਰੇ ਹਨ, ਇਨ੍ਹਾਂ ਵਿਚ ਵਿਸ਼ਿਸ਼ਟ ਧੁਨੀ /ਲ/ ਹੈ,. ਮਰਾਠੀ /ਗੇਲਾ/ (ਗਇਆ), /ਪ੍ਯਾਲੇ/ (ਪੀਤਾ), /ਮਾਰਲੇ/ (ਮਾਰਿਆ) ਆਦਿ ; ਉੜੀਆ /ਮਾਰੀਲਾ/ (ਮਾਰਿਆ), /ਖਾਈਲਾ/ (ਖਾਧਾ), /ਪੀਲਾ/ (ਪੀਤਾ) ਆਦਿ ।

ਇੰਜ ਪੰਜਾਬੀ ਭੂਤ ਕ੍ਰਿਦੰਤ ਦਾ /-ਇਆ/ ਅੰਤਿਕ ਰੂਪ ਹੋਰਨਾਂ ਭਾਸ਼ਾਵਾਂ ਨਾਲੋਂ ਬਿਲਕੁਲ ਵੱਖਰਾ ਹੈ । ਬੰਗਲਾ ਕ੍ਰਿਦੰਤ ਦਾ ਲਿਖਿਤ ਰੂਪ ਪੰਜਾਬੀ ਵਰਗਾ ਜਾਪਦਾ ਹੈ, ਪਰ ਉੱਚਾਰਨ ਵਿਚ ਚੋਖਾ ਅੰਤਰ ਹੈ ।

ਸਥਾਨਵਾਚੀ ਕ੍ਰਿਆ-ਵਿਸ਼ੇਸ਼ਣ ਦਾ -ਥ ਵਾਲਾ ਰੂਪ- /ਇੱਥੇ,/[1] /ਉੱਥੇ/ -ਵੀ ਪੰਜਾਬੀ ਦੀ ਨਿੱਜੀ ਵਿਸ਼ੇਸ਼ਤਾ ਹੈ । ਹੋਰਨਾਂ ਭਾਰਤੀ-ਆਰੀਆ-ਭਾਸ਼ਾਵਾਂ ਵਿਚ ਵੱਖਰੇ ਵੱਖਰੇ ਰੂਪ ਮਿਲਦੇ ਹਨ : ਖੜੀ ਬੋਲੀ : /ਯਹਾਂ/, ਵਹਾਂ/; ਬ੍ਰਜ : /ਯਾਂ/, /ਮਾਂ/ ; ਬੁੰਦੇਲੀ : /ਇਤੇ/, /ਉਤੇ/; ਗੁਜਰਾਤੀ : /ਅਹੀਂ/, /ਤਿਹਾਂ/ ; ਮਰਾਠੀ : /ਯੇਥੇਂ/ /ਤੇਥੇਂ/ ; ਬੰਗਾਲੀ : /ਏਖਾਨ/, /ਓਖਾਨ/ ; ਕੁਮਾਊਂਨੀ : /ਯਾਂ/, /ਵਾਂ/ ਆਦਿ । ਇਨ੍ਹਾਂ ਵਿੱਚੋਂ ਮਰਾਠੀ ਰੂਪ ਪੰਜਾਬੀ ਨਾਲ ਮਿਲਦਾ ਹੈ, ਪਰ ਉੱਚਾਰਨ ਵਿਚ ਮਰਾਠੀ /ਯੇਥੇਂ/ ਦਾ /ਏ/ ਲਮਕਾ ਕੇ ਬੋਲਿਆ ਜਾਂਦਾ ਹੈ ਅਤੇ ਪਿਛਲਾ /ਥੇ/ ਵੱਖਰਾ ਜਿਹਾ ਜਾਪਦਾ ਹੈ । ਮਰਾਠੀ /ਤੇਥੇ/ ਰੂਪ ਵਿਚ ਪੰਜਾਬੀ /ਤਿੱਥੇ/ ਦੇ ਨੇੜੇ ਹੈ, ਪਰ ਅਰਥਾਂ ਵਿਚ ਕੁਝ ਅੰਤਰ ਹੈ, ਕਿਉਂਕਿ ਪੰਜਾਬੀ /ਓਥੇ/, ਤੇ /ਤਿੱਥੇ/ ਸਮਾਨਾਰਥਕ ਨਹੀਂ ।

ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ /-ਥ/ ਵਾਲਾ ਰੂਪ ਹੀ ਮਿਲਦਾਂ ਹੈ ; ਲਹਿੰਦੀ : /ਇੱਥੇ/, /ਉੱਥੇ/; ਕਾਂਗੜੀ : /ਇੱਥਾ/, /ਉੱਥਾ/ ; ਮੰਡਿਆਲੀ : /ਏਥੀ/, /ਇਥੀ/, /ਉੱਥੀ/ ਆਦਿ ।

ਪੰਜਾਬੀ ਦਾ ਇਹ ਹੋਰ ਪਛਾਣ-ਚਿੰਨ੍ਹ /ਣ/ ਧੁਨੀ ਹੈ । ਪੱਛਮੀ ਹਿੰਦੀ ਦੇ ਭਾਵਵਾਚੀ ਕ੍ਰਿਆ-ਰੂਪਾਂ ਵਿਚ ਜਿਥੇ /ਨ/ ਆਉਂਦਾ ਹੈ, ਪੰਜਾਬੀ ਵਿਚ ਅਧਿਕਤਰ /ਣ/ ਦੀ ਵਰਤੋਂ ਹੁੰਦੀ ਹੈ: ਜਿਵੇਂ /ਆਉਣਾਂ/, /ਜਾਂਣਾਂ/, /ਦੇਂਣਾਂ/, /ਲੈਂਣਾਂ/, /ਖਾਂਣਾਂ/, /ਆਉਂਣ ਨਾਲ/, /ਜਾਂਣ ਕਰਕੇ/ ਆਦਿ ਵਿਚ । ਪੰਜਾਬੀ ਦੀਆਂ ਸਾਰੀਆਂ ਬੋਲੀਆਂ ਵਿਚ /ਣ/ ਵਾਲੇ ਰੂਪ ਹੀ ਮਿਲਦੇ ਹਨ । ਪਰ ਗੁਜਰਾਤੀ, ਕੁਮਾਊਂਨੀ ਆਦਿ ਕੁਝ ਭਾਸ਼ਾਵਾਂ ਨੂੰ ਛੱਡ ਕੇ, ਬਾਕੀ ਸਾਰੀਆਂ ਭਾਸ਼ਾਵਾਂ ਵਿਚ ਇਨ੍ਹਾਂ ਕ੍ਰਿਆ-ਰੂਪਾਂ ਵਿਚ /ਨ/ ਵਰਤਿਆ ਜਾਂਦਾ ਹੈ । ਕ੍ਰਿਆ

1. ਇਹ ਲਹਿੰਦੀ ਦੇ ਰੂਪ ਹਨ ਜੋ ਸਾਹਿਤਿਕ ਪੰਜਾਬੀ ਵਿਚ ਵਰਤੇ ਜਾ ਰਹੇ ਹਨ । ਮਾਝੇ, ਮਾਲਵੇ ਦੇ ਉਚਾਰਨ ਵਿਚ ਇਨ੍ਹਾਂ ਦਾ ਰੂਪ/ਏਥੇ/ਓਥੇ/, ਹੈ ।

Sri Satguru Jagjit Singh Ji Elibrary NamdhariElibrary@gmail.com

ਰੂਪਾਂ ਤੋਂ ਬਿਨਾਂ ਕੁਝ ਹੋਰ ਸ਼ਬਦਾਂ ਵਿਚ ਵੀ ਪੰਜਾਬੀ /ਣ/ ਦੀ ਥਾਂ ਹੋਰ ਭਾਸ਼ਾਵਾਂ /ਨ/ ਹੀ ਰਖਦੀਆਂ ਹਨ । ਅਜੇਹੇ ਸ਼ਬਦਾਂ ਵਿਚੋਂ /ਪਾਣੀ/ ਇਕ ਪ੍ਰਮੁਖ ਸ਼ਬਦ ਹੈ, ਗੁਜਰਾਤੀ, ਉੜੀਆ ਤੇ ਕੁਮਾਊਂਨੀ ਵਿਚ ਇਸ ਦਾ ਪੰਜਾਬੀ ਵਾਲਾ ਰੂਪ, ਅਰਥਾਤ 'ਪਾਣੀ' ਹੀ ਬੋਲੀਦਾ ਹੈ। ਪਰ ਖੜੀ ਬੋਲੀ, ਬ੍ਰਜ, ਬੁੰਦੇਲੀ, ਪੂਰਬੀ ਹਿੰਦੀ, ਮਰਾਠੀ ਆਦਿ ਵਿਚ ਉੱਚਾ-ਰਨ 'ਪਾਨੀ' ਹੈ।

ਕ੍ਰਿਆ-ਰੂਪਾਂ ਵਿਚ /ਣ/ ਦੀ ਵਰਤੋਂ ਪੰਜਾਬੀ ਸਭ ਤੋਂ ਵਧੇਰੇ ਕਰਦੀ ਹੈ । ਇੰਜ ਇਹ /ਣ/ ਬਹੁਲਤਾ ਵੀ ਪੰਜਾਬੀ ਦੀ ਪਛਾਣ ਲਈ ਸਹਾਇਕ ਹੁੰਦੀ ਹੈ ।

ਬਣਤਰ (construction) ਦੇ ਪੱਖ ਤੋਂ ਇਹ ਸੱਤ ਪੰਜਾਬੀ ਦੀਆਂ ਉੱਘੀਆਂ ਵਿਸ਼ੇਸ਼ਤਾਵਾਂ ਹਨ, ਤੇ ਪੰਜਾਬੀ ਨੂੰ ਦੂਜੀਆਂ ਭਾਸ਼ਾਵਾਂ ਨਾਲੋਂ ਨਿਖੇੜਨ ਵਾਲੇ ਪ੍ਰਮੁਖ ਚਿੰਨ੍ਹ ਹਨ । ਇਸ ਦਾ ਇਹ ਅਰਥ ਨਹੀਂ ਕਿ ਪੰਜਾਬੀ ਦੀ ਹੋਰ ਕੋਈ ਨਿਖੇੜਵੀਂ ਵਿਸ਼ੇਸ਼ਤਾ ਨਹੀਂ । ਇਸ ਭਾਸ਼ਾ ਦੇ ਹੋਰ ਵੀ ਕਈ ਨਿੱਜੀ ਗੁਣ ਹਨ, ਪਰ ਉਪਰੋਕਤ ਸੱਤ (ਖਾਸ ਕਰਕੇ ਪਹਿਲੇ ਚਾਰ) ਵਧੇਰੇ ਮਹੱਤਾ ਵਾਲੇ ਹਨ, ਕਿਉਂਕਿ ਇਹ ਬੜੇ ਉਘੜਵੇਂ ਹਨ ਤੇ ਸਾਧਾਰਨ ਮਨੁੱਖ ਦੀ ਸੂਝ ਦੀ ਪੱਧਰ ਦੇ ਹਨ ।

Sri Satguru Jagjit Singh Ji Elibrary NamdhariElibrary@gmail.com

4

# ਪੰਜਾਬੀ ਦੀਆਂ ਭਾਸ਼ਾ-ਧੁਨੀਆਂ

## PUNJABI PHONEMES

ਪੰਜਾਬੀ ਦੀਆਂ ਭਾਸ਼ਾ-ਧੁਨੀਆਂ[1] ਨੂੰ ਲਿਖਤ ਰੂਪ ਵਿਚ ਅੰਕਿਤ ਕਰਨ ਲਈ ਗੁਰਮੁਖੀ ਲਿਪੀ ਦੇ ਪੈਂਤੀ ਅੱਖਰ ਵਰਤੇ ਜਾਂਦੇ ਹਨ। ਪਰ ਪੰਜਾਬੀ ਧੁਨੀਆਂ ਦੀ ਗਿਣਤੀ ਪੈਂਤੀਆਂ ਤੋਂ ਬਹੁਤ ਜ਼ਿਆਦਾ ਹੈ। ਸੁਰ-ਧੁਨੀਆਂ (vowels) ਲਈ ਕੇਵਲ ਤਿੰਨ ਲਿਪੀ-ਚਿੰਨ੍ਹ (ਅੱਖਰ) ੳ, ਅ ਤੇ ੲ ਹਨ, ਜਿਨ੍ਹਾਂ ਨੂੰ ਮਾਤ੍ਰਾਵਾਂ ਲਾ ਕੇ ਦਸ ਸੁਰ ਬਣਾਏ ਜਾਂਦੇ ਹਨ, ਪਰ ਪੰਜਾਬੀ ਦੀਆਂ 11 ਸੁਰ-ਧੁਨੀਆਂ ਹਨ। ਵਿਅੰਜਨਾਂ ਲਈ 32 ਲਿਪੀ-ਚਿੰਨ੍ਹ ਮੌਜੂਦ ਹਨ, ਪਰ ਵਿਅੰਜਨ ਧੁਨੀਆਂ ਇਸ ਤੋਂ ਵਧੇਰੇ ਹਨ।

ਗੁਰਮੁਖੀ ਲਿਪੀ ਨੂੰ ਇਹ ਤਰਤੀਬ ਅੱਜ ਤੋਂ ਕਈ ਸਦੀਆਂ ਪਹਿਲਾਂ ਦਿੱਤੀ ਗਈ ਸੀ। ਅੱਜ ਬੋਲ-ਚਾਲ ਦੀ ਭਾਸ਼ਾ ਵਿਚ ਕਈ ਧੁਨੀਆਂ ਨਵੀਆਂ ਉਤਪੰਨ ਹੋ ਚੁਕੀਆਂ ਹਨ ਤੇ ਕੁਝ ਪੁਰਾਣੀਆਂ ਧੁਨੀਆਂ ਲਗ ਪਗ, ਭਾਸ਼ਾ ਵਿਚੋਂ ਖ਼ਤਮ ਹੁੰਦੀਆਂ ਜਾਂਦੀਆਂ ਹਨ (ਜਿਵੇਂ /ਙ/ਞ/ੜ/)।

ਇਸ ਅਧਿਆਇ ਵਿਚ ਪੰਜਾਬੀ ਦੀਆਂ ਭਾਸ਼ਾ-ਧੁਨੀਆਂ ਤੇ ਵਿਚਾਰ ਕੀਤੀ ਜਾਵੇਗੀ, ਪਰ ਇਨ੍ਹਾਂ ਧੁਨੀਆਂ ਦਾ ਵਿਸਤਾਰ-ਪੂਰਬਕ ਵਿਵੇਚਨ ਇਸ ਪ੍ਰਸਤਾਵ ਦਾ ਆਸ਼ਾ ਨਹੀਂ। ਇਥੇ ਕੇਵਲ ਪੰਜਾਬੀ ਧੁਨੀਆਂ ਦੇ ਉੱਘੇ ਲੱਛਣ ਹੀ ਵਰਨਣ ਕੀਤੇ ਜਾਣਗੇ।

ਪੁਰਾਣੇ ਵਿਆਕਰਨ-ਸ਼ਾਸਤ੍ਰੀ ਕੇਵਲ ਵਿਅੰਜਨ, ਸੁਰ ਤੇ ਅੱਧ ਸੁਰ ਦੀਆਂ ਸ਼੍ਰੇਣੀਆਂ ਵਿਚ ਆਉਣ ਵਾਲੀਆਂ ਧੁਨੀਆਂ ਨੂੰ ਹੀ 'ਭਾਸ਼ਾ-ਧੁਨੀਆਂ' ਮੰਨਦੇ ਸਨ। ਪਰ ਅੱਜ ਕਲ੍ਹ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਧੁਨੀਆਂ ਦੀ ਮਹੱਤਾ ਵੀ ਸ੍ਵੀਕਾਰ ਕੀਤੀ ਜਾਂਦੀ ਹੈ, ਇਹ ਹਨ, 'ਸੁਰ' (tone), 'ਬਲ' ਜਾਂ 'ਦਬਾ' (stress), ਨਾਸਕਤਾ (nasalization), ਸੁਰ-ਲਮਕਾਂ (vowel duration) ਆਦਿ। ਵਿਅੰਜਨ, ਸੁਰ, ਆਦਿ ਨੂੰ ਮੂਲ ਧੁਨੀਆਂ ਜਾਂ ਖੰਡੀ ਧੁਨੀਆਂ ਕਹਿ ਸਕਦੇ ਹਾਂ ਤੇ ਸੁਰ, ਦਬਾ ਆਦਿ ਨੂੰ ਗੌਣ ਧੁਨੀਆਂ ਜਾਂ ਅਖੰਡੀ ਧੁਨੀਆਂ।

---

1. 'ਭਾਸ਼ਾ-ਧੁਨੀ' ਤੇ 'ਅਖਰ' ਦਾ ਅੰਤਰ ਸਮਝ ਲੈਣਾ ਚਾਹੀਦਾ ਹੈ। 'ਕ' ਦੀ ਧੁਨੀ' ਤੋਂ ਭਾਵ ਹੈ ਜਿਵੇਂ ਇਹ ਆਵਾਜ਼ ਸਾਡੇ ਮੂਹੋਂ ਨਿਕਲਦੀ ਹੈ, ਤੇ 'ਕੱਕਾ' ਉਹ ਅੱਖਰ ਜਾ ਲਿਪੀ-ਚਿੰਨ੍ਹ ਹੈ, ਜਿਸ ਨਾਲ ਇਹ ਧੁਨੀ ਲਿਖਿਤ ਰੂਪ ਵਿਚ ਦਰਸਾਈ ਜਾਂਦੀ ਹੈ। ਇੰਜ 'ਕੱਕਾ ਧੁਨੀ' ਕਹਿਣਾ ਅਸ਼ੁੱਧ ਹੈ। ਧੁਨੀ ਦਾ ਨਾਮ ਉਹ ਹੈ ਜਿਦਾਂ ਇਸ ਦਾ ਉੱਚਾਰਨ ਹੁੰਦਾ ਹੈ, 'ਕੱਕਾ' ਤਾਂ ਲਿਪੀ-ਚਿੰਨ੍ਹ ਹੈ। ਭਾਸ਼ਾ-ਵਿਗਿਆਨ ਸੰਬੰਧੀ ਲਿਖਤਾਂ ਵਿਚ ਇਸ ਫ਼ਰਕ ਨੂੰ ਸਪਸ਼ਟ ਕਰਨ ਲਈ ਧੁਨੀਆਂ ਨੂੰ ਤਿਰਛੀਆਂ ਲਕੀਰਾਂ ਵਿਚ ਲਿਖਿਆ ਜਾਂਦਾ ਹੈ—/ਕ/, /ਖ/, /ਗ/, /ਲ/, ਆਦਿ।

ਸ਼ਬਦ 'ਭਾਸ਼ਾ-ਧੁਨੀ' ਅੰਗਰੇਜ਼ੀ speech-sound ਅਤੇ phoneme ਦੋਹਾਂ ਲਈ ਵਰਤਿਆ ਗਿਆ ਹੈ, ਭਾਵੇਂ ਇਨ੍ਹਾਂ ਦੋਹਾਂ ਵਿਚ ਸੂਖਮ ਅੰਤਰ ਹੈ। ਕਿਉਂਕਿ ਪੰਜਾਬੀ ਵਿਚ ਭਾਸ਼ਾ-ਵਿਗਿਆਨ ਸੰਬੰਧੀ ਅਜੇਹੀਆਂ ਬਾਰੀਕੀਆਂ ਨੂੰ ਸਪਸ਼ਟ ਕਰਨ ਵਾਲਾ ਸਾਹਿਤ ਅਜੇ ਨਹੀਂ ਮਿਲਦਾ, ਇਸ ਲਈ ਇੱਥੇ ਵੀ ਇਸ ਫ਼ਰਕ ਨੂੰ ਵਿਸ਼ੇਸ਼ ਮਹੱਤਾ ਨਹੀਂ ਦਿੱਤੀ ਗਈ।

Sri Satguru Jagjit Singh Ji Elibrary NamdhariElibrary@gmail.com

## ਪੰਜਾਬੀ ਸੁਰ

ਪੰਜਾਬੀ ਦੇ ਗਿਆਰਾਂ ਸੁਰਾਂ ਵਿਚੋਂ ਚਾਰ ਹ੍ਰਸੂ ਹਨ ਤੇ ਸੱਤ ਦੀਰਘ। ਹ੍ਰਸੂ ਸੁਰਾਂ ਵਿਚੋਂ ਤਿੰਨਾਂ ਲਈ ਗੁਰਮੁਖੀ ਵਿਚ ਲਿਪੀ-ਚਿੰਨ੍ਹ ਮੌਜੂਦ ਹਨ—ਅ, ਇ (ਸਿਹਾਰੀ) ਤੇ ਉ (ਔਂਕੜ)। ਚੌਥਾ ਸੁਰ ਨਵਾਂ ਉਪਜਿਆ ਹੈ ਤੇ ਅਜੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਵਰਤਿਆ ਜਾਂਦਾ ਹੈ। ਇਸ ਨੂੰ ਲਿਖਿਤ ਰੂਪ ਵਿਚ ਅੰਕਿਤ ਕਰਨ ਲਈ ਗੁਰਮੁਖੀ ਵਿਚ ਕੋਈ ਚਿੰਨ੍ਹ ਨਹੀਂ ਬਣਾਇਆ ਗਿਆ, ਪਰ ਬੋਲੀ ਦੇ ਉੱਚਾਰਨ ਵਿਚ ਇਸ ਦੀ ਹੋਂਦ ਦੇ ਪ੍ਰਤੱਖ ਸਬੂਤ ਹਨ। ਇਸ ਸੁਰ ਦਾ ਕੋਈ ਲਿਖਿਤ ਚਿੰਨ੍ਹ ਨਾ ਹੋਣ ਕਰਕੇ 'ਸ਼ਹਿਰ', 'ਪਹਿਰ', 'ਰਹਿ', 'ਬਹਿ' ਆਦਿ ਸ਼ਬਦਾਂ ਦੇ ਸਬਦ-ਜੋੜਾਂ ਬਾਰੇ ਚੋਖਾ ਘਪਲਾ ਰਹਿੰਦਾ ਹੈ। ਕੋਈ 'ਸ਼ੈਹਰ' ਲਿਖਦਾ ਹੈ, ਤਾਂ ਕੋਈ ਦੂਸਰਾ 'ਸ਼ਹਿਰ'। ਪਰ ਇਨ੍ਹਾਂ ਵਿਚੋਂ ਕੋਈ ਵੀ ਸ਼ਬਦ-ਜੋੜ ਉੱਚਾਰਨ ਦੇ ਅਨੁਸਾਰ ਨਹੀਂ। ਤੋੜ ਕੇ ਉੱਚਾਰਨ ਕੀਤਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ—ਸ਼ੈ+ਹ+ਰ, ਜਾਂ ਸ਼+ਹਿ+ਰ, ਕੋਈ ਵੀ ਜੋੜ ਉਚਰਿਤ ਰੂਪ ਨੂੰ ਪ੍ਰਗਟ ਨਹੀਂ ਕਰਦਾ[1]। ਅਸਲ ਵਿਚ /ਸ਼/ ਪਿਛੋਂ ਆਉਣ ਵਾਲਾ ਸੁਰ /ਐ/ ( ੈ ) ਦਾ ਹ੍ਰਸੂ ਰੂਪ ਹੈ, ਜੋ ਉਪਰੋਕਤ ਰੂਪ ਵਾਲੇ ਸ਼ਬਦਾਂ, ਅਥਵਾ ਇਨ੍ਹਾਂ ਤੋਂ ਬਣੇ ਹੋਰ 'ਸ਼ਹਿਰੀ', 'ਪਹਿਰੀ', 'ਰਹਿਣਾ', 'ਬਹਿਣੀ' ਆਦਿ ਵਿਚ ਬੋਲਦਾ ਹੈ। ਅੰਗ੍ਰੇਜ਼ੀ ਸ਼ਬਦ ਨੈੱਟ (net), ਸੈੱਟ (set) ਆਦਿ ਵਿਚ ਇਸੇ ਸੁਰ ਦਾ ਦਬਾ (ਬਲ) ਸਹਿਤ (stressed) ਰੂਪ ਵਰਤਿਆ ਜਾਂਦਾ ਹੈ।

ਪੰਜਾਬੀ ਦੇ ਦੀਰਘ ਸੁਰ /ਆ/ ( ਾ ), /ਈ/ ( ੀ ), /ਊ/ ( ੂ ), /ਏ/ ( ੇ ), /ਐ/ ( ੈ ), /ਓ/ ( ੋ ), ਤੇ /ਔ/ ( ੌ ) ਹਨ।

ਕਈ ਲੇਖਕ /ਐ/ ਤੇ /ਔ/ ਨੂੰ ਦੁਸੰਧੀ ਸੁਰ (diphthongs) ਮੰਨਦੇ ਹਨ, ਜੋ ਸ਼ੁੱਧ ਨਹੀਂ, ਪੰਜਾਬੀ ਉੱਚਾਰਨ ਵਿਚ ਇਹ ਦੋਵੇਂ ਇਕਹਿਰੇ ਸੁਰ ਹੀ ਹਨ।

ਹੇਠਾਂ ਪੰਜਾਬੀ ਸੁਰਾਂ ਦੇ ਉੱਲੇਖਣੀ ਗੁਣਾਂ ਦਾ ਵਰਣਨ ਕੀਤਾ ਜਾਂਦਾ ਹੈ।

ਹ੍ਰਸੂ ਤੇ ਦੀਰਘ ਦੀ ਵੰਡ ਕੇਵਲ ਤੁਲਨਾਤਮਕ ਦ੍ਰਿਸ਼ਟੀ ਤੋਂ ਹੀ ਠੀਕ ਮੰਨੀ ਜਾ ਸਕਦੀ ਹੈ। ਕਿਸੇ ਵੀ ਸੁਰ ਦੀ ਕੋਈ ਗਿਣੀ-ਮਿਥੀ ਲਮਾਈ ਮੁਕੱਰਰ ਨਹੀਂ। ਕਿਸੇ ਵਿਸ਼ੇਸ਼ ਸਥਿਤੀ ਵਿਚ ਇਕ ਦੀਰਘ ਸੁਰ ਉਸੇ ਸ਼ਬਦ ਵਿਚ ਵਰਤੇ ਗਏ ਹ੍ਰਸੂ ਸੁਰ ਦੇ ਲਗ-ਪਗ ਬਰਾਬਰ ਵੀ ਹੋ ਸਕਦਾ ਹੈ। ਦਬਾ (stress) ਵਾਲੇ ਹ੍ਰਸੂ ਸੁਰ ਤਾਂ ਨਿਰਸੰਦੇਹ ਹੀ ਦੀਰਘ ਸੁਰਾਂ ਜਿੰਨੇ ਹੀ ਲੰਮੇ ਹੁੰਦੇ ਹਨ। ਭਾਰਤੀ ਪਿੰਗਲ ਦੇ ਨਿਯਮਾਂ ਵਿਚ ਹ੍ਰਸੂ ਸੁਰਾਂ ਦੇ ਦਬਾ ਸਹਿਤ ਰੂਪ ਨੂੰ, ਮਾਤ੍ਰਾ ਵਜੋਂ, ਦੀਰਘ ਸੁਰ ਦੇ ਬਰਾਬਰ ਹੀ ਗਿਣਿਆ ਜਾਂਦਾ ਹੈ। ਇਸ ਦੇ ਉਲਟ 'ਕੀਤੀਆਂ', 'ਘੋੜੀਆਂ' ਆਦਿ ਸ਼ਬਦਾਂ ਦੇ ਵਿਚਕਾਰਲਾ ਸੁਰ (ਅਰਥਾਤ ਕੀਤੀਆਂ ਵਿਚ /ਤ/ ਪਿਛਲੀ /ਈ/, ਤੇ ਘੋੜੀਆਂ ਵਿਚ /ੜ/ ਪਿਛਲੀ /ਈ/), ਅਸਲ ਵਿਚ ਕੀਤੀ ਤੇ ਘੋੜੀ ਦੇ ਅੰਤਿਮ ਸੁਰ (/ਈ/) ਨਾਲੋਂ ਅਵੱਸ਼ ਹੀ ਛੋਟਾ ਹੈ, ਭਾਵੇਂ ਪੰਜਾਬੀ ਵਿਚ ਇਨ੍ਹਾਂ ਨੂੰ ਬਰਾਬਰ ਲੰਮਾਈ ਵਾਲੇ ਦੀਰਘ ਸੁਰ ਹੀ ਮੰਨਿਆ ਜਾਂਦਾ ਹੈ। ਹਿੰਦੀ ਵਿਚ ਇਨ੍ਹਾਂ ਨੂੰ ਹ੍ਰਸੂ ਸੁਰ ਮੰਨਿਆ ਜਾਂਦਾ ਹੈ ਤੇ ਸਿਹਾਰੀ ਨਾਲ ਅੰਕਿਤ ਕੀਤਾ ਜਾਂਦਾ ਹੈ। ਇਹ ਵੀ

1. ਗੁਰਬਾਣੀ ਤੇ ਕੁਝ ਹੋਰ ਪੁਰਾਣੀਆਂ ਲਿਖਤਾਂ ਵਿਚ ਇਨ੍ਹਾਂ ਸ਼ਬਦਾਂ ਨੂੰ 'ਸ਼ਹਰ', 'ਪਹਰ' ਕਰ ਕੇ ਲਿਖਿਆ ਹੈ, ਸ਼ਾਇਦ ਇਨ੍ਹਾਂ ਦਾ ਪੁਰਾਣਾ ਉੱਚਾਰਨ ਇੰਜ ਹੀ ਹੋਵੇ। ਲਹਿੰਦੀ (ਮੁਲਤਾਨੀ) ਵਿਚ ਅਜ ਵੀ ਉੱਚਾਰਨ 'ਸ਼ਾਹਰ' ਜਾਂ 'ਸ਼ਹਰ' ਹੀ ਹੈ। ਪਰ ਕੇਂਦ੍ਰੀ ਪੰਜਾਬੀ ਦੇ ਅਜੋਕੇ ਉੱਚਾਰਨ ਦੇ ਅਨੁਸਾਰ ਇਹ ਸ਼ਬਦ-ਜੋੜ ਸ਼ੁੱਧ ਨਹੀਂ ਜਾਪਦੇ।

Sri Satguru Jagjit Singh Ji Elibrary NamdhariElibrary@gmail.com

ਠੀਕ ਨਹੀਂ, ਇਹ ਸੁਰ ਸਾਧਾਰਨ ਦੀਰਘ ਸੁਰ ਨਾਲੋਂ ਕੁਝ ਘੱਟ ਲੰਮਾ ਪਰ ਹ੍ਰਸੁ ਸੁਰ ਨਾਲੋਂ ਜ਼ਰੂਰੀ ਹੀ ਲੰਮੇਰਾ ਹੈ । ਹੇਠਾਂ ਦਿੱਤੇ ਗਏ ਉਦਾਹਰਨਾਂ ਤੋਂ ਪਤਾ ਲਗਦਾ ਹੈ ਕਿ ਸਥਿਤੀ ਦੇ ਆਧਾਰ ਤੇ ਇੱਕੋ ਹ੍ਰਸੁ ਸੁਰ ਦੀਆਂ ਤਿੰਨ ਮਾਤ੍ਰਾਵਾਂ (graduations) ਹੋ ਸਕਦੀਆਂ ਹਨ ; ਦਬਾ-ਸਹਿਤ ਹ੍ਰਸੁ ਸੁਰਾਂ ਦਾ ਲਮਕਾਂ (ਲੰਮਾਈ) ਸਾਧਾਰਨ ਨਾਲੋਂ ਵਧੇਰੇ ਹੁੰਦਾ ਹੈ ਅਤੇ ਜਦੋਂ ਪਿਛੋਂ ਆਉਣ ਵਾਲੀ ਮਾਤ੍ਰਾ[1] (syllable) ਵਿਚ ਦੀਰਘ ਸੁਰ ਹੋਵੇ ਤਾਂ ਪਹਿਲੀ ਮਾਤ੍ਰਾ ਵਿਚ ਵਰਤਿਆ ਗਿਆ ਹ੍ਰਸੁ ਸੁਰ ਸਾਧਾਰਨ ਨਾਲੋਂ ਵੀ ਘੱਟ ਲੰਮਾ ਹੁੰਦਾ ਹੈ :

| ਸੁਰ | ਵਡੇਰਾ ਲਮਕਾਂ | ਸਾਧਾਰਨ ਲਮਕਾਂ | ਛੁਟੇਰਾ ਲਮਕਾਂ |
|---|---|---|---|
| /ਇ/ | /ਇੱਕ/ | /ਇਕਧਿਰ/ | /ਇਕਾਈ/ |
| | /ਵਿੱਚ/ | /ਵਿਚਕਾਰ/ | /ਵਿਚੋਲਾ/ |
| /ਅ/ | /ਅੱਗੇ/ | / ਅਗਲਾ / | /ਅਗੇਤ੍ਰਾ / |
| | /ਲੱਗ/ | / ਲਗਨ / | / ਲਗਾ / |
| /ੳ/ | /ਉੱਡ/ | / ਉਡਣਾ / | /ਉਡਾਈ/ |
| | /ਘੁੱਟ / | / ਘੁਟਵਾਂ / | /ਘੁਟਾਈ/ |

ਉਪਰੋਕਤ ਉਦਾਹਰਨਾਂ ਵਿਚ ਛੁਟੇਰੇ ਲਮਕਾਂ ਦਾ ਸਾਧਾਰਨ ਲਮਕਾਂ ਨਾਲੋਂ ਬਹੁਤ ਘੱਟ ਫ਼ਰਕ ਹੈ, ਅਤੇ ਇਸ ਦੀ ਕੋਈ ਭਾਸ਼ਾਈ ਮਹਤਾ ਨਹੀਂ । ਇਸ ਲਈ ਇਸ ਫ਼ਰਕ ਨੂੰ ਅੰਕਿਤ ਕਰਨ ਲਈ ਲਿਪੀ ਵਿਚ ਕੋਈ ਚਿੰਨ੍ਹ ਨਹੀਂ, ਨ ਹੀ ਆਮ ਵਿਹਾਰ ਲਈ ਅਜੇਹੇ ਸਪਸ਼ਟੀਕਰਣ ਦੀ ਲੋੜ ਹੈ । ਪਰੰਤੂ ਵਡੇਰੇ ਲਮਕਾਂ ਦਾ ਸਾਧਾਰਨ ਨਾਲੋਂ ਖਾਸਾ ਅੰਤਰ ਹੈ । ਅਤੇ ਇਹ ਅੰਤਰ ਕਈ ਥਾਂਈਂ ਭਾਸ਼ਾਈ ਮਹਤਾ ਵਾਲਾ (distinctive or phonemic) ਹੈ, ਅਰਥਾਤ ਕਈਆਂ ਹਾਲਤਾਂ ਵਿਚ ਬਲ-ਸਹਿਤ ਸੁਰ ਵਰਤਣ ਦੀ ਥਾਂ, ਸਾਧਾਰਨ ਸੁਰ ਵਰਤਣ ਨਾਲ ਅਰਥ ਵਿਚ ਫ਼ਰਕ ਪੈ ਜਾਂਦਾ ਹੈ, ਜਿਵੇਂ /ਮਿੱਟੀ/ ਤੇ /ਮਿਟੀ/, /ਲੱਗ/ ਤੇ /ਲਗ/, /ਦੱਸ/ ਤੇ /ਦਸ/, /ਲੁੱਕ/ ਤੇ /ਲੁਕ/, /ਉੱਕਾ/ ਤੇ /ਉਕਾਂ/, /ਪੱਤ/ ਤੇ /ਪਤ/, ਆਦਿ ਵਿਚ । ਇਸੇ ਕਰਕੇ ਹੀ ਇਸ ਅੰਤਰ ਨੂੰ ਪ੍ਰਗਟ ਕਰਨ ਲਈ ਲਿਪੀ-ਚਿੰਨ੍ਹ (ਅਧੱਕ) ਜ਼ਰੂਰੀ ਸਮਝਿਆ ਗਿਆ ਹੈ ।

ਇਵੇਂ ਹੀ ਦੀਰਘ ਸੁਰਾਂ ਦਾ ਲਮਕਾਂ ਵੀ, ਵਰਤੋਂ ਦੀ ਸਥਿਤੀ ਦੇ ਆਧਾਰ ਤੇ, ਘੱਟ-ਵੱਧ ਹੁੰਦਾ ਹੈ । ਚਾਚਾ, ਬਾਬਾ, ਕਾਕਾ, ਆਦਿ ਸ਼ਬਦਾਂ ਵਿਚ ਅੰਤਿਮ /ਆ/ ਪਹਿਲਾਂ ਆਏ /ਆ/ ਨਾਲੋਂ ਘੱਟ ਲਮਕਾਂ ਵਾਲਾ ਹੈ । 'ਬੀਬੀ', 'ਸੀਸੀ' ਆਦਿ ਵਿਚ ਅੰਤਿਮ /ਈ/ ਵੀ ਪਹਿਲੀ ਮਾਤ੍ਰਾ (syllable) ਦੀ /ਈ/ ਨਾਲੋਂ ਘੱਟ ਲੰਮੀ ਹੈ । ਪਰ ਇਹ ਅੰਤਰ ਬਹੁਤ ਮਾਮੂਲੀ ਹੈ ਅਤੇ ਭਾਸ਼ਾਈ ਮਹਤਾ ਵਾਲਾ ਨਹੀਂ (ਅਰਥਾਂ ਵਿਚ ਅੰਤਰ ਨਹੀਂ ਪਾਉਂਦਾ) । ਹੇਠਾਂ ਭਾਸ਼ਾਈ ਮਹੱਤਾ ਵਾਲੇ ਅੰਤਰ ਦੇ ਉਦਾਹਰਨ ਦਿੱਤੇ ਜਾਂਦੇ ਹਨ । ਇਨ੍ਹਾਂ ਉਦਾਹਰਨਾਂ ਵਿਚ ਦੀਰਘ ਸੁਰ ਨੂੰ ਹੋਰ ਲਮਕਾ ਕੇ ਬੋਲਿਆਂ ਅਰਥ ਬਦਲ ਜਾਂਦਾ ਹੈ । /ਗਲ੍ਹਾ/ (ਚੱਕੀ ਦਾ ਗਲ੍ਹਾ) ਤੇ /ਗਲ੍ਹਾਂ/ (ਕ੍ਰਿਆ—ਗਾਲ੍ਹਨਾਂ ਤੋਂ) ; /ਰਲ੍ਹਾ/ (ਮਿਲਾਵਟ)

1. ਅੰਗਰੇਜ਼ੀ ਸ਼ਬਦ syllable ਦਾ ਅਨੁਵਾਦ ਇੱਥੇ ਮਾਤ੍ਰਾ ਜਾਂ ਉਚਾਰਖੰਡ ਕੀਤਾ ਗਿਆ ਹੈ, ਹਿੰਦੀ ਵਾਂਗ 'ਅੱਖਰ' ਨਹੀਂ । ਕਿਉਂਕਿ ਪੰਜਾਬੀ ਵਿਚ ਸ਼ਬਦ 'ਅੱਖਰ' ਅੰਗਰੇਜ਼ੀ letter, ਅਥਵਾ character ਦੇ ਅਰਥਾਂ ਵਿਚ ਪਹਿਲਾਂ ਤੋਂ ਪ੍ਰਚਲਿਤ ਹੈ ।

Sri Satguru Jagjit Singh Ji Elibrary NamdhariElibrary@gmail.com

ਤੇ /ਰਲਾੱ/ (ਮਿਲਾ ਦੇ) : /ਤੋਲ/ (ਕ੍ਰਿਆ) ਤੇ /ਤੋੱਲ/ (ਨਾਂਵ) ; /ਬੋਲ/ (ਕ੍ਰਿਆ) ਤੇ /ਬੋੱਲ/ (ਨਾਂਵ) : /ਦੇ/ (ਕ੍ਰਿਆ) ਤੇ /ਦੇੱ/ (ਨਾਂਵ—ਆਦਮਖੋਰ ਦੇ) ਆਦਿ ਸ਼ਬਦਾਂ ਵਿਚ ੱ ਚਿੰਨ੍ਹ ਲਾ ਕੇ ਲਮੇਰਾ ਲਮਕਾਂ ਪ੍ਰਗਟ ਕੀਤਾ ਗਿਆ ਹੈ । ਇਸ ਲਮਕਾਂ ਨਾਲ ਅਰਥਾਂ ਵਿਚ ਫਰਕ ਪੈ ਗਿਆ ਹੈ, ਪਰ ਇਸ ਅੰਤਰ ਨੂੰ ਅੰਕਿਤ ਕਰਨ ਲਈ ਵੀ ਸਾਧਾਰਨ ਲਿਪੀ ਵਿਚ ਕੋਈ ਚਿੰਨ੍ਹ ਨਹੀਂ । ਕੇਵਲ ਅੱਗਾ-ਪਿੱਛਾ ਜਾਂਚ ਕੇ ਹੀ ਠੀਕ ਅਰਥ ਸਮਝਿਆ ਜਾਂਦਾ ਹੈ ।

ਉਤੇ ਸਾਧਾਰਨ ਨਾਲੋਂ ਘੱਟ ਲਮਕਾਂ ਵਾਲੇ ਦੀਰਘ ਸੁਰਾਂ ਦੇ ਉਦਾਹਰਨ ਵੀ ਦਿੱਤੇ ਜਾ ਚੁਕੇ ਹਨ—'ਘੋੜੀਆਂ' ਵਿਚ /ੜ/ ਪਿਛਲੀ /ਈ/ ਸਾਧਾਰਣ /ਈ/ ਨਾਲੋਂ ਘੱਟ ਲੰਮੀ ਹੈ । ਇਵੇਂ ਹੀ 'ਘੋੜਿਆਂ' ਵਿਚ /ੜ/ ਪਿਛੋਂ ਆਉਣ ਵਾਲਾ ਸੁਰ /ਇ/ ਨਾਲ ਅੰਕਿਤ ਕੀਤਾ ਗਿਆ ਹੈ, ਪਰ ਅਸਲ ਵਿਚ ਇਹ /ਏ/ ਦਾ ਕੁਝ ਛੋਟਾ ਰੂਪ ਹੈ ('ਘੋੜੇ' ਤੋਂ 'ਘੋੜੇਆਂ') ।

ਇੰਜ ਦੀਰਘ ਸੁਰਾਂ ਦੇ ਵੀ ਤਿੰਨ ਦਰਜੇ ਹੋ ਸਕਦੇ ਹਨ—ਸਾਧਾਰਨ ਲਮਕਾਂ 'ਘੜੀ' ਦੇ ਸੁਰ /ਈ/ ਦੀ ਲੰਮਾਈ : ਵਡੇਰਾ ਲਮਕਾਂ : ਰਲਾ (ਮਿਲਾ ਦੇ) ਦੇ ਅੰਤਿਮ ਸੁਰ ਵਿਚ ; ਛੁਟੇਰਾ ਲਮਕਾਂ : 'ਘੋੜੀਆਂ' ਦੀ /ਈ/ ਵਿਚ ।

ਸੁਰਾਂ ਦੀ ਵਰਤੋਂ ਸੰਬੰਧੀ ਕੁਝ ਨੁਕਤੇ ਉੱਚਾਰਨ ਦੇ ਵਿਵਰਨ ਵਿਚ ਦਿੱਤੇ ਗਏ ਹਨ । ਇਥੇ ਸ਼ਬਦ ਵਿਚ ਸੁਰਾਂ ਦੀ ਸਥਿਤੀ ਦੇ ਬਾਰੇ ਸੰਖੇਪ ਵਿਚ ਦੱਸਿਆ ਜਾਂਦਾ ਹੈ ।

(ਕ) ਪੰਜਾਬੀ ਦੇ ਹ੍ਰਸ੍ਵ ਸੁਰ ਸ਼ਬਦਾਂ ਦੇ ਅੰਤ ਵਿਚ ਕਦੇ ਨਹੀਂ ਆਉਂਦੇ । ਅਸਲ ਵਿਚ ਪੰਜਾਬੀ ਸ਼ਬਦਾਂ ਦੇ ਆਰੰਭ ਵਿਚ ਹ੍ਰਸ੍ਵ ਸੁਰਾਂ ਦਾ ਵਧੇਰੇ ਵਿਹਾਰ ਕਰਦੀ ਹੈ ਤੇ ਅੰਤ ਵਿਚ ਦੀਰਘ ਸੁਰਾਂ ਦਾ । ਦੀਰਘ ਸੁਰ ਸ਼ਬਦਾਂ ਦੇ ਆਰੰਭ ਵਿਚ ਵੀ ਖੁਲ੍ਹੇ ਵਰਤੀਂਦੇ ਹਨ, ਪਰ ਹ੍ਰਸ੍ਵ ਸੁਰ ਨਹੀਂ ਵਰਤੇ ਜਾਂਦੇ ।

ਹ੍ਰਸ੍ਵ ਸੁਰ, ਸ਼ਬਦਾਂ ਦੇ ਵਿਚਾਲੇ ਵੀ ਖਾਸ-ਖਾਸ ਸਥਿਤੀਆਂ ਵਿਚ ਹੀ ਆਉਂਦੇ ਹਨ, ਆਮ ਤੌਰ ਤੇ ਵਿਚਾਲੇ ਵੀ ਹ੍ਰਸ੍ਵ ਸੁਰ ਨਹੀਂ ਵਰਤੇ ਜਾਂਦੇ ।

ਮੁਲਤਾਨੀ ਵਿਚ ਹ੍ਰਸ੍ਵ ਸੁਰ, ਕੁਝ ਕੁ ਸ਼ਬਦਾਂ ਦੇ ਅੰਤ ਵਿਚ ਵੀ ਅਜੇ ਟਿਕੇ ਆ ਰਹੇ ਹਨ—/ਪਿਤਰੇਰੁ/ (ਪੁ.), /ਪਿਤਰੇਰਿ/ (ਇ. ਲਿੰ.), /ਖਚੁਰੁ/ (ਪੁ.), /ਖਚਿਰਿ/ (ਇ. ਲਿੰ.), /ਆਖਿਉਸੁ/ (ਉਸ ਨੇ ਆਖਿਆ) ਆਦਿ ਕੁਝ ਉਦਾਹਰਨ ਹਨ । ਪਰ ਇਹ ਅਖੀਰੀ ਹ੍ਰਸ੍ਵ ਸੁਰ ਮੁਲਤਾਨੀ ਵਿਚੋਂ ਵੀ ਖ਼ਤਮ ਹੁੰਦੇ ਜਾ ਰਹੇ ਹਨ ।

(ਖ) ਸ਼ਬਦਾਂ ਦੇ ਆਰੰਭ ਵਿਚ ਦੋ ਸੁਰ ਇਕੱਠੇ ਨਹੀਂ ਆਉਂਦੇ ਪਰ ਅੰਤ ਵਿਚ ਤਿੰਨ-ਚਾਰ,ਤੇ ਥੋੜ੍ਹੇ ਜੇਹੇ ਸ਼ਬਦਾਂ ਵਿਚ ਪੰਜ ਸੁਰ ਵੀ ਇਕੱਠੇ ਮਿਲਦੇ ਹਨ—/ਸੁਣਾਇਆ/, /ਜਾਇਓ/, /ਖੁਆਇਆ/, /ਪਿਆਈਦੇ/, /ਪਿਆਇਆਈ/, /ਖੁਆਇਆਈ/ ਆਦਿ ।

(ਗ) /ਐ/ (ੈ) ਤੇ /ਔ/ (ੌ) ਅੰਤਿਮ ਸਥਿਤੀ ਵਿਚ ਕੇਵਲ ਥੋੜ੍ਹੇ ਜੇਹੇ ਇਕ-ਮਾਤ੍ਰਿਕ (monosyllabic) ਸ਼ਬਦਾਂ ਵਿਚ ਮਿਲਦੇ ਹਨ /ਮੈਂ, ਭੈ, ਸੌਂ, ਭੌਂ/ ਆਦਿ । ਲੰਮੇਰੇ ਸ਼ਬਦਾਂ ਵਿਚ ਇਹ ਦੋਵੇਂ ਅੰਤ ਵਿਚ ਬਿਲਕੁਲ ਨਹੀਂ ਆਉਂਦੇ ।

/ਐ/ ਤੇ /ਔ/ ਦੋਵੇਂ ਹੀ ਸੰਸਕ੍ਰਿਤ ਕਾਲ ਤੋਂ ਹੁਣ ਤਕ, ਕਈ ਰੂਪ ਬਦਲ ਚੁਕੇ ਹਨ । ਅੱਜ ਇਹ ਦੋਵੇਂ ਪੰਜਾਬੀ ਵਿਚ ਇਕਹਿਰੇ ਸੁਰ (monophthong) ਹਨ, ਪਰ

1. ਬਹੁਤ ਥੋੜ੍ਹੇ ਸ਼ਬਦ ਕੇਵਲ ਸੁਰਾਂ ਨਾਲ ਹੀ ਬਣਦੇ ਹਨ ।

Sri Satguru Jagjit Singh Ji Elibrary NamdhariElibrary@gmail.com

ਅੱਜ ਤੋਂ ਕੁਝ ਸੌ ਸਾਲ ਪਹਿਲਾਂ ਇਹ ਦੁਸੰਧੀ ਸੁਰ (diphthongs) ਸਨ । /ਔ/ 'ਆਦਿ ਗ੍ਰੰਥ ਸਾਹਿਬ' ਵਿਚ ਵਧੇਰੇ ਦੁਸੰਧੀ ਸੁਰ ਦੇ ਰੂਪ ਵਿਚ ਹੀ ਮਿਲਦਾ ਹੈ—/ਕੌਣ/ ਨੂੰ ਗੁਰਬਾਣੀ ਵਿਚ /ਕਉਣ/ (ਜਾਂ ਕਵਣ) ਹੀ ਲਿਖਿਆ ਹੈ । ਹੋਰ ਬਥੇਰੇ ਉਦਾਹਰਨ ਹਨ । ਅਸਲ /ਐ/, ਗੁਰਬਾਣੀ ਵਿਚ, ਬਹੁਤ ਘੱਟ ਆਇਆ ਹੈ ।

ਇਹ ਵਿਚਾਰਨ ਜੋਗ ਹੈ ਕਿ ਉਦੋਂ /ਐ/ ਕੇਵਲ ਅੰਤਿਮ ਧੁਨੀ ਸੀ[1] ਹੁਣ ਇਹ ਅੰਤ ਵਿਚੋਂ ਕਰੀਬ-ਕਰੀਬ ਮੁੱਕ ਹੀ ਗਈ ਹੈ ।

## ਦੁਸੰਧੀ ਸੁਰ (diphthongs)

ਜਦੋਂ ਇਕੱਠੇ ਆਉਣ ਵਾਲੇ ਦੋਹ ਸੁਰਾਂ ਦਾ ਉੱਚਾਰਨ ਇੱਕੋ ਸੁਰ ਵਾਂਗ ਹੋਵੇ, ਉਨ੍ਹਾਂ ਦੋਹਾਂ ਨੂੰ ਮਿਲਾ ਕੇ 'ਦੁਸੰਧੀ ਸੁਰ' ਆਖਿਆ ਜਾਂਦਾ ਹੈ । ਪੰਜਾਬੀ ਵਿਚ ਥੋੜ੍ਹੇ ਜੇਹੇ ਦੁਸੰਧੀ ਸੁਰ ਉਚਾਰੇ ਜਾਂਦੇ ਹਨ । ਇਨ੍ਹਾਂ ਵਿਚੋਂ ਪਹਿਲਾ ਸੁਰ ਹ੍ਰਸਵ ਤੇ ਦੂਜਾ ਦੀਰਘ ਹੁੰਦਾ ਹੈ । /ਸੁਣਾਇਆ/ ਵਿਚ ਅੰਤਿਮ /-ਇਆ/, /ਪਈ/ ਵਿਚ ਅੰਤਿਮ /-ਅਈ/, /ਖੂਆ/ ਵਿਚ /-ਊਆ/ ਦੁਸੰਧੀ ਸੁਰ ਦੇ ਉਦਾਹਰਨ ਹਨ ।

## ਪੰਜਾਬੀ ਵਿਅੰਜਨ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਾ ਹੈ, ਪੰਜਾਬੀ ਦੀਆਂ ਸਾਰੀਆਂ ਵਿਅੰਜਨ ਧੁਨੀਆਂ ਲਈ ਗੁਰਮੁਖੀ ਲਿਪੀ ਵਿਚ ਅੱਖਰ ਨਹੀਂ । ਹੇਠਾਂ (ਕ) ਵਿਚ ਪਹਿਲਾਂ ਅਜੇਹੇ ਵਿਅੰਜਨ ਲਿਖੇ ਗਏ ਹਨ, ਜਿਨ੍ਹਾਂ ਲਈ ਲਿਪੀ-ਚਿੰਨ੍ਹ (ਅੱਖਰ) ਬਣੇ ਹੋਏ ਹਨ ! ਇਨ੍ਹਾਂ ਨੂੰ ਗੁਰਮੁਖੀ ਦੀ ਰਵਾਇਤੀ ਤਰਤੀਬ ਮੁਤਾਬਕ ਹੀ ਲਿਖਿਆ ਗਿਆ ਹੈ । ਫੇਰ, (ਖ) ਵਿਚ, ਉਹ ਵਿਅੰਜਨ ਦਿੱਤੇ ਹਨ, ਜਿਹੜੇ ਪੰਜਾਬੀ ਵਿਚ ਵਰਤੇ ਜਾਂਦੇ ਹਨ, ਪਰ ਉਨ੍ਹਾਂ ਲਈ ਗੁਰਮੁਖੀ ਅੱਖਰ ਮੌਜੂਦ ਨਹੀਂ ।

(ਕ) ਉਹ ਵਿਅੰਜਨ[2] ਜਿਨ੍ਹਾਂ ਲਈ ਗੁਰਮੁਖੀ ਅੱਖਰ ਬਣੇ ਹੋਏ ਹਨ :

| | | | | |
|---|---|---|---|---|
| | | | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

(ਖ) ਉਹ ਵਿਅੰਜਨ ਜਿਨ੍ਹਾਂ ਲਈ ਗੁਰਮੁਖੀ ਅੱਖਰ ਨਹੀਂ ਹਨ । ਇਨ੍ਹਾਂ ਨੂੰ ਲਿਖਣ ਲਈ ਉਪਰ ਦਿੱਤੇ ਗਏ ਅੱਖਰਾਂ ਵਿਚੋਂ ਕਿਸੇ ਨੇੜੇ ਦੀ ਧੁਨੀ ਵਾਲੇ ਅੱਖਰ ਨਾਲ ਕੋਈ ਹੋਰ ਚਿੰਨ੍ਹ ਜੋੜਿਆ ਜਾਂਦਾ ਹੈ । ਇਹ ਹਨ :

ਫ਼ ਸ਼ ਜ਼ ਲ਼

1. 'ਆਦਿ ਗ੍ਰੰਥ ਸਾਹਿਬ' ਵਿਚ 'ਮੂਹੈ, ਜੀਤੈ, ਕੈ' ਆਦਿ ਕੁਝ ਗਿਣਤੀ ਦੇ ਸ਼ਬਦਾਂ ਵਿਚ ਹੀ /ਐ/ ਵਰਤਿਆ ਮਿਲਦਾ, ਹੈ ।

2. ਘ, ਝ, ਢ, ਧ, ਭ' ਬਾਰੇ ਪੜ੍ਹੋ 'ਪੰਜਾਬੀ ਉੱਚਾਰਨ' ਵਾਲਾ ਅਧਿਆਇ ।

Sri Satguru Jagjit Singh Ji Elibrary NamdhariElibrary@gmail.com

## ਪੰਜਾਬੀ ਵਿਅੰਜਨਾਂ ਦੀ ਵਿਗਿਆਨਿਕ ਵੰਡ

ਭਾਰਤ ਦੇ ਪ੍ਰਾਚੀਨ ਵਿਆਕਰਨ-ਸ਼ਾਸਤ੍ਰੀਆਂ ਨੇ ਆਪਣੀਆਂ ਭਾਸ਼ਾ-ਧੁਨੀਆਂ ਦੀ ਵੰਡ ਬੜੇ ਵਿਗਿਆਨਿਕ ਢੰਗ ਨਾਲ ਕੀਤੀ ਹੋਈ ਸੀ। ਸੰਸਾਰ ਦੀ ਹੋਰ ਕਿਸੇ ਭਾਸ਼ਾ ਵਿਚ ਲਿਪੀ ਦੇ ਅੱਖਰਾਂ ਦੀ ਵੰਡ ਤੇ ਤਰਤੀਬ ਇੰਨੀ ਸੁਚੱਜੀ ਤੇ ਵਿਗਿਆਨਿਕ ਨਹੀਂ। ਅੱਖਰ ਐਂਵੇਂ ਬੇਥਵ੍ਹੇ ਹੀ ਰੱਖੇ ਹੋਏ ਹਨ। ਫ਼ਾਰਸੀ ਤੇ ਰੋਮਨ ਅੱਖਰਾਂ ਦੀ ਤਰਤੀਬ ਤੋਂ ਪਾਠਕ ਜਾਣੂ ਹੀ ਹਨ। ਭਾਰਤੀ ਲਿਪੀਆਂ-ਗੁਰਮੁਖੀ, ਦੇਵਨਾਗਰੀ, ਕੈਥੀ, ਬੰਗਲਾ ਆਦਿ-ਦੀ ਵੰਡ ਨੇ ਆਧੁਨਿਕ ਭਾਸ਼ਾ ਵਿਗਿਆਨੀਆਂ ਨੂੰ ਵੀ ਚਕਿਤ ਕਰ ਦਿੱਤਾ ਹੈ। ਪਰ ਆਧੁਨਿਕ ਭਾਸ਼ਾ ਵਿਗਿਆਨ ਦੇ ਸਿੱਧਾਂਤ ਸਾਰੇ ਸੰਸਾਰ ਦੀਆਂ ਭਾਸ਼ਾਈ ਲੋੜਾਂ ਨੂੰ ਸਾਹਮਣੇ ਰੱਖ ਕੇ ਬਣਾਏ ਗਏ ਹਨ, ਤੇ ਅਜੋਕੀ ਖੋਜ ਨੇ ਉੱਚਾਰਨ ਸੰਬੰਧੀ ਕੁਝ ਨਵੇਂ ਟੀਚੇ ਅਪਣਾਏ ਹਨ, ਇਸ ਲਈ ਭਾਰਤੀ ਧੁਨੀਆਂ ਦੀ ਵੰਡ ਵੀ, ਅੱਜ-ਕਲ੍ਹ ਨਵੀਆਂ ਲੀਹਾਂ ਤੇ ਕੀਤੀ ਜਾਂਦੀ ਹੈ।

ਆਧੁਨਿਕ ਭਾਸ਼ਾ ਵਿਗਿਆਨ ਅਨੁਸਾਰ ਪੰਜਾਬੀ ਧੁਨੀਆਂ ਦੀ ਵੰਡ ਇੰਜ ਹੋਵੇਗੀ :

**[1]ਡਕਵੇਂ ਵਿਅੰਜਨ :** ਕ ਖ ਗ ਘ
**(stops)** ਚ ਛ ਜ ਝ
ਟ ਠ ਡ ਢ
ਤ ਥ ਦ ਧ
ਪ ਫ ਬ ਭ/ [2]

**[3]ਨਾਸਿਕੀ ਵਿਅੰਜਨ**
**(nassals)**
ਅਲਪਪ੍ਰਾਣ, ਨਾਦੀ-/ ਙ ਞ ਣ ਨ ਮ/

**[4]ਪਾਸੇਵੰਨੇ (ਪਾਰਸ਼੍ਵਿਕ) ਵਿਅੰਜਨ**
**(laterals)**
,ਅਲਪਪ੍ਰਾਣ, ਨਾਦੀ -/ਲ ਲ਼/

---

1. ਡਕਵੇਂ ਵਿਅੰਜਨ (stops) ਉਹ ਹਨ ਜਿਨ੍ਹਾਂ ਦੇ ਉੱਚਾਰਨ ਵਿਚ ਕੋਈ ਦੋ ਉੱਚਾਰਨ-ਅੰਗ ਆਪਸ ਵਿਚ ਮਿਲ ਕੇ ਬਾਹਰ ਨੂੰ ਨਿਕਲਦੇ ਸਾਹ ਨੂੰ ਇਕ ਵਾਰੀ ਬਿਲਕੁਲ ਡੱਕ ਦੇਂਦੇ ਹਨ। ਫੇਰ ਜਦੋਂ ਇਹ ਉੱਚਾਰਨ-ਅੰਗ ਖੁਲ੍ਹਦੇ ਹਨ ਤਾਂ ਸਾਹ ਇਕ ਧੱਕੇ ਨਾਲ ਬਾਹਰ ਨਿਕਲਦਾ ਹੈ ਤੇ ਇੰਜ ਇਨ੍ਹਾਂ ਧੁਨੀਆਂ ਦੀ ਸਿਰਜਨਾ ਹੁੰਦੀ ਹੈ। ਧੱਕੇ ਅਥਵਾ ਧਮਾਕੇ ਨਾਲ ਉੱਚਾਰਨ ਹੋਣ ਕਰਕੇ ਇਨ੍ਹਾਂ ਨੂੰ plosive ਜਾਂ explosive ਅਰਥਾਤ 'ਸਫੋਟਕ' ਧੁਨੀਆਂ ਵੀ ਕਿਹਾ ਜਾਂਦਾ ਹੈ। ਹਿੰਦੀ ਵਿਚ ਇਨ੍ਹਾਂ ਨੂੰ 'ਸਪਰਸ਼' ਕਹਿਣ ਦੀ ਪ੍ਰਥਾ ਹੈ, ਜੋ ਸ਼ੁੱਧ ਨਹੀਂ।

2. / / ਧੁਨੀ-ਵਿਗਿਆਨਿਕ ਚਿੰਨ੍ਹ (phonemic sign) ਹੈ। ਇਸ ਦੇ ਅੰਦਰ ਪੂਰੀ ਤਰ੍ਹਾਂ ਉਸੇ ਰੂਪ ਵਿਚ ਲਿਖਿਆ ਜਾਂਦਾ ਹੈ ਜਿੱਦਾਂ ਉੱਚਾਰਨ ਹੁੰਦਾ ਹੈ-/ਬਾ/ਰ/ ਮਾਝੇ ਦੇ ਉੱਚਾਰਨ ਵਿਚ ਉਸ ਸ਼ਬਦ ਦਾ ਰੂਪ ਹੈ ਜਿਸ ਨੂੰ ਅਸੀਂ 'ਬਾਹਰ' ਲਿਖਦੇ ਹਾਂ। '/' ਸੁਰ (tone) ਨੂੰ ਅੰਕਿਤ ਕਰਦਾ ਹੈ। ਇਸ ਚਿੰਨ੍ਹ ਦੇ ਵਿਚ ਲਿਖੀ ਧੁਨੀ ਨੂੰ /ਕ/ ਪੜ੍ਹਨਾ ਹੈ 'ਕੱਕਾ' ਨਹੀਂ, 'ਕੱਕਾ,' ਤਾਂ ਇਸ ਨੂੰ ਅੰਕਿਤ ਕਰਨ ਵਾਲੇ ਲਿਪੀ-ਚਿੰਨ੍ਹ ਅਰਥਾਤ ਅੱਖਰ ਦਾ ਨਾਮ ਹੈ।

3. ਇਨ੍ਹਾਂ ਦੇ ਉੱਚਾਰਨ ਵਿਚ, ਸਾਹ ਨੂੰ ਉਤੇ ਦੱਸੇ ਵਾਂਗ ਡੱਕਾ ਲਗਦਾ ਹੈ, ਪਰ ਨੱਕ ਦਾ ਰਸਤਾ ਖੁਲ੍ਹਾ ਹੋਣ ਕਰ ਕੇ ਸਾਹ ਨੱਕ ਥਾਣੀਂ ਬਾਹਰ ਜਾਂਦਾ ਹੈ। ਹਾਂ, ਧੁਨੀ ਉਦੋਂ ਹੀ ਬਣਦੀ ਹੈ ਜਦੋਂ ਮੂੰਹ ਵਿਚ ਸਫੋਟ ਹੋਵੇ।

4. ਪਾਸੇਵੰਨੀਆਂ ਜਾਂ ਪਾਰਸ਼੍ਵਿਕ ਧੁਨੀਆ—ਇਨ੍ਹਾਂ ਦੇ ਉੱਚਾਰਨ ਵਿਚ ਜੀਭ ਦੀ ਨੋਕ ਤਾਲੂ ਨੂੰ ਲਗਦੀ ਹੈ, ਪਰ ਸਾਹ ਨੂੰ ਪੂਰਾ ਡੱਕਾ ਨਹੀਂ ਲਗਦਾ, ਜੀਭ ਦੇ ਦੋਹਾਂ ਪਾਸਿਆਂ ਰਾਹੀਂ ਸਾਹ ਬਾਹਰ ਨਿਕਲਦਾ ਰਹਿੰਦਾ ਹੈ। ਪਰ ਉੱਚਾਰਨ ਉਦੋਂ ਹੀ ਪੂਰਾ ਹੁੰਦਾ ਹੈ ਜਦੋਂ ਜੀਭ ਫੇਰ ਤਾਲੂ ਨਾਲੋਂ ਵੱਖ ਹੋ ਜਾਵੇ।

Sri Satguru Jagjit Singh Ji Elibrary NamdhariElibrary@gmail.com

[1]ਕਾਂਬਵੇਂ ਵਿਅੰਜਨ

(trills)

ਅਲਪਪ੍ਰਾਣ, ਨਾਦੀ -/ਰ/

[2]ਫਟਕਵੇਂ (ਉਤਖਿਪਤ) ਵਿਅੰਜਨ :

(flapped)

ਅਲਪਪ੍ਰਾਣ, ਨਾਦੀ - -/ੜ/

[3]ਖਹਿਵੇਂ (ਸੰਘਰਸ਼ੀ) ਵਿਅੰਜਨ :

(fricatives)

ਅਲਪਪ੍ਰਾਣ, ਨਾਦ ਰਹਿਤ /ਫ਼ ਸ ਸ਼/

ਅਲਪਪ੍ਰਾਣ ਨਾਦੀ -/ਜ਼/

ਮਹਾਪ੍ਰਾਣ, ਨਾਦੀ -/ਹ/

[4]ਅੱਧ-ਸੁਰ

(Semi-vowel) /ਯ ਵ/

ਇਨ੍ਹਾਂ ਵਿਅੰਜਨਾਂ ਦੀ, ਉੱਚਾਰਨ ਦੇ ਸਥਾਨ ਦੇ ਆਧਾਰ ਉਤੇ, ਅੱਗੇ ਹੋਰ ਵੰਡ ਕੀਤੀ ਜਾਂਦੀ ਹੈ ਪਰ ਇੱਥੇ ਵਧੇਰੇ ਬਾਰੀਕੀ ਵਿਚ ਜਾਣ ਦੀ ਲੋੜ ਨਹੀਂ ਸਮਝੀ ਗਈ। ਮੋਟੀ ਵੰਡ ਉਪਰ ਦੱਸ ਦਿੱਤੀ ਗਈ ਹੈ। ਹੁਣ ਇਨ੍ਹਾਂ ਧੁਨੀਆਂ ਬਾਰੇ ਕੁਝ ਜ਼ਰੂਰੀ ਜਾਣਕਾਰੀ ਕਰਵਾਈ ਜਾਏਗੀ।

ਉਤੇ ਦਿੱਤੇ ਵੇਰਵੇ ਅਨੁਸਾਰ ਪੰਜਾਬੀ ਵਿਚ 36 ਵਿਅੰਜਨ ਹਨ। ਇਨ੍ਹਾਂ ਵਿਚੋਂ ਚਾਰ ਧੁਨੀਆਂ /ਫ਼ ਸ਼ ਜ਼ ਯ/ ਠੇਠ ਪੇਂਡੂ ਪੰਜਾਬੀ ਵਿਚ ਨਹੀਂ ਵਰਤੀਆਂ ਜਾਂਦੀਆਂ, ਪਰ, ਪੜ੍ਹੇ ਲਿਖੇ ਸਮਾਜ ਵਿਚ ਆਮ ਬੋਲੀਆਂ ਜਾਂਦੀਆਂ ਹਨ। ਇੰਜ ਪੰਜਾਬੀ ਦਾ ਧੁਨੀ-ਭੰਡਾਰ ਕਾਫ਼ੀ ਵਿਸ਼ਾਲ ਹੈ, ਇੰਨੀਆਂ ਵਿਅੰਜਨ ਧੁਨੀਆਂ ਬਹੁਤ ਘੱਟ ਭਾਸ਼ਾਵਾਂ ਵਿਚ ਮਿਲਦੀਆਂ ਹਨ।

ਡਕਵੇਂ ਵਿਅੰਜਨਾਂ ਵਿਚੋਂ, ਮਹਾਪ੍ਰਾਣ ਧੁਨੀਆਂ 'ਖ ਛ ਠ ਥ ਫ-ਘ ਝ ਢ ਧ ਭ' ਭਾਰਤੀ-ਆਰੀਆ ਭਾਸ਼ਾਵਾਂ ਦੀ ਵਿਸ਼ੇਸ਼ਤਾ ਹੈ। ਇਹ ਸਾਰੀਆਂ ਧੁਨੀਆਂ ਭਾਰਤ ਤੋਂ ਬਾਹਰ ਆਰੀਆ ਸ੍ਰੋਤ ਦੀ ਕਿਸੇ ਭਾਸ਼ਾ ਵਿਚ ਨਹੀਂ ਮਿਲਦੀਆਂ।

---

1 ਕਾਂਬਵੀਆਂ ਧੁਨੀਆਂ ਦੇ ਉੱਚਾਰਨ ਵਿਚ ਜੀਭ ਵਿਚ ਮਾਮੂਲੀ ਥਰਥਰਾਟ ਜੇਹੀ ਪੈਂਦੀ ਹੈ, ਜੇ ਉੱਚਾਰਨ ਥੋੜਾ ਲਮਕਾ ਕੇ ਕੀਤਾ ਜਾਵੇ ਤਾਂ ਜੀਭ ਦੀ ਨੋਕ ਥੁੱਟ ਨੂੰ ਝਟ-ਪਟ ਦੋ ਤਿੰਨ ਵਾਰ ਛੂੰਹਦੀ ਹੈ।

2. ਫਟਕਵੇਂ (ਉਤਖਿਪਤ) ਵਿਅੰਜਨਾਂ ਦੇ ਉੱਚਾਰਨ ਵਿਚ ਜੀਭ ਤਾਲੂ ਨੂੰ ਛੂਹ ਕੇ ਫੇਰ ਝਟਕੇ ਨਾਲ ਹੇਠ ਆਉਂਦੀ ਹੈ, ਇੰਞ ਜੀਭ ਦਾ ਇਕ ਝਟਕਾ ਜਿਹਾ ਵਜਦਾ ਹੈ।

3.ਖਹਿਵੇਂ (ਸੰਘਰਸ਼ੀ) ਵਿਅੰਜਨਾਂ ਦੇ ਉੱਚਾਰਨ ਲਈ ਦੋਵੇਂ ਦੋ ਉੱਚਾਰਨ-ਅੰਗ ਛੂੰਹਦੇ ਨਹੀਂ, ਪਰ ਇਕ ਦੂਜੇ ਦੇ ਇੰਨੇ ਨੇੜੇ ਆ ਜਾਂਦੇ ਹਨ ਕਿ ਬਾਹਰ ਨੂੰ ਜਾਂਦਾ ਸਾਹ ਰਗੜ ਖਾ ਕੇ ਅਥਵਾ ਖਹਿਕੇ ਨਿਕਲਦਾ ਹੈ, ਜਿਸ ਨਾਲ ਖਹਿਵੀਆਂ ਧੁਨੀਆਂ ਬਣਦੀਆਂ ਹਨ।

4. ਅੱਧ-ਸੁਰ ਅਸਲ ਵਿਚ ਸੰਘਰਸ਼ੀ ਧੁਨੀਆਂ ਹੀ ਹਨ, ਪਰ ਇਨ੍ਹਾਂ ਦੇ ਉੱਚਾਰਨ ਵਿਚ ਉਚਾਰਨ-ਅੰਗ ਇੰਨੇ ਨੇੜੇ ਨਹੀਂ ਆਉਂਦੇ ਜਿੰਨੇ ਰਗੜਵੀਆਂ (ਖਹਿਵੀਆਂ) ਧੁਨੀਆਂ ਲਈ ਆਉਂਦੇ ਹਨ। ਅੱਧ-ਸੁਰ ਇਨ੍ਹਾਂ ਰਗੜਵੇਂ ਵਿਅੰਜਨਾਂ ਤੇ ਸੁਰਾਂ ਦੇ ਵਿਚਾਲੇ ਦੀਆਂ ਧੁਨੀਆਂ ਹਨ। ਉੱਚਾਰਨ-ਅੰਗ ਥੋੜੇ ਜੇਹੇ ਹੋਰ ਨੇੜੇ ਹੋ ਜਾਣ ਤਾਂ ਵਿਅੰਜਨ (ਖਹਿਵਾਂ) ਬਣ ਜਾਏਗਾ, ਜੇ ਵਿੱਥ ਕੁਝ ਵਧੇਰੇ ਹੋ ਜਾਏ ਤਾਂ ਸੁਰ ਬਣ ਜਾਏਗਾ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਵਿਅੰਜਨਾਂ ਵਿਚੋਂ /ਹ/ ਤੇ /ਘ ਝ ਢ ਧ ਭ/ ਦਾ ਉੱਚਾਰਨ ਦੂਜੀਆਂ ਭਾਰਤੀ-ਆਰੀਆ ਭਾਸ਼ਾਵਾਂ ਦੀਆਂ ਇਨ੍ਹਾਂ ਧੁਨੀਆਂ ਨਾਲੋਂ ਕਾਫੀ ਵੱਖਰਾ ਹੈ। ਇਸ ਸੰਬੰਧ ਵਿਚ ਉੱਚਾਰਨ ਦੇ ਅਧਿਆਇ ਵਿਚ ਵਿਸਤਾਰ ਪੂਰਵਕ ਲਿਖਿਆ ਗਿਆ ਹੈ।

ਉਪਰੋਕਤ ਵਿਅੰਜਨਾਂ ਵਿਚੋਂ /ਙ/ ਤੇ /ਞ/ ਪ੍ਰਾਚੀਨ ਕਾਲ ਤੋਂ ਹੀ ਬਹੁਤ ਥੋੜ੍ਹੇ ਸ਼ਬਦਾਂ ਵਿਚ ਵਰਤੇ ਜਾਂਦੇ ਰਹੇ ਹਨ, ਤੇ ਪੰਜਾਬੀ ਵਿਚੋਂ ਹੁਣ ਇਹ ਲਗ-ਪਗ ਖਤਮ ਹੋ ਰਹੇ ਹਨ; ਜਿਨ੍ਹਾਂ ਸ਼ਬਦਾਂ ਵਿਚ ਅਜੇ ਇਹ ਟਿਕੇ ਹੋਏ ਹਨ, ਉਨ੍ਹਾਂ ਦਾ ਉੱਚਾਰਨ ਵੀ ਬਦਲਦਾ ਜਾ ਰਿਹਾ ਹੈ। ਇੰਜ ਅੱਜ ਦੇ ਉੱਚਾਰਨ ਵਿਚ /ਮੰਙਣ/ ਨੂੰ /ਮੰਗਣ/, /ਸਿੰਙ/ ਨੂੰ /ਸਿੰਗ/ /ਇੰਞਾਣਾ/ ਨੂੰ /ਇੰਜਾਂਣਾਂ/, /ਇੰਞ/ ਨੂੰ /ਇੰਜ/, ਕਹਿਣ ਦੀ ਰੁਚੀ ਵਧਦੀ ਜਾ ਰਹੀ ਹੈ। ਜਾਪਦਾ ਹੈ ਆਉਣ ਵਾਲੇ ਸਮੇਂ ਵਿਚ ਇਹ ਦੋਵੇਂ ਧੁਨੀਆਂ ਕੇਵਲ ਲਿਪੀ-ਚਿੰਨ੍ਹਾਂ ਵਿਚ ਹੀ ਰਹਿ ਜਾਣਗੀਆਂ।

/ਣ/ ਦੀ ਵਰਤੋਂ ਪੰਜਾਬੀ ਵਿਚ ਲਾਗ ਦੀਆਂ ਭਾਸ਼ਾਵਾਂ, (ਹਿੰਦੀ, ਰਾਜਸਥਾਨੀ ਆਦਿ) ਨਾਲੋਂ ਬਹੁਤ ਵਧੇਰੇ ਹੁੰਦੀ ਹੈ। ਇਸ ਸੰਬੰਧ ਵਿਚ ਪਹਿਲਾਂ ਲਿਖਿਆ ਜਾ ਚੁੱਕਾ ਹੈ। ਕ੍ਰਿਆ-ਰੂਪਾਂ /ਔਣਾ, ਜਾਣਾ, ਲਿਖਣਾ, ਔਣਗੇ, ਜਾਣਗੇ, ਲਿਖਣਗੇ/ ਆਦਿ ਵਿਚ ਇਸ ਧੁਨੀ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਹੁੰਦੀ ਹੈ। ਹਿੰਦੀ ਦੇ ਇਨ੍ਹਾਂ ਹੀ ਕ੍ਰਿਆ-ਰੂਪਾਂ ਵਿਚ /ਨ/ ਵਰਤਿਆ ਜਾਂਦਾ ਹੈ।

ਵਿਅੰਜਨ /ਲ਼/ ਪੰਜਾਬੀ ਦੀਆਂ ਆਪਣੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਵੀ ਨਹੀਂ ਮਿਲਦਾ, ਲਹਿੰਦੀ ਦੀਆਂ ਕੇਵਲ ਇਕ, ਦੋ ਬੋਲੀਆਂ (ਅਵਾਣਕਾਰੀ, ਵਿਰਕ ਤਪੇ ਦੀ ਬੋਲੀ ਆਦਿ) ਵਿਚ ਹੀ ਇਸ ਦੀ ਹੋਂਦ ਮਿਲਦੀ ਹੈ। ਇਹ ਧੁਨੀ ਵੈਦਿਕ ਕਾਲ ਵਿਚ ਮੌਜੂਦ ਸੀ, ਪਰ ਪਿਛਲੀ ਸੰਸਕ੍ਰਿਤ ਵਿਚ ਇਹ ਨਹੀਂ ਮਿਲਦੀ। ਗੁਰਮੁਖੀ ਲਿਪੀ ਵਿਚ ਇਸ ਲਈ ਕੋਈ ਵਖਰਾ ਚਿੰਨ੍ਹ ਨਹੀਂ। ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਅੱਜ ਤੋਂ ਤਿੰਨ-ਚਾਰ ਸੌ ਸਾਲ ਪਹਿਲਾਂ ਤਕ ਕੇਂਦਰੀ ਪੰਜਾਬੀ ਵਿਚ ਵੀ ਇਹ ਧੁਨੀ ਨਹੀਂ ਸੀ। ਪਰ ਅੱਜ /ਲ਼/ ਕੇਂਦਰੀ ਪੰਜਾਬੀ ਦੀ ਇਕ ਜ਼ਰੂਰੀ ਧੁਨੀ ਹੈ। ਕਈਆਂ ਸ਼ਬਦਾਂ ਵਿਚ /ਲ਼/ ਦੀ ਥਾਂ /ਲ/ ਵਰਤਿਆਂ ਅਰਥਾਂ ਵਿਚ ਫਰਕ ਪੈ ਜਾਂਦਾ ਹੈ:

| | |
|---|---|
| /ਗੋਲ਼ੀ/ (ਦਵਾਈ ਦੀ) | /ਗੋਲੀ/ (ਨੌਕਰਾਣੀ) |
| /ਬੋਲ਼ੀ/ (ਕੰਨੋਂ ਬੋਲ਼ੀ) | /ਬੋਲੀ/ (ਪੰਜਾਬੀ ਬੋਲੀ) |
| /ਬਾਲ਼/ (ਅੱਗ ਬਾਲ਼) | /ਬਾਲ/ (ਬਾਲ-ਬੱਚੇ) |
| /ਤਲ਼ਾ/ (ਪਕੌੜੇ ਤਲ਼ਾ) | /ਤਲਾ/ (ਤਲਾ ਵਿਚ ਨ੍ਹਾ) ਆਦਿ। |

/ਛ ਸ਼ ਜ਼ ਯ/ ਵਿਚੋਂ /ਸ਼/ ਤੇ /ਯ/ ਪ੍ਰਾਚੀਨ-ਭਾਰਤੀ-ਆਰੀਆ ਭਾਸ਼ਾ ਵਿਚ ਮੌਜੂਦ ਸਨ। /ਯ/ ਤਾਂ ਪਾਲੀ ਵਿਚ ਹੀ /ਜ/ ਬਣ ਗਿਆ ਸੀ ਤੇ /ਸ਼/ ਵੀ ਪ੍ਰਾਕ੍ਰਿਤਾਂ ਤੱਕ ਪੱਛਮੀ ਭਾਸ਼ਾਵਾਂ (ਪੰਜਾਬੀ ਆਦਿ) ਵਿਚ /ਸ/ ਵਿਚ ਬਦਲ ਗਿਆ ਸੀ, ਪਰ ਪੂਰਬੀ ਭਾਸ਼ਾਵਾਂ ਵਿਚ ਟਿਕਿਆ ਰਿਹਾ। ਇਹ ਦੋਵੇਂ ਵਿਅੰਜਨ ਧੁਨੀਆਂ ਪੰਜਾਬੀ ਵਿਚ ਹੁਣ ਫੇਰ ਮੁੜਦੀਆਂ ਆ ਰਹੀਆਂ ਹਨ। ਜਿੰਦਾਂ ਉਤੇ ਦੱਸਿਆ ਗਿਆ ਹੈ, ਲਿਖਿਤ ਭਾਸ਼ਾ, ਤੇ ਪੜ੍ਹੇ-ਲਿਖੇ ਵਰਗ ਦੀ ਬੋਲ-ਚਾਲ ਵਿਚ ਇਨ੍ਹਾਂ ਧੁਨੀਆਂ ਦਾ ਪ੍ਰਯੋਗ ਨਿਯਮਿਤ ਰੂਪ ਵਿਚ ਹੋ ਰਿਹਾ ਹੈ।

/ਯ/ ਲਈ ਤਾਂ ਗੁਰਮੁਖੀ ਵਿਚ ਚਿੰਨ੍ਹ ਬਣਾਇਆ ਗਿਆ ਸੀ। ਭਾਵੇਂ ਉਨ੍ਹੀਂ ਦਿਨੀਂ

Sri Satguru Jagjit Singh Ji Elibrary NamdhariElibrary@gmail.com

ਆਮ ਬੋਲ-ਚਾਲ ਵਿਚ, ਇਸ ਧੁਨੀ ਦੀ ਵਰਤੋਂ ਬਿਲਕੁਲ ਨਹੀਂ ਸੀ, ਪਰ ਪੜ੍ਹੇ-ਲਿਖੇ ਸਮਾਜ ਵਿਚ ਉਦੋਂ ਵੀ ਇਸ ਦਾ ਥੋੜਾ-ਬਹੁਤ ਉੱਚਾਰਨ ਹੁੰਦਾ ਸੀ । ਗੁਰੂ ਗ੍ਰੰਥ ਸਾਹਿਬ ਵਿਚ ਥੋੜੇ ਜੇਹੇ ਸ਼ਬਦਾਂ ਵਿਚ /ਯ/ ਦੀ ਧੁਨੀ ਮਿਲਦੀ ਹੈ।

/ਵ/ ਤੇ /ਯ/ ਦੋਵੇਂ ਅੱਧ-ਸੁਰ ਹਨ। ਬਥੇਰੇ ਸ਼ਬਦਾਂ ਵਿਚੋਂ ਇਨ੍ਹਾਂ ਦੀ ਹੋਂਦ ਖਤਮ ਹੋ ਗਈ ਹੈ। ਜਿੱਥੇ ਪਹਿਲਾਂ /ਵ/ ਜਾਂ /ਯ/ ਦੀ ਧੁਨੀ ਵਰਤੀ ਜਾਂਦੀ ਸੀ, ਹੁਣ ਉਥੇ ਸੁਰ ਆ ਗਿਆ ਹੈ—ਗੁਰਦੁਆਰਾ (ਗੁਦਵਾਰਾ/ਗੁਰਦ੍ਵਾਰਾ), ਸੁਆਰਥ (ਸ੍ਵਾਰਥ), ਵਿਅੰਜਨ (ਵ੍ਯੰਜਨ)।

/ਫ਼/[1] ਤੇ /ਜ਼/ ਕੇਵਲ ਵਿਦੇਸ਼ੀ ਸ਼ਬਦਾਂ ਵਿਚ ਮਿਲਦੀਆਂ ਹਨ—ਫ਼ਾਇਦਾ, ਫ਼ਿਕਰ, ਸਜ਼ਾ, ਤਾਜ਼ਾ ਆਦਿ। ਆਮ ਜਨਤਾ ਦੀ ਬੋਲ-ਚਾਲ ਵਿਚ ਅਜੇਹੇ ਸ਼ਬਦਾਂ ਦਾ ਰੂਪ /ਫੈਦਾ/, /ਫਿਕਰ/, /ਸਜਾ/, /ਤਾਜਾ/ ਬਣ ਜਾਂਦਾ ਹੈ । ਇਸ ਤਰ੍ਹਾਂ ਇਨ੍ਹਾਂ ਧੁਨੀਆਂ ਦੀ ਹੋਂਦ ਵੀ ਲਿਖਿਤ ਭਾਸ਼ਾ ਅਥਵਾ ਪੜ੍ਹੇ-ਲਿਖੇ ਲੋਕਾਂ ਦੀ ਬੋਲ-ਚਾਲ ਵਿਚ ਹੀ ਹੈ।

ਉੱਚਾਰਨ ਸੰਬੰਧੀ ਅਧਿਆਇ ਵਿਚ ਦਸਿਆ ਗਿਆ ਹੈ ਕਿ ਪੰਜਾਬੀ ਵਿਚ ਸੰਯੁਕਤ ਵਿਅੰਜਨਾਂ ਦਾ ਉੱਚਾਰਨ ਨਹੀਂ ਹੁੰਦਾ, ਭਾਵੇਂ ਕੁਝ ਕੁ ਸ਼ਿਕਸ਼ਿਤ ਲੋਕ ਤਤਸਮ ਸ਼ਬਦਾਂ ਦਾ ਸ਼ੁੱਧ ਉਚਾਰਨ ਕਰਨ ਦੇ ਜਤਨ ਵਿਚ ਸੰਯੁਕਤ ਵਿਅੰਜਨਾਂ ਦੀ ਵਰਤੋਂ ਕਰਦੇ ਹਨ, ਅਤੇ ਲਿਖਿਤ ਭਾਸ਼ਾ ਵਿਚ ਤਾਂ ਸੰਯੁਕਤ ਵਿਅੰਜਨਾਂ ਦੀ ਵਰਤੋਂ ਇਨ੍ਹੀਂ ਦਿਨੀਂ ਖ਼ਾਸੀ ਵਧਦੀ ਜਾ ਰਹੀ ਹੈ । ਇਸ ਬਾਰੇ ਕੋਈ ਸੰਦੇਹ ਨਹੀਂ ਕਿ ਸੰਯੁਕਤ ਵਿਅੰਜਨ ਪੰਜਾਬੀ ਦੀ ਰੁਚੀ ਦੇ ਅਨੁਕੂਲ ਨਹੀਂ ।

## ਅਖੰਡੀ ਧੁਨੀਆਂ (Suprasegmental Phonemes)[2]

ਨਾਸਿਕਤਾ (nasalization), ਸੁਰ (tone), ਦਬਾ ਜਾਂ ਬਲ (stress), ਤਾਨ (pitch) ਆਦਿ ਨੂੰ ਅਖੰਡੀ ਧੁਨੀਆਂ ਕਿਹਾ ਜਾਂਦਾ ਹੈ, ਕਿਉਂਕਿ ਸੁਰਾਂ ਤੇ ਵਿਅੰਜਨਾਂ ਵਾਂਗ ਇਨ੍ਹਾਂ ਨੂੰ ਵੱਖ-ਵੱਖ ਨਿਖੇੜਿਆ ਨਹੀਂ ਜਾ ਸਕਦਾ। ਇਨ੍ਹਾਂ ਧੁਨੀਆਂ ਦੇ ਦੋ ਖ਼ਾਸ ਗੁਣ ਹਨ : ਪਹਿਲਾ ਇਹ ਕਿ ਇਨ੍ਹਾਂ ਦਾ ਸੁਤੰਤਰ ਉੱਚਾਰਨ ਨਹੀਂ ਹੁੰਦਾ; ਇਹ ਸੁਰਾਂ ਜਾਂ ਵਿਅੰਜਨਾਂ ਦੇ ਨਾਲ ਰਲਾ ਕੇ ਉਚਾਰੀਆਂ ਜਾਂਦੀਆਂ ਹਨ । ਦੂਜਾ ਲੱਛਣ ਇਹ ਕਿ ਇਨ੍ਹਾਂ ਦਾ ਪ੍ਰਭਾਵ ਕਿਸੇ ਇਕੱਲੇ ਸੁਰ ਜਾਂ ਵਿਅੰਜਨ ਤੇ ਨਹੀਂ ਪੈਂਦਾ, ਸਗੋਂ ਉਚਾਰਖੰਡ (syllable), ਸ਼ਬਦ ਜਾਂ ਸ਼ਬਦ-ਸਮੂਹ ਤੱਕ ਖਿੱਲਰ ਜਾਂਦਾ ਹੈ । ਤਾਨ (pitch) ਦਾ ਸੰਬੰਧ ਵਾਕ ਨਾਲ ਹੈ।

ਪੰਜਾਬੀ ਦੀ ਸਭ ਤੋਂ ਪ੍ਰਸਿੱਧ ਅਖੰਡੀ ਧੁਨੀ ਸੁਰ (tone) ਹੈ। ਭਾਰਤੀ-ਆਰੀਆ ਸਮੂਹ ਦੀਆਂ ਮੁੱਖ ਭਾਸ਼ਾਵਾਂ ਵਿਚੋਂ ਕੇਵਲ ਪੰਜਾਬੀ ਹੀ ਸੁਰ ਦੀ ਵਰਤੋਂ ਕਰਦੀ ਹੈ । 'ਸੁਰ' ਪੰਜਾਬੀ ਉੱਚਾਰਨ ਦੀ ਉੱਘੀ ਵਿਸ਼ੇਸ਼ਤਾ ਹੈ। ਇਸ ਬਾਰੇ ਏਸੇ ਅਧਿਆਇ ਵਿਚ ਅੱਗੇ ਜਾ ਕੇ ਤੇ ਫੇਰ ਉੱਚਾਰਨ ਦੇ ਅਧਿਆਇ ਵਿਚ ਵਿਸਤਾਰ ਨਾਲ ਲਿਖਿਆ ਗਿਆ ਹੈ।

ਅਸੀਂ ਇੱਥੇ ਸਭ ਤੋਂ ਪਹਿਲਾਂ ਨਾਸਿਕਤਾ ਬਾਰੇ ਲਿਖਾਂਗੇ, ਕਿਉਂਕਿ ਅਖੰਡੀ ਧੁਨੀਆਂ

---

1. 'ਛੇਵ', 'ਹਵਿਆ' ਆਦਿ ਠੇਠ ਪੰਜਾਬੀ ਸ਼ਬਦਾਂ ਵਿਚ ਵੀ 'ਫ' ਨਾਲ ਅੰਕਿਤ ਕੀਤੀ ਧੁਨੀ ਦਾ ਉੱਚਾਰਨ ਅਜ ਕਲ /ਫ਼/ ਹੀ ਹੁੰਦਾ ਹੈ। ਇਸ ਆਧਾਰ ਤੇ ਇਹ ਮੰਨਣਾ ਪਵੇਗਾ ਕਿ ਪੰਜਾਬੀ /ਫ/ ਵੀ ਖਾਸ ਹਾਲਤਾਂ ਵਿਚ /ਫ਼/ ਹੋ ਜਾਂਦਾ ਹੈ।

2. ਇਨ੍ਹਾਂ ਨੂੰ ਗੌਣ (secondary) ਧੁਨੀਆਂ ਵੀ ਕਿਹਾ ਜਾਂਦਾ ਹੈ । ਇਨ੍ਹਾਂ ਦੇ ਮੁਕਾਬਲੇ ਵਿਚ ਸੁਰਾਂ, ਵਿਅੰਜਨਾਂ ਨੂੰ ਖੰਡੀ ਧੁਨੀਆਂ ਜਾਂ ਮੂਲ (primary) ਧੁਨੀਆਂ ਆਖਿਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਵਿਚੋਂ ਪੰਜਾਬੀ ਸਭ ਤੋਂ ਵੱਧ ਵਰਤੋਂ ਨਾਸਿਕਤਾ ਦੀ ਕਰਦੀ ਹੈ।

## ਨਾਸਿਕਤਾ

ਪੰਜਾਬੀ ਵਿਚ ਨਾਸਿਕਤਾ ਦੋ ਪ੍ਰਕਾਰ ਦੀ ਹੈ :

(1) ਅਰਥਹੀਣ ਨਾਸਿਕਤਾ, ਅਰਥਾਤ ਅਜੇਹੀ ਨਾਸਿਕਤਾ ਜਿਸ ਨਾਲ ਸ਼ਬਦ ਦੇ ਅਰਥਾਂ ਵਿਚ ਕੋਈ ਫਰਕ ਨਹੀਂ ਪੈਂਦਾ। (2) ਅਰਥ ਪੂਰਣ ਨਾਸਿਕਤਾ, ਜਿਸ ਦੇ ਉਦਾਹਰਨ ਹੇਠਾਂ ਦਿੱਤੇ ਸ਼ਬਦਾਂ ਵਿਚੋਂ ਮਿਲਦੇ ਹਨ ; ਇੱਥੇ ਸ਼ਬਦਾਂ ਦੇ ਆਖਰੀ ਸੁਰ ਨੂੰ ਨਾਸਿਕੀ ਕਰਨ ਨਾਲ ਅਰਥਾਂ ਵਿਚ ਫਰਕ ਪੈ ਗਿਆ ਹੈ :

| | | | |
|---|---|---|---|
| ਜਾਵੇ | ਜਾਵੇਂ | ਕਾਰਾ | ਕਾਰਾਂ |
| ਆਇਆ | ਆਇਆਂ | ਪਾਲ਼ਾ | ਪਾਲ਼ਾਂ |
| ਕਰੇ | ਕਰੇਂ | ਮੁੰਡਿਆਂ | ਮੁੰਡਿਆ |
| ਲਿਖੀ | ਲਿਖੀਂ | ਮਾਵਾ | ਮਾਵਾਂ |
| | | ਤੱਤਾ | ਤੱਤਾਂ |
| ਪੀਊ | ਪੀਊਂ | ਛੱਤਾ | ਛੱਤਾਂ |
| ਗੱਡੀ | ਗੱਡੀਂ | | |

## ਅਰਥਹੀਣ ਨਾਸਿਕਤਾ

ਅਜੇਹੀ ਨਾਸਿਕਤਾ ਹੇਠ ਲਿਖੀਆਂ ਦਸ਼ਾਵਾਂ ਵਿਚ ਵਾਪਰਦੀ ਹੈ :

1. ਨਾਸਿਕੀ ਵਿਅੰਜਨਾਂ ਦੇ ਪ੍ਰਭਾਵ ਹੇਠਾਂ ਨਾਲ ਲਗਦੇ ਸੁਰ ਅਨੁਨਾਸਿਕ ਹੋ ਜਾਂਦੇ

(ਕ) ਨਾਸਿਕੀ ਵਿਅੰਜਨਾਂ ਤੋਂ ਪਹਿਲਾਂ ਆਉਣ ਵਾਲੇ ਸੁਰ ਅਨੁਨਾਸਿਕ ਹੋ ਜਾਂਦੇ ਹਨ, ਜਿਵੇਂ, /ਜੀਂਣ/, /ਦੇਂਣ/, /ਖਾਂਣ/ ਆਦਿ ਵਿਚ ਅੰਤਮ ਨਾਸਿਕੀ-ਵਿਅੰਜਨ ਤੋਂ ਪਹਿਲ ਆਉਣ ਵਾਲੇ ਸੁਰ ਅਨੁਨਾਸਿਕ ਹੋ ਗਏ ਹਨ, ਜਦੋਂ ਕਿ ਇਨ੍ਹਾਂ ਸ਼ਬਦਾਂ ਵਿਚ ਵਰਤੀ ਗਈ ਕ੍ਰਿਆ ਮੂਲ ਰੂਪ ਵਿਚ ਨਾਸਿਕਤਾ ਤੋਂ ਬਿਨਾਂ ਸੀ : /ਜੀ/, /ਦੇਹ/ /ਖਾਹ/।

(ਖ) ਨਾਸਿਕੀ ਵਿਅੰਜਨ ਤੋਂ ਪਿਛੋਂ ਆਉਣ ਵਾਲਾ ਸੁਰ ਅਨੁਨਾਸਿਕ ਹੋ ਜਾਂਦਾ ਹੈ ਜੇ ਉਹ ਅੰਤਿਮ ਸਥਿਤੀ ਵਿਚ ਹੋਵੇ, ਜਿਵੇਂ /ਜੀਂਣਾਂ/, /ਦੇਂਣਾਂ/, /ਖਾਂਣਾਂ/ ਦੇ ਅੰਤਿਮ ਸੁਰ ਅਨੁਨਾਸਿਕ ਹੋ ਗਏ ਹਨ।

ਜੇ ਨਾਸਿਕੀ ਵਿਅੰਜਨ ਤੋਂ ਪਿਛੋਂ ਆਉਣ ਵਾਲਾ ਸੁਰ ਅੰਤਿਮ ਨ ਹੋਵੇ, ਅਰਥਾਤ ਇਸ ਦੇ ਪਿਛੋਂ ਕੋਈ ਹੋਰ ਧੁਨੀ ਆ ਜਾਵੇ, ਤਾਂ ਇਹ ਮੌਖਿਕ (ਬਿਨਾ ਨਾਸਿਕਤਾ ਤੋਂ) ਵ ਰਹਿ ਸਕਦਾ ਹੈ, ਜਿਵੇਂ, /ਬਣੇਂਟੀ/, /ਕਮਾਈ/, /ਕਨਾਲ/ ਵਿਚ ਨਾਸਿਕੀ ਵਿਅੰਜਨ (/ਣ ਮ ਨ/) ਤੋਂ ਪਿਛੋਂ ਆਉਣ ਵਾਲਾ ਸੁਰ ਅਨੁਨਾਸਿਕੀ ਨਹੀਂ ਹੋਇਆ।

2. ਜਿਹੜੇ ਸ਼ਬਦ ਦੇ ਅੰਤ ਵਿਚ ਕਈ ਸੁਰ ਇਕੱਠੇ ਆਉਂਦੇ ਹਨ, ਉਨ੍ਹਾਂ ਵਿਚੋਂ ਜੇ ਇਕ ਸੁਰ, ਵਿਆਕਰਨਿਕ ਆਧਾਰ ਤੇ ਅਨੁਨਾਸਿਕ ਹੋ ਜਾਵੇ ਤਾਂ ਨਾਲ ਲਗਦੇ ਦੂਜੇ ਸੁਰ ਨੂੰ ਵੀ ਅਨੁਨਾਸਿਕ ਕਰ ਦੇਂਦਾ ਹੈ, ਜਿਵੇਂ ਕ੍ਰਿਆ /ਆ/ ਮੌਖਿਕ (ਬਿਨਾ ਨਾਸਿਕਤਾ ਤੋਂ) ਹੈ ਪਰ /ਆਂਇਆਂ/ ਦੇ ਤਿੰਨੇ ਸੁਰ ਅਨੁਨਾਸਿਕ ਹੋ ਗਏ ਹਨ, ਕਿਉਂਕਿ ਕ੍ਰਿਆ-ਵਿਸ਼ੇਸ਼ਣੀ-ਕ੍ਰਿਦੰਤ (Adverbial participle) /ਕੀਤਿਆਂ/, /ਖਾਧਿਆਂ/, /ਲਿਖਿਆਂ/ /ਆਇਆਂ/ ਆਦਿ ਵਿਚ ਅੰਤਿਮ ਸੁਰ ਅਨੁਨਾਸਿਕ ਹੁੰਦਾ ਹੈ, ਉਸ ਦੇ ਪ੍ਰਭਾਵ ਹੇਠ ਨਾਲ ਲਗਦੇ ਪਿਛਲੇ ਸੁਰ ਵੀ ਅਨੁਨਾਸਿਕ ਹੋ ਗਏ।

Sri Satguru Jagjit Singh Ji Elibrary NamdhariElibrary@gmail.com

ਇਵੇਂ ਹੀ ਕ੍ਰਿਆ /ਸੋਂ/ ਦਾ /ਔਂ/ (ੌਂ) ਅਨੁਨਾਸਿਕ ਹੈ, ਇਸ ਲਈ /ਸੌਂਈਏਂ/ ਵਿਚ ਪਿਛੋਂ ਆਉਣ ਵਾਲੇ ਦੋਵੇਂ ਸੁਰ ਵੀ ਅਨੁਨਾਸਿਕ ਹੋ ਗਏ ਹਨ, ਜਦੋਂ ਕਿ ਇਸ ਕ੍ਰਿਆ-ਰੂਪ ਵਿਚ ਪਿਛਲੇ ਸੁਰ ਮੌਖਿਕ ਹੋਣੇ ਚਾਹੀਦੇ ਸਨ, ਜਿੱਦਾਂ /ਆਈਏ/, /ਖਾਈਏ/, /ਜਾਈਏ/ ਵਿਚ ਹਨ।

3. ਅੱਧ-ਸੁਰ /ਵ/ ਵੀ ਅਨੁਨਾਸਿਕਤਾ ਦੇ ਪ੍ਰਭਾਵ ਨੂੰ ਸੁਰ ਵਾਂਗ ਹੀ ਅੱਗੇ ਪਿੱਛੇ ਵਧਾਉਂਦਾ ਹੈ, ਅਰਥਾਤ ਜੇ /ਵ/ ਤੋਂ ਪਹਿਲਾਂ ਆਉਣ ਵਾਲਾ ਸੁਰ ਅਨੁਨਾਸਿਕ ਹੋਵੇ ਤਾਂ, /ਵ/ ਤੋਂ ਪਿੱਛੋਂ ਆਉਣ ਵਾਲਾ ਸੁਰ ਵੀ ਅਨੁਨਾਸਿਕ ਹੋ ਜਾਂਦਾ ਹੈ, ਜਿਵੇਂ /ਖ/ ਦਾ /ਆ/ (ਾ) ਮੌਖਿਕ ਹੈ, ਪਰ /ਖਾਂਵੇਂ/ ਵਿਚ ਇਹ ਅਨੁਨਾਸਿਕ ਹੋ ਗਿਆ ਕਿਉਂਕਿ /ਵ/ ਦੇ ਪਿੱਛੋਂ ਆਉਣ ਵਾਲਾ /ਏਂ/ (ੇਂ) ਇਸ ਕ੍ਰਿਆ-ਰੂਪ ਵਿਚ ਅਨੁਨਾਸਿਕ ਹੁੰਦਾ ਹੈ। ਇਵੇਂ ਹੀ, /ਜਾਂਵੇਂ/, /ਪੀਂਵੇਂ/, /ਏਂਵੇਂ/, /ਜੀਂਵੇਂ/, /ਫੇਂਵੇਂ/ ਵਿਚ /ਵ/ ਤੋਂ ਪਹਿਲੇ ਸੁਰ ਅਨੁਨਾਸਿਕ ਹੋ ਗਏ ਹਨ।

ਜੇ /ਵ/ ਤੋਂ ਪਹਿਲਾਂ ਆਉਣ ਵਾਲਾ ਸੁਰ ਨਾਸਿਕੀ ਹੋਵੇ ਤਾਂ ਇਸ ਤੋਂ (/ਵ/ ਤੋਂ) ਪਿੱਛੋਂ ਆਉਣ ਵਾਲਾ ਸੁਰ ਭੀ ਅਨੁਸਾਸਿਕ ਹੋ ਜਾਏਗਾ। /ਆਵੇ/, /ਜਾਵੇ/, /ਖਾਵੇ/ ਆਦਿ ਵਿਚ /ਵ/ ਤੋਂ ਪਿਛਲਾ ਸੁਰ ਮੌਖਿਕ ਹੈ, ਪਰ ਇਸੇ ਕ੍ਰਿਆ-ਰੂਪ ਦੇ ਸ਼ਬਦ /ਸੀਂਵੇਂ/ ਵਿਚ ਇਹ ਸੁਰ ਅਨੁਨਾਸਿਕ ਹੋ ਗਿਆ, ਕਿਉਂਕਿ ਪਹਿਲਾਂ ਆਉਣ ਵਾਲਾ ਸੁਰ (/ਸੀਂ/ ਦਾ /ਈਂ/—) ਅਨੁਨਾਸਿਕ ਹੈ।

### ਅਰਥਪੂਰਨ ਨਾਸਿਕਤਾ

ਉਤੇ 1, 2, 3 ਵਿਚ ਅਜੇਹੀ ਅਨੁਨਾਸਿਕਤਾ ਦਾ ਵਰਨਨ ਕੀਤਾ ਗਿਆ ਹੈ ਜੋ ਨਾਲ ਲਗਦੀ ਕਿਸੇ ਹੋਰ ਧੁਨੀ ਦੇ ਪ੍ਰਭਾਵ ਹੇਠਾਂ ਉਪਜਦੀ ਹੈ ਤੇ ਅਰਥਹੀਣ ਹੁੰਦੀ ਹੈ। ਹੁਣ ਅਸੀਂ ਅਜੇਹੀ ਨਾਸਿਕਤਾ ਦੇ ਕੁਝ ਉਦਾਹਰਨ ਵੇਖਾਂਗੇ ਜੋ ਸੁਤੰਤਰ ਰੂਪ ਵਿਚ ਵਾਪਰਦੀ ਹੈ ਤੇ ਅਰਥਪੂਰਵ ਹੁੰਦੀ ਹੈ :

(ੳ) ਕੁਝ ਕੁ ਵਿਆਕਰਨਿਕ ਰੂਪ (grammatical forms) ਅਨੁਨਾਸਿਕਤਾ-ਸਹਿਤ ਹਨ :

(i) ਇ. ਲਿੰ. ਬਹੁਵਚਨ ਨਾਂਵਾਂ ਦੇ ਅੰਤ ਵਿਚ ਅਨੁਨਾਸਿਕ /ਆਂ/ (ਾਂ) ਆਉਂਦਾ ਹੈ। /ਬੇੜੀਆਂ/, /ਸੋਟੀਆਂ/, /ਰਾਤਾਂ/, /ਮਾਲਾਵਾਂ/ ਵਿਚ ਅੰਤਿਮ /ਆਂ/ ਅਨੁਨਾਸਿਕ ਹੈ।

(ii) ਪੁ. ਬਹੁਵਚਨ ਨਾਂਵਾਂ ਦੇ ਤਿਰਛੇ ਰੂਪ (oblique forms) ਦੇ ਅੰਤ ਵਿਚ ਵੀ /ਆਂ/ (ਾਂ) ਆਉਂਦਾ ਹੈ—/ਬੋੜਿਆਂ/, /ਮੁੰਡਿਆਂ/, /ਹੱਥਾਂ/, /ਆਦਮੀਆਂ/ ਆਦਿ।

(iii) ਉਤੇ (i) ਤੇ (ii) ਵਿਚ ਦਿੱਤੇ ਗਏ ਨਾਂਵ-ਰੂਪਾਂ ਨਾਲ ਆਉਣ ਵਾਲੇ ਵਿਸ਼ੇਸ਼ਣਾਂ ਦੇ ਅੰਤ ਵਿਚ ਵੀ /-ਆਂ/ ਆਵੇਗਾ- /ਚੰਗੀਆਂ ਬੇੜੀਆਂ/, /ਮੋਟੀਆਂ ਸੋਟੀਆਂ/, /ਨਿੱਕਿਆਂ ਮੁੰਡਿਆਂ/, /ਸਾਰਿਆਂ ਆਦਮੀਆਂ/ ਆਦਿ ਵਿਚ ਸਾਰੇ ਵਿਸ਼ੇਸ਼ਣ /ਆਂ/-ਅੰਤਿਕ ਹਨ।

(ਖ) ਕੁਝ ਕ੍ਰਿਆ-ਰੂਪ ਅੰਤ ਵਿਚ ਅਨੁਨਾਸਿਕ ਸੁਰ ਵਾਲੇ ਹਨ :

(i) ਸੰਭਾਵੀ ਭਵਿੱਖਤ ਪ੍ਰਥਮ ਪੁਰਖ ਤੇ ਦੂਤੀ ਪੁਰਖ ਇਕਵਚਨ ਲਈ-/ਆਂਵਾਂ/, /ਜਾਂਵਾਂ/, /ਆਂਵੇਂ/, /ਜਾਂਵੇਂ/ ਆਦਿ।

Sri Satguru Jagjit Singh Ji Elibrary NamdhariElibrary@gmail.com

(ii) ਸਾਧਾਰਨ ਭੂਤ ਦੀ ਕ੍ਰਿਆ ਇ. ਲਿੰ., ਬਹੁਵਚਨ ਲਈ- /ਗਈਆਂ/, /ਕੀਤੀਆਂ/, /ਰੱਖੀਆਂ/ ਆਦਿ ।

(iii) ਕ੍ਰਿਆ ਵਿਸ਼ੇਸ਼ਣੀ ਕ੍ਰਿਦੰਤ (adverbial participle) /ਲਿਖਿਆਂ/ /ਰੱਕਿਆਂ/, /ਖਾਂਧਿਆਂ/ ਆਦਿ ।

(iv) ਕੁਝ ਕੁ ਸਹਾਇਕ ਕ੍ਰਿਆਵਾਂ (auxiliary verds) /ਹੈਂ/, /ਹਾਂ/, /ਏਂ/, /ਆਂ/, /ਸਾਂ/, /ਸੈਂ/ ਆਦਿ ।

(ਗ) ਅਪਾਦਾਨ ਕਾਰਕ (ablative case) ਦਾ ਸੰਜੋਗਤਾਮਕ ਰੂਪ- /ਘਰੋਂ/, /ਹਥੋਂ/, /ਉਥੋਂ/ ਆਦਿ ।

(ਘ) ਅਧਿਕਰਣ ਕਾਰਕ ਦਾ ਸੰਜੋਗਤਾਮਕ ਰੂਪ -/ਹਥੀਂ/, /ਪੈਰੀਂ/, /ਅੱਖੀਂ/ ਆਦਿ ।

ਇਨ੍ਹਾਂ ਸਾਰੇ ਰੂਪਾਂ ਵਿਚ ਅੱਜ ਅੰਤਿਮ ਅਨੁਨਾਸਿਕਤਾ ਅਰਥ-ਪੂਰਣ ਹੈ । ਅਜੋਕੀ ਪੰਜਾਬੀ ਵਿਚ ਸੁਤੰਤਰ ਅਨੁਨਾਸਿਕਤਾ ਦਾ ਅਰਥਾਂ ਨਾਲ ਗੂਹੜਾ ਸੰਬੰਧ ਹੈ, ਕਿਉਂਕਿ ਮੌਖਿਕ ਤੇ ਅਨੁਨਾਸਿਕ ਰੂਪਾਂ ਦੇ ਅਰਥਾਂ ਵਿਚ ਅੰਤਰ ਹੈ, ਜਿਵੇਂ ਕਿ ਇਸ ਵਿਵਰਣ ਦੇ ਆਰੰਭ ਵਿਚ ਸਿੱਧ ਕੀਤਾ ਗਿਆ ਹੈ ।

ਪਿਛਲੇ ਕੋਈ ਦੋ-ਤਿੰਨ ਸੌ ਵਰ੍ਹਿਆਂ ਵਿਚ ਪੰਜਾਬੀ ਵਿਚ ਅਨੁਨਾਸਿਕਤਾ ਖਾਸੀ ਵਧ ਗਈ ਹੈ । ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ-ਰੂਪ ਮੌਖਿਕ ਹਨ, ਅਜ ਉਹ ਅਨੁਨਾਸਿਕ ਹੋ ਚੁਕੇ ਹਨ ।

ਪੁਲਿੰਗ ਤੇ ਇਸਤਰੀ ਲਿੰਗ ਨਾਂਵਾਂ ਦੇ ਬਹੁਵਚਨ ਦਾ ਅੰਤਿਮ ਸੁਰ ਗੁਰੂ-ਕਾਲ ਦੀ ਭਾਸ਼ਾ ਵਿਚ ਨਾਸਿਕੀ ਨਹੀਂ ਸੀ । /ਚੰਗਿਆਈ, ਬੁਰਿਆਈ/ ਦਾ ਬਹੁ ਵਚਨ /ਚੰਗਿਆਈਆ, ਬੁਰਿਆਈਆ/ ਸੀ । /ਸਲੋਕ, ਪੰਡਿਤ/ ਦਾ ਬਹੁ ਵਚਨ /ਸਲੋਕਾ, ਪੰਡਿਤਾ/ ਸੀ । ਅਰਥਾਤ ਅੰਤਿਮ ਕੰਨੇ ਉੱਤੇ ਬਿੰਦੀ ਨਹੀਂ ਸੀ ਲੱਗਦੀ ।

ਕਿਉਂਕਿ ਅਧਿਕਤਰ ਅਨੁਨਾਸਿਕ ਰੂਪ ਨਵੇਂ ਬਣੇ ਹਨ, ਇਸ ਲਈ ਸਾਰੀਆਂ ਉਪ-ਭਾਸ਼ਾਵਾਂ ਵਿਚ ਅਨੁਨਾਸਿਕਤਾ ਦਾ ਪ੍ਰਸਾਰ ਸਾਵਾਂ ਨਹੀਂ ਰਿਹਾ । ਮਾਝੀ, ਮੁਲਤਾਨੀ ਵਿਚ ਤਾਂ ਕਾਫੀ ਅੰਤਰ ਹੈ । ਕਝ ਨਮੂਨੇ ਦਿੱਤੇ ਜਾਂਦੇ ਹਨ :

| ਮਾਝੀ | ਮੁਲਤਾਨੀ |
|---|---|
| ਕੰਘਾ | ਕੱਘਾ |
| ਕੰਧ | ਕੱਧ |
| ਸੰਘ | ਸੱਘ |
| ਲੰਘ | ਲੱਘ |
| ਨਾਗ | ਨਾਂਗ |
| ਮੋਢਾ | ਮੋਂਢਾ |
| ਮੱਘਰ | ਮੰਘਰ |

ਮਾਝੀ ਤੇ ਮਲਵਈ ਵਿਚ ਵੀ ਕੁਝ ਫ਼ਰਕ ਹੈ :

| ਮਾਝੀ | ਮਲਵਈ |
|---|---|
| ਚਾਹੀਦਾ | ਚਾਹੀਂਦਾ |

Sri Satguru Jagjit Singh Ji Elibrary NamdhariElibrary@gmail.com

| | |
|---|---|
| ਤੁਸੀ ਆਂਹਦੇ ਓ | ਤੁਸੀਂ ਕਹਿਨੇਂ ਓਂ |
| ਉਹ ਗਏ ਨੇਂ | ਉਹ ਗਏਂ ਐਂ |
| ਨੌਂਕਰੀ | ਨੌਂਕਰੀ |
| ਪੂੰਛ | ਪੂੰਛ |
| ਤਾਸ਼ | ਤਾਂਸ਼ |

## ਸੁਰ

ਸੁਰ ਪੰਜਾਬੀ ਦੀ ਵਿਸ਼ੇਸ਼ ਮਹੱਤਾ ਵਾਲੀ ਧੁਨੀ ਹੈ । ਕਈ ਭਾਸ਼ਾ-ਵਿਗਿਆਨੀ ਤਾਂ ਪੰਜਾਬੀ ਨੂੰ ਸੁਰ-ਪ੍ਰਧਾਨ ਭਾਸ਼ਾ ਕਹਿੰਦੇ ਹਨ । ਪੰਜਾਬੀ ਵਿਚ ਸੁਰ ਦੋ ਪ੍ਰਕਾਰ ਦੀ ਹੈ : ਉੱਚੀ ਸੁਰ ਤੇ ਨੀਵੀਂ ਸੁਰ ।

### ਉੱਚੀ ਸੁਰ

ਇਹ ਸੁਰ ਸ਼ਬਦਾਂ ਦੇ ਅੰਤ ਵਿਚ ਤੇ ਵਿਚਾਲੇ ਆਉਂਦੀ ਹੈ । ਸਾਹ, ਰਾਹ, ਰਹ, ਬਹਿ, ਕਹਿ, ਪਹਿ, ਲੀਹ, ਸੌਂਹ, ਨੂੰਹ, (ਨੌਂਹ), ਅਗਾਂਹ, ਪਿਛਾਂਹ, ਬਾਂਹ ਆਦਿ ਅੰਤਿਮ ਸੁਰ ਵਾਲੇ ਸ਼ਬਦ ਹਨ । ਭਾਵੇਂ ਇਹ 'ਹ' ਨਾਲ ਲਿਖੇ ਗਏ ਹਨ, ਪਰ ਉੱਚਾਰਨ ਵਿਚ /ਸਾ'/.../ਰਾ'/.../ਪੀ'/.../ਸੌਂ'/......ਆਦਿ ਹਨ । ਹਾਂ ਮਲਵਈ ਦਾ ਉੱਚਾਰਨ ਲਿਖੇ ਅਨੁਸਾਰ, /ਹ/ ਨੂੰ ਪ੍ਰਤੱਖ ਕਰਕੇ ਹੁੰਦਾ ਹੈ ।

ਬਾਹਰ, ਪਹਿਰ, ਖੇਹਰ, ਪਹਿਲਾ, ਦਹਿਲਾ, ਕਾਹਲਾ, ਮੋਹਰਾ, ਸੌਹਰਾ, ਇਕਹਿਰਾ, ਦੋਹਰਾ, ਸਾਂਭ, ਲਾਂਭੇ, ਵਿੰਨ੍ਹ, ਰਿੰਨ੍ਹ, ਕੰਨ੍ਹ, ਬੰਨ੍ਹ, ਪੜ੍ਹ, ਚੜ੍ਹ ਦੇ ਵਿਚਾਲੇ ਸੁਰ ਹੈ, ਅਤੇ ਬਾਹਰ ਦਾ ਉੱਚਾਰਨ /ਬਾ'ਰ/, ਮੋਹਰਾ ਦਾ /ਮੋ'ਰਾ/, ਸਾਂਭ ਦਾ /ਸਾਂ'ਬ/, ਵਿੰਨ੍ਹ ਦਾ /ਵਿੰ'ਨ/, ਪੜ੍ਹ ਦਾ /ਪ'ੜ/ ਹੈ ।

ਇਨ੍ਹਾਂ ਵਿਚੋਂ ਜਿਹੜੇ ਸ਼ਬਦ ਵਿਚਾਲੇ 'ਹ' ਲਾ ਕੇ ਲਿਖੇ ਗਏ ਹਨ, ਉਨ੍ਹਾਂ ਦਾ ਉੱਚਾਰਨ ਮਲਵਈ ਦੇ ਕੁਝ ਖੇਤਰਾਂ ਵਿਚ /ਹ/ ਨੂੰ ਸਪਸ਼ਟ ਬੋਲ ਕੇ ਹੁੰਦਾ ਹੈ, ਪਰ ਲਾਂਭੇ, ਸਾਂਭ, ਰਿੰਨ੍ਹ ਪੜ੍ਹ ਆਦਿ ਦਾ ਉੱਚਾਰਨ ਮਲਵਈ ਵਿਚ ਵੀ ਮਾਝੀ ਵਾਂਗ, ਸੁਰ ਨਾਲ ਹੁੰਦਾ ਹੈ ।

ਲਹਿੰਦੀ (ਮੁਲਤਾਨੀ) ਦੇ ਬਾਹਰ, ਛੋਹਰ ਆਦਿ ਸ਼ਬਦਾਂ ਵਿਚ ਵਿਚਾਲੇ ਆਈ /ਹ/ ਧੁਨੀ ਸ਼ੁੱਧ ਬੋਲੀਦੀ ਹੈ । ਪਰ /ਸ਼ਾ'ਰ/, /ਨਾ'ਰ/, /ਬੋ'/, /ਬੈ'/ ਆਦਿ ਵਿਚ ਕੇਵਲ ਸੁਰ ਦਾ ਉੱਚਾਰਨ ਹੁੰਦਾ ਹੈ ।

### ਨਵੀਂ ਸੁਰ

ਨੀਵੀਂ ਸੁਰ ਦਾ ਉੱਚਾਰਨ ਖਾਸ ਕਰ ਕੇ ਅਜੇਹੇ ਸ਼ਬਦਾਂ ਵਿਚ ਹੁੰਦਾ ਹੈ, ਜਿੰਨ੍ਹਾ ਦੇ ਆਰੰਭ ਵਿਚ 'ਘ, ਝ, ਢ, ਧ, ਭ' ਆਉਂਦੇ ਹਨ, ਜਿਵੇਂ /ਕੋ'ੜਾ/ (ਘੋੜਾ), /ਚਾ'ਤੀ/ (ਝਾਤੀ), /ਟੋ'ਲ /(ਢੋਲ), /ਤਾ'ਰਤੀ/ (ਧਰਤੀ), /ਪੂੰ'ਡ/ (ਭੂੰਡ) । (ਇਥੇ ਨੀਵੀਂ ਸੁਰ ਦਾ ਚਿਨ੍ਹ '\'' ਹੈ ।)

/ਨਾ'ਤਾ/ (ਨ੍ਹਾਤਾ), /ਸਲਾ'ਬਾ/ (ਸਲ੍ਹਾਬਾ), ਆਦਿ ਵਿਚ ਵੀ ਨੀਵੀਂ ਸੁਰ ਹੀ ਬੋਲਦੀ ਹੈ ।

ਸੁਰ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ ਲਈ 'ਉੱਚਾਰਨ' ਦੇ ਅਧਿਆਇ ਵਿਚ 'ਨਾਦੀ ਮਹਾ ਪ੍ਰਾਣ ਧੁਨੀਆਂ ਦਾ ਦਰਜਾ' ਹੇਠਾਂ ਵੇਖਿਆ ਜਾਵੇ ।

ਸੁਰ ਵੀ, ਪੰਜਾਬੀ ਵਿਚ ਅਰਥ-ਪੂਰਣ ਧੁਨੀ ਹੈ, ਕਿਉਂਕਿ ਸੁਰ ਦਾ ਉੱਚਾਰਨ

Sri Satguru Jagjit Singh Ji Elibrary NamdhariElibrary@gmail.com

ਕੀਤਿਆਂ ਅਰਥ ਬਦਲ ਜਾਂਦਾ ਹੈ, ਜਿਵੇਂ /ਬਾ,ਰ/ ਤੇ /ਬਾਰ/ ਵਿਚ, /ਕਾ'ਲਾ/, ਤੇ /ਕਾਲਾ/ ਵਿੱਚ, /ਸੋਂ'/ ਤੇ /ਸੋਂ'// ਵਿਚ, /ਕੰ'ਨ/ ਤੇ /ਕੰਨ/ ਵਿਚ, /ਪ'ੜਦਾ/ ਤੇ /ਪੜਦਾ/ ਵਿਚ /ਪੀ'/ ਤੇ /ਪੀ/ ਵਿਚ, /ਨਾ\ਤਾ/ ਤੇ /ਨਾਤਾ/ ਵਿਚ, /ਤੂ\ੜੀ/ ਤੇ /ਤੂੜੀ/ ਵਿਚ।

**ਦਬਾ ਜਾਂ ਬਲ**

ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਦਬੱਾ (stress) ਵਾਲੇ ਸ਼ਬਦ /ਹੱਥ/, /ਕੰਨ/, /ਲੱਟ,/ /ਨੱਕ/, /ਰੱਮ/ ਆਦਿ ਪੰਜਾਬੀ ਦੀ ਉਘੀ ਵਿਸ਼ੇਸ਼ਤਾ ਹੈ। ਹੋਰ ਕਈਆਂ ਭਾਸ਼ਾਵਾ ਵਿਚ ਅਜੇਹੇ ਸ਼ਬਦ-ਰੂਪ ਨਹੀਂ ਮਿਲਦੇ । ਦਬੱਾ ਦੀ ਥਾਂ ਦੂਜੀਆਂ ਭਾਸ਼ਾਵਾਂ ਵਿਚ ਦੀਰਘ ਸੁਰ ਆਉਂਦਾ ਹੈ । ਇਨ੍ਹਾਂ ਸ਼ਬਦਾਂ ਦੇ ਰੂਪ /ਹਾਥ/, /ਕਾਨ/, /ਲਾਤ/, /ਨਾਕ/ /ਰਾਮ/ ਆਦਿ ਹੋ ਜਾਂਦੇ ਹਨ । ਇੰਜ ਦਬੱਾ ਵੀ ਬੜੀ ਮਹਤਵਪੂਰਣ ਧੁਨੀ ਹੈ, ਅਤੇ ਅਰਥ-ਪੂਰਣ ਵੀ; ਹੇਠ ਦਿੱਤੇ ਸ਼ਬਦ-ਜੋੜਿਆਂ ਤੋਂ ਇਹ ਸਪਸ਼ਟ ਹੋ ਜਾਦਾ ਹੈ :

/ਪੱਤ/ — / ਪਤ/
/ਸੱਤ/ — /ਸਤ/
/ਜਿੰਨ/ — /ਜਿਨ/

ਪਰ ਦਬੱਾ ਦਾ ਖੇਤਰ ਸੀਮਿਤ ਹੈ, ਕਿਉਂਕਿ ਇਸ ਦੀ ਵਰਤੋਂ ਬਾਕੀ ਗੌਣ ਧੁਨੀਆਂ ਦੇ ਮੁਕਾਬਲੇ ਘੱਟ ਹੁੰਦੀ ਹੈ, ਅਤੇ ਅਜੇਹੇ ਜੋੜੇ ਤਾਂ ਹੋਰ ਵੀ ਥੋੜ੍ਹੇ ਹਨ ਜਿਨ੍ਹਾਂ ਵਿਚ ਦਬੱਾ ਵਾਲਾ ਤੇ ਦਬੱਾ ਬਿਨਾ ਦੋਵੇਂ ਰੂਪ ਮਿਲਦੇ ਹੋਣ, ਜਿਸ ਨਾਲ ਅਰਥ ਦੇ ਭੁਲੇਖੇ ਦੀ ਸੰਭਾਵਨਾ ਰਹੇ।

ਮੌਖਿਕ ਦਬੱਾ (oral stress) ਨੂੰ ਅੰਕਿਤ ਕਰਨ ਲਈ ਲਿਪੀ-ਚਿੰਨ੍ਹ 'ੱ' (ਅਧੱਕ) ਬਣਾਇਆ ਗਿਆ ਹੈ, ਜੋ ਭਾਰਤ ਦੀਆਂ ਬਾਕੀ ਲਿਪੀਆਂ ਵਿਚ ਨਹੀਂ ਮਿਲਦਾ।

**ਤਾਨ (Pitch)**

ਪਿਛੇ ਦਸਿਆ ਗਿਆ ਹੈ ਕਿ ਤਾਨ ਦਾ ਸੰਬੰਧ ਵਾਕ ਨਾਲ ਹੈ।

ਕਰਮ ਸਿੰਘ ਚਲਾ ਗਿਆ।
ਕਰਮ ਸਿੰਘ ਚਲਾ ਗਿਆ ?
ਕਰਮ ਸਿੰਘ ਚਲਾ ਗਿਆ !

ਇੰਨ੍ਹਾਂ ਤਿੰਨ੍ਹਾਂ ਵਾਕਾਂ ਦੇ ਉਚਾਰਨ ਵਿਚ ਜੋ ਲਹਿਜੇ ਦਾ ਫ਼ਰਕ ਹੈ, ਉਸੇ ਨੂੰ ਤਾਨ ਕਿਹਾ ਜਾਂਦਾ ਹੈ। ਇਹ ਹਰ ਭਾਸ਼ਾ ਵਿਚ ਹੁੰਦੀ ਹੈ, ਪੰਜਾਬੀ ਨਾਲ ਇਸ ਦਾ ਕੋਈ ਵਿਸ਼ੇਸ਼ ਸੰਬੰਧ ਨਹੀਂ।

Sri Satguru Jagjit Singh Ji Elibrary NamdhariElibrary@gmail.com

5

# ਪੰਜਾਬੀ ਉੱਚਾਰਨ

ਪੰਜਾਬੀ ਦਾ ਉੱਚਾਰਨ ਇੰਨਾ ਸਪਸ਼ਟ ਤੇ ਸੁਥਰਾ ਹੈ ਜੋ ਗੈਰ-ਪੰਜਾਬੀ ਅਰਥ ਸਮਝਣ ਤੋਂ ਬਿਨਾਂ ਵੀ ਸ਼ਬਦਾਂ ਤੇ ਧੁਨੀਆਂ ਨੂੰ ਗ੍ਰਹਿਣ ਕਰ ਸਕਦੇ ਹਨ, ਅਤੇ ਥੋੜੀ ਕੋਸ਼ਿਸ਼ ਪਿਛੋਂ (ਕੁਝ ਧੁਨੀਆਂ ਨੂੰ ਛੱਡ ਕੇ) ਉਨ੍ਹਾਂ ਦਾ ਉੱਚਾਰਨ ਵੀ ਕਰ ਸਕਦੇ ਹਨ। ਭਾਰਤ ਦੀ ਕਿਸੇ ਹੋਰ ਆਰੀਆ, ਜਾਂ ਅਣ-ਆਰੀਆ, ਭਾਸ਼ਾ ਦਾ ਉੱਚਾਰਨ ਸ਼ਾਇਦ ਹੀ ਇੰਨਾ ਨਿਖੇੜਵਾਂ ਤੇ ਸਪਸ਼ਟ ਹੋਵੇ।

ਇਸ ਸਪਸ਼ਟਤਾ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਲੋਕ ਧੁਨੀਆਂ ਦਾ ਸੰਯੁਕਤ ਉੱਚਾਰਨ ਨਹੀਂ ਕਰਦੇ, ਹਰ ਧੁਨੀਂ ਨੂੰ ਦੂਜੀ (ਅਗਲੀ ਜਾਂ ਪਿਛਲੀ) ਧੁਨੀਂ ਨਾਲੋਂ ਨਿਖੇੜ ਕੇ ਬੋਲਦੇ ਹਨ। ਨਿਖੇੜਵੇਂ ਉੱਚਾਰਨ ਦੀ ਇਹ ਰੁਚੀ ਲਾਗੇ ਚਾਗੇ ਦੀਆਂ ਸਾਰੀਆਂ ਬੋਲੀਆਂ ਨਾਲੋਂ ਪੰਜਾਬੀ ਵਿਚ ਵਧੇਰੇ ਹੈ। ਗੁਆਂਢਣ ਖੜੀ ਬੋਲੀ ਦਾ ਉੱਚਾਰਨ ਕੁਝ ਪੰਜਾਬੀ ਦੇ ਨੇੜੇ ਪੁੱਜਦਾ ਸੀ, ਪਰ ਇਸ ਦੇ ਸਾਹਿਤਿਕ ਰੂਪ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦੀ ਬਹੁ ਗਿਣਤੀ ਆ ਜਾਣ ਕਰਕੇ, ਹਿੰਦੀ ਉੱਚਾਰਨ ਵਿਚ ਕੁਝ ਬਣਾਉਟੀਪਨ ਆ ਰਿਹਾ ਹੈ। ਭਾਵੇਂ ਲਿਖਿਤ ਪੰਜਾਬੀ ਵਿਚ ਸੰਸਕ੍ਰਿਤ ਤਤਸਮ ਸ਼ਬਦ ਕਾਫ਼ੀ ਖੁਭਦੇ ਜਾ ਰਹੇ ਹਨ, ਪਰ ਉੱਚਾਰਨ ਨੂੰ ਗੁੰਝਲਦਾਰ ਬਣਾਉਣ ਦੀ ਆਦਤ ਪੰਜਾਬੀ-ਪ੍ਰੇਮੀਆਂ ਵਿਚ ਕੁਝ ਘੱਟ ਹੈ।

ਉੱਚਾਰਨ ਸੰਬੰਧੀ ਬਹੁਤ ਸਾਰੇ ਨੁਕਤੇ ਦੂਜੇ ਅਧਿਆਵਾਂ ਵਿਚ ਥਾਂ-ਥਾਂ ਦਿੱਤੇ ਗਏ ਹਨ, ਇਸ ਲਈ ਹੇਠਾਂ ਦਿੱਤੇ ਗਏ ਵਿਚਾਰਾਂ ਵਿਚ, ਕਈ ਥਾਈਂ ਹੋਰਥੇ ਦਿੱਤੇ ਗਏ ਤੱਥਾਂ ਨੂੰ ਹੀ ਦੋਹਰਾਇਆ ਗਿਆ ਹੈ। ਫੇਰ ਵੀ ਉੱਚਾਰਨ ਸੰਬੰਧੀ ਪੂਰੀ ਸਮਗ੍ਰੀ ਨੂੰ ਇਕ ਥਾਂ ਇਕੱਠਾ ਕਰਨਾ, ਤੇ ਸੰਖੇਪ ਵਿਚ ਦਿੱਤੇ ਵਿਚਾਰਾਂ ਨੂੰ ਖੋਲ੍ਹ ਕੇ ਵਰਨਨ ਕਰਨਾ ਬੇਲੋੜਾ ਨਹੀਂ ਹੋਵੇਗਾ।

## ਪੰਜਾਬੀ ਉੱਚਾਰਨ ਦੀਆਂ ਵਿਸ਼ੇਸ਼ਤਾਵਾਂ

ਬੋਲਦਿਆਂ ਹੋਇਆਂ ਅੱਡ-ਅੱਡ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਦੇ ਉੱਚਾਰਨ ਸੰਬੰਧੀ ਅੰਗਾਂ (Organs of speech) ਦੀ ਸਥਿਤੀ (ਪੋਜ਼ੀਸ਼ਨ) ਕੁਝ ਅੱਡ-ਅੱਡ ਹੁੰਦੀ ਹੈ। ਅਗ੍ਰੇਜ਼ ਬੋਲਦੇ ਸਮੇਂ ਬੁਲ੍ਹ ਅਗਾਂਹ ਨੂੰ ਵਧਾਉਂਦੇ ਹਨ, ਬੰਗਾਲੀ ਬੁਲ੍ਹਾਂ ਨੂੰ ਕੁਝ ਗੋਲ ਕਰਦੇ ਹਨ, ਈਰਾਨੀ ਮੂੰਹ ਬਹੁਤ ਘੱਟ ਖੋਲ੍ਹਦੇ ਹਨ, ਤੇ ਦਰਾਵੜ ਕੁਝ ਜ਼ਿਆਦਾ ਖੋਲ੍ਹਦੇ ਹਨ। ਫੇਰ, ਅੰਗ੍ਰੇਜ਼ੀ ਦੀਆਂ ਅਧਿਕਤਰ ਧੁਨੀਆਂ ਦਾ ਉੱਚਾਰਨ ਉਤਲੇ ਥ੍ਰੰਟ ਤੋਂ ਕੁਝ ਪਿੱਛੇ, ਕਠੋਰ ਤਾਲੂ ਦੇ ਅਗਲੇ ਹਿੱਸੇ ਦੇ ਲਾਗੇ ਲਾਗੇ ਹੁੰਦਾ ਹੈ, ਚੀਨੀ ਭਾਸ਼ਾ ਵਿਚ ਅਨੁਨਾਸਿਕਤਾ ਤੇ ਸੁਰ ਦੀ ਬਹੁਲਤਾ ਹੈ; ਫ਼ਾਰਸੀ ਵਿਚ ਮੂਰਧਨੀ ਉੱਚਾਰਨ ਬਿਲਕੁਲ ਨਹੀਂ ਤੇ ਦਰਾਵੜ ਬੋਲੀਆਂ ਵਿਚ ਇਹ ਬਹੁਤ ਜ਼ਿਆਦਾ ਹੈ।

Sri Satguru Jagjit Singh Ji Elibrary NamdhariElibrary@gmail.com

ਉੱਚਾਰਨ-ਅੰਗਾਂ ਦੀ ਸਥਿਤੀ ਦੀ ਜਾਂਚ ਕਰਦੇ ਹੋਏ ਅਸੀਂ ਵੇਖਦੇ ਹਾਂ ਕਿ ਪੰਜਾਬੀ ਦਾ ਮੁੱਖ ਉੱਚਾਰਨ-ਸਥਾਨ (focus of articulation) ਉਪਰਲੇ ਬੁੱਟ ਦੇ ਨੇੜੇ-ਤੇੜੇ ਹੈ। ਲਗ-ਪਗ 40 ਪ੍ਰਤੀ ਸੈਂਕੜਾ ਵਿਅੰਜਨਾਂ[1] ਦਾ ਉੱਚਾਰਨ ਉਤਲੇ ਬੁੱਟ ਦੇ ਕੋਲ-ਕੋਲ ਹੁੰਦਾ ਹੈ। ਗ੍ਰਾਹਮ ਬੇਲੀ ਨੇ ਪੰਜਾਬੀ ਉੱਚਾਰਨ ਦਾ ਝੁਕਾ ਉਤਲੇ ਦੰਦਾਂ ਨਾਲ ਦੱਸਿਆ ਹੈ,[2] ਪਰ ਮੈਂ ਉਤਲੇ ਬੁੱਟ ਨੂੰ ਹੀ ਮੁੱਖ ਉੱਚਾਰਨ-ਕੇਂਦ੍ਰ ਠੀਕ ਸਮਝਦਾ ਹਾਂ।

ਪੰਜਾਬੀ ਦੇ ਉੱਚਾਰਨ ਵਿਚ ਜੀਭ ਦਾ ਅਗਲਾ ਹਿੱਸਾ ਹੀ ਵਧੇਰੇ ਕੰਮ ਆਉਂਦਾ ਹੈ, ਅਤੇ ਸਾਰੇ ਵਿਅੰਜਨਾਂ ਦੇ ਉੱਚਾਰਨ ਵਿਚ ਜੀਭ ਦਾ ਉਤਲਾ ਪਾਸਾ ਦੰਦਾਂ, [3]ਬੁੱਟ, ਤਾਲੂ ਆਦਿ ਨੂੰ ਛੂੰਹਦਾ ਹੈ। ਕੇਵਲ /ੜ/ ਦੇ ਉਚਾਰਨ ਵਿਚ ਜੀਭ ਦੀ ਨੋਕ ਦਾ ਹੇਠਲਾ ਪਾਸਾ ਛੂੰਹਦਾ ਹੈ।

ਕਿਉਂਕਿ ਵਧੇਰੇ ਧੁਨੀਆਂ ਦਾ ਉੱਚਾਰਨ ਉਤਲੇ ਬੁੱਟ ਦੇ ਲਾਗੇ ਹੁੰਦਾ ਹੈ; ਅਤੇ ਸਾਧਾਰਨ ਹਾਲਤ ਵਿਚ ਅਡੋਲ ਪਈ ਜੀਭ ਦੀ ਨੋਕ ਵੀ ਇਥੇ (ਬੁੱਟ ਦੇ ਹੇਠਾਂ) ਨੇੜੇ ਹੀ ਟਿਕੀ ਹੁੰਦੀ ਹੈ, ਇਸ ਲਈ ਪੰਜਾਬੀ ਦੇ ਉੱਚਾਰਨ ਵਿਚ ਜੀਭ ਨੂੰ ਆਪਣੀ ਸਾਧਾਰਨ ਥਾਂ ਤੋਂ ਬਹੁਤ ਦੁਰੇਡਾ ਨਹੀਂ ਜਾਣਾ ਪੈਂਦਾ। ਦਰਾਵੜ ਆਦਿ ਭਾਸ਼ਾਵਾਂ ਵਿਚ ਜੀਭ ਨੂੰ ਆਪਣੀ ਸਾਧਾਰਨ ਥਾਂ ਤੋਂ ਉੱਚਾ ਹੋ ਕੇ ਉਤੇ ਮੂਰਧਾ ਆਦਿ ਨੂੰ ਛੂੰਹਣਾ ਪੈਂਦਾ ਹੈ, ਫਲ-ਸਰੂਪ ਜੀਭ ਤੇ ਵਿਰਾਛਾਂ ਵਿਚ ਤਣਾ ਆਉਂਦਾ ਹੈ, ਮੂੰਹ ਵਧੇਰੇ ਖੁਲ੍ਹਦਾ ਹੈ। ਪੰਜਾਬੀ ਦੇ ਉੱਚਾਰਨ ਵਿਚ ਜੀਭ ਤੇ ਵਿਰਾਛਾਂ ਆਮ ਸਥਿਤੀ ਵਿਚ ਹੀ ਰਹਿੰਦੀਆਂ ਹਨ, ਉਨ੍ਹਾਂ ਨੂੰ ਕੱਸ ਨਹੀਂ ਪੈਂਦੀ, ਸੰਘ ਦੇ ਪੱਠੇ ਵੀ ਬਹੁਤ ਘੱਟ ਧੁਨੀਆਂ ਦੇ ਉੱਚਾਰਨ ਵਿਚ ਤਣਦੇ ਹਨ।[4]

ਪੰਜਾਬੀ ਲੋਕ ਨਾ ਅੰਗ੍ਰੇਜ਼ਾਂ ਵਾਂਗ ਬੁਲ੍ਹਾਂ ਨੂੰ ਅਗਾਂਹ ਵਧਾਉਂਦੇ ਹਨ ਤੇ ਨਾ ਹੀ ਵਿਰਾਛਾਂ ਪਿਛਾਂਹ ਨੂੰ ਖਿੱਚਦੇ ਹਨ। ਬੁੱਲ੍ਹਾਂ ਦੀ ਸਥਿਤੀ ਲਗ-ਭਗ ਸਾਧਾਰਨ ਅਵਸਥਾ ਵਾਲੀ ਹੀ ਰਹਿੰਦੀ ਹੈ। ਪੰਜਾਬੀਆਂ ਦੇ ਬੁੱਲ੍ਹ ਉੱਚਾਰਨ ਸਮੇਂ, ਈਰਾਨੀਆਂ ਨਾਲੋਂ ਵਧੇਰੇ ਖੁਲ੍ਹਦੇ ਹਨ, ਪਰ ਅੰਗ੍ਰੇਜ਼ਾਂ ਅਥਵਾ ਦਰਾਵੜਾਂ ਨਾਲੋਂ ਕੁਝ ਘੱਟ।

ਪੰਜਾਬੀ ਬਹੁਤ ਕਾਹਲੇ ਨਹੀਂ ਬੋਲਦੇ। ਦਰਾਵੜ ਭਾਸ਼ਾਵਾਂ, ਖਾਸ ਕਰ ਮਲਿਆਲਮ

---

1. ਤ-ਵਰਗ, ਟ-ਵਰਗ ਚ-ਵਰਗ ਤੇ ਧ, ਰ, ਲ, ਵ, ਸ।

2. Punjabi focus is against the upper teeth and this gives a voice of splendid carrying quality.

(ਪੰਜਾਬੀ ਦਾ ਉੱਚਾਰਨ-ਕੇਂਦ੍ਰ ਉਤਲੇ ਦੰਦਾਂ ਨਾਲ ਹੈ, ਜਿਸ ਕਰ ਕੇ ਆਵਾਜ਼ ਵਿਚ ਕਮਾਲ ਦਾ ਨਿਖਾਰ ਆਉਂਦਾ ਹੈ।) (ਪੰਜਾਬੀ ਮੈਨੂਅਲ ਐਂਡ ਗ੍ਰਾਮਰ)

3. ਵਧੇਰੇ ਪੰਜਾਬੀ ਲੋਕ ਟ-ਵਰਗ ਦੀਆਂ ਧੁਨੀਆਂ ਅਤੇ /ੜ/ ਤੇ /ਲ਼/ ਦਾ ਉਚਾਰਨ ਜੀਭ ਉਲਟੀ ਕਰਕੇ ਨੋਕ ਦੇ ਹੇਠਲੇ ਹਿੱਸੇ ਨੂੰ ਤਾਲੂ ਨਾਲ ਛੁਹਾ ਕੇ ਕਰਦੇ ਹਨ। ਪਰ ਕਈ ਪੰਜਾਬੀ ਇਹਨਾਂ ਧੁਨੀਆਂ ਦਾ ਉਚਾਰਨ ਵੀ ਸਿਧੀ ਜੀਭ ਨਾਲ ਬੁੱਟ ਤੇ ਕਰਦੇ ਹਨ।

4. ਗ੍ਰਾਹਮ ਬੇਲੀ ਨੇ ਪੰਜਾਬੀ ਉੱਚਾਰਨ ਵਿਚ 'ਜੀਭ ਦਾ ਪਿਛਲਾ ਹਿੱਸਾ ਨੀਵਾਂ ਤੇ ਸੰਘ ਦੇ ਪਠੇ ਤਣੇ ਹੋਏ' (low back tongue and tensed muscles of the throat) ਦੱਸੇ ਹਨ। ਬੇਗਾਨੀ ਭਾਸ਼ਾ ਸਿੱਖਣ ਵਾਲਿਆਂ ਨੂੰ ਕੋਸ਼ਿਸ਼ ਕਰ ਕੇ ਉੱਚਾਰਨ-ਅੰਗ ਮੋੜਨੇ ਪੈਂਦੇ ਹਨ। ਇਸ ਲਈ ਜੀਭ, ਸੰਘ ਆਦਿ ਵਿਚ ਤਣਾ ਆਉਂਦਾ ਹੈ। ਪੰਜਾਬੀ ਉੱਚਾਰਨ ਵਿਚ ਜੀਭ ਤੇ ਸੰਘ, ਅਧਿਕਤਰ, ਆਪਣੀ ਸਾਧਾਰਨ ਸਥਿਤੀ ਦੇ ਬਹੁਤ ਨੇੜੇ ਰਹਿੰਦੇ ਹਨ। ਕੇਵਲ ਥੋੜੀਆਂ ਜੇਹੀਆਂ ਧੁਨੀਆਂ—ਹ, ਘ, ਝ, ਢ, ਧ, ਭ—ਦੇ ਉੱਚਾਰਨ ਵਿਚ ਸੰਘ ਦੇ ਪੱਠੇ ਖਿੱਚ ਖਾਂਦੇ ਹਨ, ਕਿਉਂਕਿ ਇਨ੍ਹਾਂ ਦੇ ਉੱਚਾਰਨ ਨਾਲ ਨੀਵੀਂ ਸੁਰ ਉਚਾਰਨੀ ਪੈਂਦੀ ਹੈ ਜੋ ਗੈਰ-ਪੰਜਾਬੀਆਂ ਲਈ ਬੜੀ ਔਖੀ ਧਨੀ ਹੈ।

Sri Satguru Jagjit Singh Ji Elibrary NamdhariElibrary@gmail.com

ਤੇ ਤਾਮਿਲ, ਦੀ ਗਤੀ ਬਹੁਤ ਤੇਜ਼ ਹੈ। ਇਨ੍ਹਾਂ ਭਾਸ਼ਾਵਾਂ ਬਾਰੇ ਫੌਜੀਆਂ ਦਾ ਘੜਿਆ ਹੋਇਆ ਮਖੌਲ, ਕਿ 'ਮਦਰਾਸੀ ਇੰਜ ਬੋਲਦੇ ਨੇ ਜਿਵੇਂ ਸੱਖਣੇ ਡੱਬੇ ਵਿਚ ਰੋੜ ਪਾ ਕੇ ਖੜਕਾਏ ਜਾਣ' ਬਿਲਕੁਲ ਨਿਰਮੂਲ ਨਹੀਂ। ਵੀਹ-ਵੀਹ ਵਰ੍ਹੇ ਮਦਰਾਸੀਆਂ ਦੇ ਨਾਲ ਰਹਿਣ ਪਿਛੋਂ, ਅੱਜ ਵੀ ਸਾਡੇ ਕੋਲ ਕੋਈ ਮਲਿਆਲਮ ਜਾਂ ਤਾਮਿਲ ਬੋਲੇ ਤਾਂ ਸਾਡੇ ਭਾਣੇ ਬੱਸ ਡੱਬੇ ਵਿਚ ਰੋੜ ਹੀ ਖੜਕਦੇ ਹਨ। ਕੁਝ ਤੇਜ਼ ਬੋਲਣ ਕਰ ਕੇ ਤੇ ਕੁਝ ਇਨ੍ਹਾਂ ਭਾਸ਼ਾਵਾਂ ਵਿਚ ਸੰਯੁਕਤ ਵਿਅੰਜਨਾ ਦੀ ਬਹੁਲਤਾ ਹੋਣ ਕਰਕੇ ਦਰਾਵੜਾਂ ਦੇ ਉੱਚਾਰਨ ਵਿਚੋਂ ਅੱਡ-ਅੱਡ ਧੁਨੀਆਂ ਨੂੰ ਨਿਖੇੜ ਸਕਣਾ ਸਾਡੇ ਲਈ ਕਾਫ਼ੀ ਕਠਿਨ ਹੈ। ਪੰਜਾਬੀ ਦੀ ਚਾਲ ਇਸ ਤੋਂ ਬਿਲਕੁਲ ਵੱਖਰੀ ਹੈ। ਸਾਡੀ ਭਾਸ਼ਾ ਵਿਚ ਸੰਯੁਕਤ ਧੁਨੀਆਂ ਹਨ ਹੀ ਨਹੀਂ। ਜਿਨ੍ਹਾਂ ਸ਼ਬਦਾਂ ਵਿਚ ਅਸੀਂ ਕੁਝ ਸੰਯੁਕਤ ਵਿਅੰਜਨ ਲਿਖਦੇ ਵੀ ਹੋਵਾਂਗੇ, ਉੱਚਾਰਨ ਕਰਨ ਲੱਗਿਆਂ ਪੜ੍ਹੇ-ਲਿਖੇ ਪੰਜਾਬੀ ਵੀ ਉਨ੍ਹਾਂ ਧੁਨੀਆਂ ਨੂੰ ਨਿਖੇੜ ਕੇ ਹੀ ਬੋਲਦੇ ਹਨ। ਹਰ ਦੋਂਹ ਵਿਅੰਜਨਾਂ ਵਿਚ ਇਕ ਸੁਰ ਲੈ ਆਉਣਾ ਪੰਜਾਬੀ ਉਚਾਰਨ ਦੀ ਵਿਸ਼ੇਸ਼ਤਾ ਹੈ; ਇਹੋ ਹੀ ਸਾਡੇ ਉੱਚਾਰਨ ਦਾ ਇਕ ਗੁਣ ਹੈ।

ਪੰਜਾਬੀ ਲੋਕ ਸਾਧਾਰਨ ਨਾਲੋਂ ਕੁਝ ਉਚੇਰਾ ਬੋਲਦੇ ਹਨ, ਇਹ ਉਨ੍ਹਾਂ ਦਾ ਸੁਭਾਂ ਬਣ ਚੁਕਾ ਹੈ। ਨਿਗਰ ਕਾਠੀ ਤੇ ਨਰੋਏ ਫੇਫੜਿਆਂ ਵਾਲੇ ਪੰਜਾਬੀਆਂ ਨੂੰ ਨੀਂਵੀ ਆਵਾਜ਼ ਵਿਚ ਬੋਲਣ ਦੀ ਆਦਤ ਹੀ ਨਹੀਂ। ਇਹ ਵੀ ਸਾਡੇ ਉੱਚਾਰਨ ਦੀ ਸਪਸ਼ਟਤਾ ਦਾ ਇਕ ਕਾਰਨ ਹੈ।

ਪਿੱਛੇ ਵਰਨਨ ਕੀਤਾ ਗਿਆ ਹੈ ਕਿ ਪੰਜਾਬੀ ਉਚਾਰਨ ਵਿਚ ਧੁਨੀਆਂ (ਵਿਅੰਜਨ) ਨਿਖੇੜ ਕੇ ਬੋਲੀਆਂ ਜਾਂਦੀਆਂ ਹਨ। ਪੰਜਾਬੀ ਦੇ ਠੇਠ ਪੇਂਡੂ ਉਚਾਰਨ ਵਿਚ ਸੰਯੁਕਤ ਵਿਅੰਜਨਾਂ ਦੀ ਥਾਂ ਨਹੀਂ। ਪੜ੍ਹੇ-ਲਿਖੇ ਵਰਗ ਵਿਚ ਅੰਗਰੇਜ਼ੀ ਤੇ ਹੁਣ ਜੇਹੇ ਆ ਕੇ ਕੁਝ ਸੰਸਕ੍ਰਿਤ ਤਤਸਮ ਸ਼ਬਦਾਂ ਦੇ ਸ਼ੁੱਧ ਉੱਚਾਰਨ ਕਰਨ ਦੀ ਕੋਸ਼ਿਸ਼ ਕਰਕੇ, ਸੰਯੁਕਤ ਵਿਅੰਜਨਾਂ ਦੇ ਉੱਚਾਰਨ ਦਾ ਕੁਝ ਅਭਿਆਸ ਹੋ ਗਿਆ ਹੈ। ਪਰ ਪਿੰਡਾਂ ਵਿਚ ਜਿਥੇ ਪੰਜਾਬੀ ਦਾ ਸੁਭਾਵਿਕ ਰੂਪ ਮਿਲਦਾ ਹੈ, ਵਿਅੰਜਨਾਂ ਦਾ ਸੰਯੁਕਤ ਉੱਚਾਰਨ ਨਹੀਂ ਹੁੰਦਾ। ਪੁੱਤਰ (ਪੁੱਤ੍ਰ), ਸੂਤਰ (ਸੂਤ੍ਰ), ਕਰਮ (ਕਰਮ), ਭਗਤੀ (ਭਕ੍ਤਿ), ਧਰਮ (ਧਰ੍ਮ), ਅਮਰਤਸਰ (ਅੰਮ੍ਰਿਤਸਰ), ਜਤਨ (ਯਤ੍ਨ) ਆਦਿ ਤੇ ਅਨੇਕਾਂ ਹੋਰ ਸ਼ਬਦਾਂ ਵਿਚ ਵਿਅੰਜਨਾਂ ਦਾ ਉੱਚਾਰਨ ਨਿਖੇੜਵਾਂ ਹੁੰਦਾ ਹੈ।

ਸ਼ਬਦਾਂ ਦੇ ਆਰੰਭ ਵਿਚ ਆਉਣ ਵਾਲੇ ਵਿਅੰਜਨਾਂ ਦਾ ਉੱਚਾਰਨ ਤਾਂ ਹੋਰ ਵੀ ਨਿਖੇੜਵਾਂ ਹੋ ਚੁਕਾ ਹੈ। ਸੰਸਕ੍ਰਿਤ ਦੇ ਅਨੇਕਾਂ ਹੀ ਸ਼ਬਦਾਂ ਦੇ ਰੂਪ ਕਾਫ਼ੀ ਬਦਲ ਗਏ ਹਨ, ਵਿਸ਼ੇਸ਼ ਕਰਕੇ ਇਸੇ ਲਈ ਕਿ ਉਨ੍ਹਾਂ ਦੇ ਆਰੰਭ ਵਿਚ ਸੰਯੁਕਤ ਵਿਅੰਜਨ ਆਉਂਦੇ ਹਨ, ਜਿਨ੍ਹਾਂ ਦਾ ਉੱਚਾਰਨ ਪੰਜਾਬੀ ਦੀ ਰੁਚੀ ਦੇ ਅਨੁਕੂਲ ਨਹੀਂ। ਵਾਸਤਵ ਵਿਚ ਕਿਸੇ ਵੀ ਭਾਰਤੀ-ਆਰੀਆ ਭਾਸ਼ਾ ਵਿਚ ਅੱਜ ਸੰਯੁਕਤ ਵਿਅੰਜਨਾਂ ਦੇ ਉੱਚਾਰਨ ਦੀ ਉਹ ਯੋਗਤਾ ਨਹੀਂ ਰਹੀ ਜਿਹੜੀ ਸੰਸਕ੍ਰਿਤ ਕਾਲ ਵਿਚ ਹੁੰਦੀ ਸੀ। ਪ੍ਰਾਕ੍ਰਿਤਾਂ ਵਿਚ ਹੀ ਸੰਯੁਕਤ ਵਿਅੰਜਨ ਲਗ-ਪਗ ਲੋਪ ਹੋਣ ਲਗ ਪਏ ਸਨ। ਪਰ ਲਿਖਿਤ ਭਾਸ਼ਾ ਵਿਚ ਸ਼ਬਦਾਂ ਦਾ ਪੁਰਾਣਾ ਰੂਪ ਹੀ ਕਾਇਮ ਰਖਿਆ ਗਿਆ ਤੇ ਅੱਜ ਵੀ ਹਿੰਦੀ ਆਦਿ ਭਾਸ਼ਾਵਾਂ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦਾ ਲਿਖਿਤ ਰੂਪ ਉਹੋ ਹੀ ਦਿਸਦਾ ਹੈ, ਪਰ ਇਨ੍ਹਾਂ ਦਾ ਉਚਾਰਨ ਆਮ ਜਨਤਾ ਵਿਚ ਨਿਖੇੜਵਾਂ ਹੀ ਹੁੰਦਾ ਹੈ। ਕੁਝ ਕੁ ਪੰਡਿਤ ਲੋਕ ਹੀ ਸ਼ੁਧ ਉੱਚਾਰਨ

Sri Satguru Jagjit Singh Ji Elibrary NamdhariElibrary@gmail.com

ਲਈ ਵਿਸ਼ੇਸ਼ ਜਤਨ ਕਰਦੇ ਹਨ। ਫੇਰ ਵੀ ਸ੍ਤ੍ਰੀ (ਸ੍ਕੀ) 'ਸ੍ਨਾਨ', 'ਰਿਸ਼ੀ' ਆਦਿ ਸ਼ਬਦਾਂ ਦਾ ਉੱਚਾਰਨ ਸ਼ਾਇਦ ਹੀ ਕੋਈ ਠੀਕ ਠੀਕ ਕਰ ਸਕਦਾ ਹੋਵੇ।

ਪੰਜਾਬੀ ਉੱਚਾਰਨ ਵਿਚ ਆਰੰਭ ਵਾਲੇ ਸੰਯੁਕਤ ਵਿਅੰਜਨ ਬਿਲਕੁਲ ਖ਼ਤਮ ਹੋ ਚੁਕੇ ਹਨ। ਸੰਸਕ੍ਰਿਤ ਸ਼ਬਦਾਂ ਦੇ ਆਰੰਭ ਵਿਚ ਆਉਣ ਵਾਲੇ ਜੁੜਵੇਂ ਵਿਅੰਜਨਾਂ ਵਿਚੋਂ ਇਕ ਲੋਪ ਹੋ ਗਿਆ ਹੈ, ਜਾਂ ਦੋਹਾਂ ਦਾ ਨਿਖੇੜਵਾਂ ਉੱਚਾਰਨ ਹੁੰਦਾ ਹੈ। ਕਈ ਹਾਲਤਾਂ ਵਿਚ ਇਕ ਵਾਧੂ ਸੁਰ ਪਹਿਲਾਂ ਲਗ ਜਾਂਦਾ ਹੈ। /ਸੁਆਰਥੀ/ (ਸ੍ਵਾਰਥੀ), /ਸੁਭਾਂ/ (ਸ੍ਵਭਾਵ), ਵਿਚ ਵਿਅੰਜਨ /ਵ/ ਦੀ ਥਾਂ ਸੁਰ /ਉ/ (ਔਂਕੜ) ਆ ਗਿਆ ਹੈ। /ਪਰੀਤ/, /ਪਰੇਮ/, /ਪਰਗਟ/, /ਗਰੰਥ/, /ਪਰਚਾਰ/ ਵਿਚ ਸੰਯੁਕਤ ਦੀ ਥਾਂ ਆਰੰਭਿਕ ਵਿਅੰਜਨਾਂ ਦਾ ਨਿਖੇੜਵਾਂ ਉੱਚਾਰਨ ਹੁੰਦਾ ਹੈ। /ਇਸਤ੍ਰੀ/, /ਅਸ਼ਨਾਨ/ ਆਦਿ ਦੇ ਆਰੰਭ ਵਿਚ ਇਕ ਵਾਧੂ ਸੁਰ ਆ ਗਿਆ ਹੈ।

ਅੰਗ੍ਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਵਿਚ ਵੀ ਅਸੀਂ ਸੰਯੁਕਤ ਵਿਅੰਜਨਾਂ ਨੂੰ ਨਿਖੇੜ ਕੇ ਹੀ ਬੋਲਦੇ ਹਾਂ—/ਫਾਰਮ/ (ਫਾਰ੍ਮ), /ਅਲਾਰਮ/ (ਅਲਾਰ੍ਮ), /ਸਕੂਲ/ (ਸ੍ਕੂਲ)।

ਭਾਵੇਂ ਸੰਯੁਕਤ ਉੱਚਾਰਨ ਪੰਜਾਬੀ ਦੀ ਰੁਚੀ ਦੇ ਅਨੁਕੂਲ ਨਹੀਂ, ਪਰ ਜਦੋਂ ਸੰਯੁਕਤ ਵਿਅੰਜਨਾਂ ਤੋਂ ਪਿਛੋਂ ਦੀਰਘ ਸੁਰ ਆਵੇ, ਉਦੋਂ ਇਨ੍ਹਾਂ ਵਿਅੰਜਨਾਂ ਦਾ ਉੱਚਾਰਨ ਜੇ ਠੀਕ-ਠੀਕ ਸੰਯੁਕਤ ਨਹੀਂ ਤਾਂ ਕਾਫ਼ੀ ਹੱਦ ਤਕ ਸੰਯੁਕਤ ਜ਼ਰੂਰ ਹੁੰਦਾ ਹੈ। ਇੰਜ 'ਪ੍ਰੀਤ, ਪ੍ਰੇਮ, ਕੋਂਦ੍ਰੀ, ਕ੍ਰੋਧ', ਆਦਿ ਦਾ ਪੰਜਾਬੀ ਵਿਚ ਵੀ ਸੰਯੁਕਤ ਉੱਚਾਰਨ ਮੰਨਣਾ ਪਵੇਗਾ।

ਉੱਚਾਰਨ ਦੀ ਸੁਵਿਧਾ ਦੇ ਆਧਾਰ ਤੇ ਕਈਆਂ ਵਿਅੰਜਨਾਂ ਦਾ ਉੱਚਾਰਨ ਨਿਖੇੜਵਾਂ ਹੁੰਦਾ ਹੋਇਆ ਵੀ ਹੋਰ ਵਿਅੰਜਨਾਂ ਦੇ ਉੱਚਾਰਨ ਨਾਲੋਂ ਕਾਹਲਾ ਹੋ ਜਾਂਦਾ ਹੈ। ਮਿਸਾਲ ਲਈ ਦੋ ਸ਼ਬਦਾਂ /ਚੁਫੇਰਾ/ ਤੇ /ਚੁਰਾਇਆ/ ਨੂੰ ਵਿਚਾਰਦੇ ਹਾਂ। /ਚ/ ਦੇ ਉੱਚਾਰਨ ਲਈ ਜੀਭ ਦੀ ਨੋਕ ਨੂੰ ਤਾਲੂ ਤਕ ਪੁੱਜਣਾ ਪੈਂਦਾ ਹੈ ਤੇ /ਰ/ ਲਈ ਅਗਾਂਹ ਬੁੱਟ ਤੇ ਆਉਣਾ ਪੈਂਦਾ ਹੈ। ਇਸ ਲਈ /ਚੁਰਾਇਆ/ ਵਿਚ /ਚ/ ਤੋਂ /ਰ/ ਤਕ ਆਉਣ ਲਈ ਜਿੰਨਾ ਸਮਾਂ ਲਗਦਾ ਹੈ, /ਚੁਫੇਰਾ/ ਵਿਚ /ਚ/ ਪਿਛੋਂ /ਫ/ ਦੇ ਉੱਚਾਰਨ ਲਈ ਇਸ ਤੋਂ ਘੱਟ ਸਮਾਂ ਚਾਹੀਦਾ ਹੈ, ਕਿਉਂਕਿ /ਫ/ ਦੇ ਉੱਚਾਰਨ ਲਈ ਜੀਭ ਦੀ ਲੋੜ ਨਹੀਂ ਪੈਂਦੀ, ਬੁਲ੍ਹਾਂ ਨਾਲ ਹੀ ਧੁਨੀ ਬਣ ਜਾਂਦੀ ਹੈ। ਇੰਜ ਹੀ ਤ-ਵਰਗ ਦੀਆਂ ਧੁਨੀਆਂ ਲਈ ਜੀਭ ਦੰਦਾਂ ਨੂੰ ਛੂੰਹਦੀ ਹੈ, ਤੇ /ਰ/ ਲਈ ਨੇੜੇ ਹੀ ਬੁੱਟ ਨੂੰ। ਦੰਦਾ ਤੋਂ ਬੁੱਟ ਤਕ ਵਧੇਰੇ ਸਮਾਂ ਨਹੀਂ ਲਗਦਾ। ਕ-ਵਰਗ ਦਾ ਉੱਚਾਰਨ ਜੀਭ ਦੇ ਪਿਛਲੇ ਹਿੱਸੇ ਨਾਲ ਹੁੰਦਾ ਹੈ ਤੇ /ਰ/ ਦਾ ਅਗਲੀ ਨੋਕ ਨਾਲ। ਜਿਵੇਂ ਹੀ ਪਿਛਲਾ ਹਿੱਸਾ ਕੋਮਲ ਤਾਲੂ ਨੂੰ ਛੂਹ ਕੇ ਹਟਦਾ ਹੈ। ਅਗਲੀ ਨੋਕ ਬੁੱਟ ਨੂੰ ਜਾ ਲਗਦੀ ਹੈ। ਇਸ ਲਈ ਕ-ਵਰਗ ਪਿੱਛੋਂ ਵੀ /ਰ/ ਦਾ ਉੱਚਾਰਨ ਸ਼ੀਘਰਤਾ ਨਾਲ ਹੋ ਸਕਦਾ ਹੈ। ਇਸ ਦੇ ਉਲਟ ਚ-ਵਰਗ ਤੇ ਟ-ਵਰਗ ਦੀਆਂ ਧੁਨੀਆਂ ਪਿਛੋਂ /ਰ/ ਦੇ ਉੱਚਾਰਨ ਸਥਾਨ ਤਕ ਆਉਣ ਲਈ ਜੀਭ ਨੂੰ ਵਧੇਰੇ ਸਮਾਂ ਲਗਦਾ ਹੈ। ਸੋ ਪ-ਵਰਗ, ਤ-ਵਰਗ ਤੇ ਕ-ਵਰਗ ਪਿਛੋਂ /ਰ/ ਦਾ ਉੱਚਾਰਨ ਜਿੰਨੀ ਤੇਜ਼ੀ ਨਾਲ ਹੋ ਸਕਦਾ ਹੈ, ਚ-ਵਰਗ ਤੇ ਟ-ਵਰਗ ਪਿੱਛੋਂ ਉਨੀ ਕਾਹਲੀ ਨਾਲ ਨਹੀਂ ਹੋ ਸਕਦਾ। ਇਸੇ ਲਈ ਹੀ ਸੰਸਕ੍ਰਿਤ ਦੇ ਸ਼ਬਦਾਂ ਵਿਚ ਵੀ ਟ-ਵਰਗ ਤੇ ਚ-ਵਰਗ ਦੀਆਂ ਧੁਨੀਆਂ ਨਾਲ /ਰ/ ਦਾ ਸੰਯੁਕਤ ਰੂਪ ਬਹੁਤ ਹੀ ਘੱਟ ਮਿਲਦਾ ਹੈ—ਨਾਂਹ ਦੇ ਬਰਾਬਰ ਹੀ ਹੈ।

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ ਦੇ ਟ੍ਰੇਨ, ਟ੍ਰੱਕ, ਡ੍ਰਾਮਾ, ਡ੍ਰਿਲ ਆਦਿ ਸ਼ਬਦਾਂ ਵਿਚ /ਟ/ /ਡ/ ਦੇ ਪਿਛੋਂ ਸੰਯੁਕਤ /ਰ/ ਇਸ ਲਈ ਆਉਂਦਾ ਹੈ ਕਿਉਂਕਿ ਅੰਗ੍ਰੇਜ਼ੀ /ਟ/, /ਡ/ ਦਾ ਉੱਚਾਰਨ, /ਰ/ ਦੇ ਨੇੜੇ ਹੀ ਹੁੰਦਾ ਹੈ, ਪੰਜਾਬੀ ਵਾਂਗ ਕਠੋਰ ਤਾਲੂ ਤੇ ਨਹੀਂ ਹੁੰਦਾ।

ਉੱਚਾਰਨ ਦੀ ਸੁਵਿਧਾ ਲਈ ਹੀ ਸੰਸਕ੍ਰਿਤ ਦੇ ਜਿਨ੍ਹਾਂ ਸ਼ਬਦਾਂ ਵਿਚ /ਰ/ ਤੇ /ਣ/ ਜਾਂ /ਸ਼/ ਤੇ /ਣ/ ਇਕੱਠੇ ਆਉਂਦੇ ਸਨ, ਉਨ੍ਹਾਂ ਵਿਚ /ਣ/ ਦੀ ਥਾਂ /ਨ/ ਹੋ ਗਿਆ ਹੈ, ਕਿਉਂਕਿ /ਣ/ ਦਾ ਉੱਚਾਰਨ-ਸਥਾਨ /ਰ/ ਅਤੇ /ਸ਼/ ਦੇ ਸਥਾਨ ਤੋਂ ਦੂਰ ਪੈਂਦਾ ਹੈ, /ਨ/ ਦਾ ਇਨ੍ਹਾਂ ਦੇ ਨੇੜੇ ਹੈ। ਸੋ ਪੰਜਾਬੀ ਵਿਚ 'ਚਰਣ' ਦਾ ਚਰਨ, 'ਕਾਰਣ' ਦਾ ਕਾਰਨ, 'ਵਿਸ਼ਣੁ' ਦਾ ਬਿਸ਼ਨ, 'ਕ੍ਰਿਸ਼ਣ' ਦਾ ਕਿਸ਼ਨ, ਹੋ ਗਿਆ ਹੈ; ਹਾਲਾਂ ਕਿ ਆਮ ਹਾਲਤਾਂ ਵਿਚ ਪੰਜਾਬੀ ਵਿਚ ਸੰਸਕ੍ਰਿਤ /ਨ/ ਦਾ ਵੀ /ਣ/ ਹੋਇਆ ਹੈ, ਪਰ ਇਥੇ /ਣ/ ਤੋਂ /ਨ/ ਬਣਿਆ ਹੈ।

ਪੰਜਾਬੀਆਂ ਨੇ ਸੁਰਾਂ ਦੇ ਉੱਚਾਰਨ ਵਿਚ ਖਾਸ ਮੁਹਾਰਤ ਹਾਸਿਲ ਕੀਤੀ ਹੈ। ਛੋਟੇ ਵੱਡੇ ਸੁਰਾਂ ਦਾ ਠੀਕ ਠੀਕ ਉੱਚਾਰਨ ਕਰਨ ਦੀ ਤੇ ਉਚਾਰੇ ਹੋਏ ਸੁਰਾਂ ਦੀ ਮਾਤ੍ਰਾ ਦੇ ਅੰਤਰ ਨੂੰ ਸਮਝਣ ਦੀ ਜਿੰਨੀ ਯੋਗਿਤਾ ਪੰਜਾਬੀਆਂ ਵਿਚ ਹੈ ਉੱਨੀ ਆਂਦੀਆਂ-ਗੁਆਂਢੀਆਂ ਨੂੰ ਪ੍ਰਾਪਤ ਨਹੀਂ ਹੋ ਸਕੀ। /ਈ/ (ਬਿਹਾਰੀ) ਅੰਤਿਕ ਇਸਤ੍ਰੀ ਲਿੰਗ ਨਾਂਵਾਂ ਦਾ ਬਹੁਵਚਨ ਬਣਾਉਣ ਲਈ ਹਿੰਦੀ ਵਾਲੇ ਅੰਤਿਮ /ਈ/ (ਬਿਹਾਰੀ) ਨੂੰ /ਇ/ (ਸਿਹਾਰੀ) ਵਿਚ ਬਦਲ ਦੇਂਦੇ ਹਨ, ਜਿਵੇਂ 'ਘੋੜੀ' ਦਾ ਬਹੁਵਚਨ 'ਘੋੜਿਆਂ' ਕਰ ਕੇ ਲਿਖਦੇ ਹਨ, 'ਘੋੜੀਆਂ' ਨਹੀਂ। ਕਾਰਨ ਇਹ ਜਾਪਦਾ ਹੈ ਕਿ ਹਿੰਦੀ ਵਾਲਿਆਂ ਲਈ 'ਘੋੜੀਆਂ' ਤੇ 'ਘੋੜਿਆਂ' ਦਾ ਅੱਡ-ਅੱਡ ਉੱਚਾਰਨ ਕਰਨਾ, ਤੇ ਉਸ ਉੱਚਾਰਨ ਨੂੰ ਗ੍ਰਹਿਣ ਕਰਨਾ ਕਠਿਨ ਹੈ। ਪਰ ਪੰਜਾਬੀਆਂ ਨੂੰ ਅਜੇਹੀ ਕੋਈ ਦਿੱਕਤ ਨਹੀਂ, ਉਨ੍ਹਾਂ ਦੀ ਭਾਸ਼ਾ ਵਿਚ ਇਸ ਅੰਤਰ ਵਾਲੇ ਅਨੇਕਾਂ ਹੀ ਸ਼ਬਦ ਹਨ : /ਕੱਤੀਆਂ/ (ਘੜੀਆਂ), -/ਕੱਤਿਆਂ/ (ਘੜਿਆਂ), /ਕੀਤਿਆਂ/ -/ਕੀਤੀਆਂ/, -/ਰੱਖੀਆਂ/-/ਰੱਖਿਆ/, /ਸਵਾਂਦਿਆਂ/, -/ਸਵਾਂਦੀਆਂ/, /ਲਿਆਦਿਆਂ/- /ਲਿਆਦੀਆਂ/ ਆਦਿ।

ਪੰਜਾਬੀ ਸੁਰਾਂ ਦੇ ਲਮਕੱਾਂ (ਲੰਮਾਈ) ਦੇ ਅੰਤਰ ਨੂੰ ਧੁਨੀਆਂ ਦੇ ਬਿਆਨ ਵਿਚ ਖੋਲ੍ਹ ਕੇ ਵਰਨਨ ਕੀਤਾ ਗਿਆ ਗਿਆ ਹੈ। ਇਥੇ ਕੇਵਲ ਇਹ ਦੱਸਣਾ ਹੈ ਕਿ ਪੰਜਾਬੀ ਲੋਕ ਇਸ ਲਮਕੱਾਂ ਦੇ ਛੋਟੇ ਤੋਂ ਛੋਟੇ ਅੰਤਰ ਨੂੰ ਵੀ ਬੋਲਣ ਵਿਚ ਪ੍ਰਗਟ ਕਰ ਸਕਦੇ ਹਨ ਤੇ ਉਨ੍ਹਾਂ ਦੇ ਕੰਨ ਇਸ ਅੰਤਰ ਨੂੰ ਵੀ ਝਟ ਹੀ ਟੋਹ ਲੈਂਦੇ ਹਨ। ਇਕ ਦੋ ਉਦਾਹਰਨ ਹੇਠਾਂ ਦਿਤੇ ਜਾਂਦੇ ਹਨ :

ਪੰਜਾਬੀ ਦੇ /-ਆ/ (ਕੰਨਾ) ਅੰਤਿਕ ਇਕਵਚਨ ਪੁਲਿੰਗ ਨਾਂਵਾਂ ਦਾ ਬਹੁਵਚਨ ਤੇ ਤਿਰਛਾ ਰੂਪ (oblique form) ਇਸ /-ਆ/ ਦੀ ਥਾ /-ਏ/ (ਲਾਂ) ਲਾਇਆ ਬਣਦਾ ਹੈ। ਪਰ ਹੋਰ ਸਭ ਪ੍ਰਕਾਰ ਦੇ ਪੁਲਿੰਗ ਨਾਂਵਾਂ ਦੇ ਬਹੁਵਚਨ ਤੇ ਇਕ ਵਚਨ ਇਕੋ ਹੀ ਰੂਪ ਵਾਲੇ ਹਨ, ਤਿਰਛਾ ਰੂਪ ਵੀ ਉਹੋ ਹੀ ਰਹਿੰਦਾ ਹੈ, ਜਿਵੇਂ :

| ਇਕਵਚਨ ਸਿਧਾ ਰੂਪ | ਇਕਵਚਨ ਤਿਰਛਾ ਰੂਪ | ਬਹੁਵਚਨ ਸਿੱਧਾ ਰੂਪ |
|---|---|---|
| /ਆਦਮੀ ਗਿਆ/ | /ਆਦਮੀ ਨੇ/ | /ਆਦਮੀ ਗਏ/ |

Sri Satguru Jagjit Singh Ji Elibrary NamdhariElibrary@gmail.com

| | | |
|---|---|---|
| /ਹੱਥ ਚੁਕਿਆ/ | /ਹੱਥ ਨਾਲ/ | /ਹੱਥ ਧੋਤੇ/ |
| /ਪਸ਼ੂ ਚਰਦਾ ਏ/ | /ਪਸ਼ੂ ਨੂੰ/ | /ਪਸ਼ੂ ਚਰਦੇ ਨੇ/ |

ਪੰਜਾਬੀ ਦੇ ਕੁਝ ਪੁਲਿੰਗ ਨਾਂਵ ਅਜੇਹੇ ਹਨ, ਜਿਨ੍ਹਾਂ ਦੇ ਅੰਤ ਵਿਚ /–ਆ/ (ਕੰਨਾ) ਹੀ ਆਉਂਦਾ ਹੈ, ਪਰ ਇਸ /–ਆ/ ਦੀ ਲੰਮਾਈ ਸਾਧਾਰਨ /–ਆ/ ਨਾਲੋਂ ਕੁਝ ਵਧੇਰੇ ਹੈ—ਜਿਵੇਂ /ਤੱਲਾ/, /ਪਾੋਰਾ/, /ਸੁਭੱਾ/ ਆਦਿ। ਇਨ੍ਹਾਂ ਨਾਂਵਾ ਦਾ ਅੰਤਿਮ /–ਆ/ (ਕੰਨੇ ਨਾਲ ਪ੍ਰਗਟ ਕੀਤਾ ਗਿਆ), /ਕੋਠਾ/, /ਮੁੰਡਾ/ ਆਦਿ ਦੇ ਅੰਤਿਮ /–ਆ/ ਨਾਲੋਂ ਕੁਝ ਲੰਮਾ ਹੈ। ਪੰਜਾਬੀਆਂ ਨੂੰ ਇਸ ਥੋੜੇ ਜੇਹੇ ਅੰਤਰ ਦੀ ਵੀ ਇੱਨੀ ਪਰਖ ਹੈ ਕਿ ਉਨ੍ਹਾਂ ਅਜੇਹੇ ਨਾਂਵਾਂ ਨੂੰ /-ਆ/ ਅੰਤਿਕ (ਕੋਠਾ, ਮੁੰਡਾ ਆਦਿ) ਨਾਂਵਾਂ ਦੀ ਸ਼੍ਰੇਣੀ ਵਿਚ ਨਹੀਂ ਰਖਿਆ ਸਗੋਂ ਦੂਜੇ ਪ੍ਰਕਾਰ ਦੇ ਨਾਂਵਾਂ ਨਾਲ ਨੱਥੀ ਕੀਤਾ ਹੈ ਤੇ ਉਨ੍ਹਾਂ ਨਾਂਵਾਂ ਦੀ ਪ੍ਰਣਾਲੀ ਅਨੁਸਾਰ ਹੀ ਅਜੇਹੇ ਨਾਂਵਾਂ ਦਾ ਤਿਰਛਾ ਰੂਪ ਤੇ ਬਹੁਵਚਨ ਰੂਪ ਬਣਾਇਆ ਹੈ। ਇਥੇ ਸਾਧਾਰਨ /–ਆ/ ਅੰਤਿਕ ਨਾਂਵ 'ਘੋੜਾ' ਦਾ ਤਿਰਛਾ ਰੂਪ 'ਘੋੜੇ' ਹੈ,—(ਜਿਵੇਂ 'ਘੋੜੇ ਨੂੰ' 'ਘੋੜੇ ਦਾ' ਵਿਚ)—ਅਤੇ ਬਹੁਵਚਨ ਵੀ, ਸਿੱਧੇ ਰੂਪ ਵਿਚ, 'ਘੋੜੇ' ਹੈ (ਜਿਵੇਂ 'ਘੋੜੇ ਚਰਦੇ ਨੇ" ਵਿਚ)।

ਪਰ ਲੰਮੇਰੇ /-ਆ/ ਵਾਲੇ ਨਾਂਵਾਂ ਦਾ ਤਿਰਛਾ ਰੂਪ ਤੇ ਬਹੁਵਚਨ ਇਸ ਅਨੁਸਾਰ ਨਹੀਂ ਬਣਦਾ। 'ਭਰਾ' ਦਾ ਵਿਕਰੀ ਰੂਪ 'ਭਰਾ' ਹੀ ਹੈ, (ਜਿਵੇਂ 'ਭਰਾ ਨੂੰ', 'ਭਰਾ ਦਾ' ਵਿਚ, ਅਤੇ ਬਹੁਵਚਨ ਦਾ ਸਿੱਧਾ ਰੂਪ ਵੀ 'ਭਰਾ' ਹੀ ਹੈ, ਜਿਵੇਂ 'ਭਰਾ ਆਏ' ਵਿਚ। ਇਵੇਂ ਹੀ /ਸੁਭੱਾ/, /ਤਲੱਾ/ ਆਦਿ ਨਾਂਵਾਂ ਦੇ ਰੂਪ ਵੀ /ਘੋੜਾ/ ਨਾਲੋਂ ਵੱਖਰੇ, /ਭਰਾ\ ਨਾਲ ਮਿਲਦੇ ਹਨ। ਭਾਵ ਇਹ ਕਿ ਅੰਤਿਮ /-ਆ/ ਦਾ ਲਮਕੱਾ ਮਾਮੂਲੀ ਵਧੇਰੇ ਹੋਣ ਨਾਲ ਹੀ ਇਨ੍ਹਾਂ ਸ਼ਬਦਾਂ ਨੂੰ /-ਆ/–ਅੰਤਿਕ ਸ਼੍ਰੇਣੀ ਨਾਲੋਂ ਵੱਖਰਾ ਗਿਣ ਲਿਆ ਗਿਆ ਹੈ।

ਕੁਝ ਸ਼ਬਦ ਅਜੇਹੇ ਵੀ ਹਨ, ਜਿਨ੍ਹਾਂ ਵਿਚ ਕੇਵਲ ਸ੍ਵਰ ਨੂੰ ਥੋੜਾ ਹੋਰ ਲਮਕਾ ਕੇ ਬੋਲਿਆ ਅਰਥ ਵਿਚ ਅੰਤਰ ਪੈ ਜਾਂਦਾ ਹੈ -/ਜੀ/ ਤੇ /ਜੱੀ/ [1] (ਜੱੀ-ਮਾਰ ਵਿਚ), /ਕੜਾ/ ਤੇ /ਕੜੱਾ/ ('ਦੁੱਧ ਕੜੱਾ' ਵਿਚ), /ਲਿਆ/ (ਰੱਬ ਦਾ ਨਾਂ ਲਿਆ) ਤੇ /ਲਿਅੱਾ/ (ਮੇਰੇ ਲਈ ਕਾਪੀ ਲਿਅੱਾ), /ਰਲਾ/ (ਮਿਲਾਵਟ) ਤੇ /ਰਲੱਾ/ (ਮਿਲਾ ਦੇ) ਆਦਿ। ਸ੍ਵਰ-ਲਮਕੱਾ (vowel duration) ਦੀ ਇੱਨੀ ਬਾਰੀਕ ਸੂਝ ਦਾ ਕਮਾਲ ਪੰਜਾਬੀਆਂ ਵਿਚ ਹੀ ਹੈ।

ਪਿੱਛੇ ਦਸਿਆ ਜਾ ਚੁਕਿਆ ਹੈ ਕਿ ਕੁਝ ਪੰਜਾਬੀ ਸ਼ਬਦਾਂ ਦੇ ਪਿੱਛੇ ਚਾਰ-ਚਾਰ ਪੰਜ ਪੰਜ ਸ੍ਵਰ ਇਕੱਠੇ ਆਉਂਦੇ ਹਨ। ਪਰ ਪੰਜਾਬੀ ਲੋਕ ਇਨ੍ਹਾਂ ਸਾਰਿਆਂ ਦਾ ਇਕੱਠਾ ਉੱਚਾਰਨ ਇੰਨੀ ਫੁਰਤੀ ਤੇ ਦਰੁਸਤੀ ਨਾਲ ਕਰਦੇ ਹਨ ਕਿ ਕਦੇ ਕਿਸੇ ਪੰਜਾਬੀ ਸੁਣਨ ਵਾਲੇ ਨੂੰ ਅਜੇਹੇ ਸ਼ਬਦਾਂ ਬਾਰੇ ਕੋਈ ਭੁਲੇਖਾ ਨਹੀਂ ਪੈਂਦਾ—/ਖੁਆਇਆ/, /ਖੁਆਇਆਏ/, /ਖੁਆਇਆਈਏ/, /ਲਿਆਇਆਈਏ/, ਆਦਿ ਇਹੋ ਜੇਹੇ ਸ਼ਬਦਾਂ ਦੇ ਨਮੂਨੇ ਹਨ। ਕਈ ਵਾਰੀ ਤਾਂ ਸ੍ਵਰਾਂ-ਸ੍ਵਰਾਂ ਵਿਚ ਹੀ ਪੂਰੀ ਗੱਲ ਖਤਮ ਹੋ ਜਾਂਦੀ ਹੈ। -/ਓਏ ਆਇਆ ਏਂ/, /ਓ/ ਆਈਆਂਈਂ ਉ/। ਸ੍ਵਰਾਂ ਦੀ ਅਜੇਹੀ ਹੇੜ ਨੂੰ ਸਾਭਣਾ ਪੰਜਾਬੀ ਉੱਚਾਰਣ ਦੀ ਉੱਘੀ ਵਿਸ਼ੇਸ਼ਤਾ ਹੈ।

ਜਿੱਥੋਂ ਤੱਕ ਹ੍ਰਸ੍ਵ ਤੇ ਦੀਰਘ ਸ੍ਵਰਾਂ ਦੀ ਵਰਤੋਂ ਦਾ ਸੰਬੰਧ ਹੈ, ਮੋਟੇ ਰੂਪ ਵਿਚ ਇਹ

1. ਕੁਝ ਲੇਖਕ ਇਸ ਸ਼ਬਦ ਨੂੰ 'ਜੀਅ' ਕਰਕੇ ਲਿਖਦੇ ਹਨ ਜੋ ਵਿਗਿਆਨਕ ਪੱਖ ਤੋਂ ਸ਼ੁਧ ਨਹੀਂ। ਇਦੇ ਅੰਤ ਵਿਚ /ਅ/ ਨਹੀਂ ਬੋਲਦਾ ਕੇਵਲ /ਈ/ ਦੀ ਮਾਤ੍ਰਾ ਹੀ ਹੋਰ ਲੰਮੇਰੀ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕ ਸ਼ਬਦਾਂ ਦੇ ਆਰੰਭ ਵਿਚ ਹ੍ਰਸੂ ਸੂਰ ਵਧੇਰੇ ਵਰਤਦੇ ਹਨ ਤੇ ਅੰਤ ਵਿਚ ਦੀਰਘ ਸੁਰ । ਸ਼ਬਦਾਂ ਦੇ ਅੰਤ ਵਿਚ ਹ੍ਰਸੂ ਸੂਰ ਨਹੀਂ ਆਉਂਦੇ, ਪਰ ਮੁੱਢ ਵਿਚ ਹ੍ਰਸੂ ਸੁਰ ਦੀਰਘ ਸੁਰਾਂ ਨਾਲੋਂ ਵਧੇਰੇ ਆਉਂਦੇ ਹਨ।

ਦੋਮਾਤ੍ਰਿਕ (dissyllabic) ਸ਼ਬਦਾਂ ਦੀਆਂ ਦੋਹਾਂ ਹੀ ਮਾਤ੍ਰਾਵਾਂ ਵਿਚ ਦੀਰਘ ਸੁਰ ਹੋ ਸਕਦਾ ਹੈ, ਪਰ ਇਸ ਤੋਂ ਲੰਮੇ ਸ਼ਬਦਾਂ ਵਿਚ, ਪਹਿਲੀ ਮਾਤ੍ਰੀ ਦਾ ਦੀਰਘ ਸੁਰ, ਆਮ ਤੌਰ ਤੇ, ਹ੍ਰਸੂ ਹੋ ਜਾਂਦਾ ਹੈ। ਇਸੇ ਨੇਮ ਅਨੁਸਾਰ ਕਈ ਸੰਸਕ੍ਰਿਤ, ਫ਼ਾਰਸੀ ਆਦਿ ਸ਼ਬਦਾਂ ਦੇ ਰੂਪ ਪੰਜਾਬੀ ਵਿਚ ਬਦਲ ਗਏ ਹਨ । /ਅਕਾਸ਼/ (ਆਕਾਸ਼), /ਪਤਾਲ/ (ਪਾਤਾਲ), /ਅਧਾਰ/ (ਆਧਾਰ), /ਬਜ਼ਾਰ/ (ਬਾਜ਼ਾਰ), /ਬਮਾਰ/ (ਬੀਮਾਰ), /ਉਲਾਦ/ (ਔਲਾਦ), /ਸੁਦਾਗਰ/ (ਸੌਦਾਗਰ) ਆਦਿ।

## ਪੰਜਾਬੀ ਉੱਚਾਰਨ ਵਿਚ ਨਾਦੀ ਮਹਾਂਪ੍ਰਾਣ ਧੁਨੀਆਂ ਦਾ ਦਰਜਾ

ਗੁਰਮੁੱਖੀ ਲਿੱਪੀ ਵਿਚ 'ਹ, ਘ, ਝ, ਢ, ਧ, ਭ' ਨਾਲ ਅੰਕਿਤ ਕੀਤੀਆਂ ਜਾਣ ਵਾਲੀਆਂ ਪੰਜਾਬੀ ਧੁਨੀਆਂ ਦਾ ਉੱਚਾਰਨ ਬੜਾ ਗੁੰਝਲਦਾਰ ਹੈ। ਲਹਿੰਦੀ ਵਿਚ ਇਹਨਾਂ ਧੁਨੀਆਂ ਦਾ ਉੱਚਾਰਨ ਕਰੀਬ ਕਰੀਬ ਲਿਖੇ ਮੁਤਾਬਕ ਹੀ ਹੁੰਦਾ ਹੈ, ਅਰਥਾਤ ਜਿੱਥੇ 'ਹ' ਲਿਖਿਆ ਹੋਵੇ ਉੱਥੇ /ਹ/ ਹੀ ਉਚਾਰਿਆ ਜਾਂਦਾ ਹੈ। ਇਵੇਂ ਹੀ 'ਘ, ਝ, ਢ', ਆਦਿ ਦਾ ਉੱਚਾਰਨ ਵੀ ਹਰ ਥਾਂ ਠੀਕ ਕੀਤਾ ਜਾਂਦਾ ਹੈ, ਜਿਵੇਂ 'ਧੋੜਾ, ਸਿੱਧਾ, ਸੋਧ ਵਿਚ ਧੱਧੇ ਨਾਲ ਲਿਖੀ ਗਈ ਧੁਨੀ ਨੂੰ /ਧ/ ਹੀ ਉਚਾਰਿਆ ਜਾਂਦਾ ਹੈ । ਡੋਗਰੀ[1] ਵਿਚ ਇਹ ਸਾਰੀਆਂ ਧੁਨੀਆਂ ਲਗ-ਪਗ ਖਤਮ ਹੋ ਚੁਕੀਆਂ ਹਨ, 'ਹੋਇਆ, ਸਹਾਰਾ, ਰਾਹ' ਦਾ ਡੋਗਰੀ ਉੱਚਾਰਨ ਕ੍ਰਮਵਾਰ, '/ਓ॑ਇਆ/, /ਸਾ॑ਰਾ/, /ਰਾ॑/' ਹੈ। ਮਾਝੀ ਵਿਚ ਮੁਢਲਾ /ਹ/ ਬੋਲਿਆ ਜਾਂਦਾ ਹੈ, ਪਰ ਇਸ ਦੇ ਨਾਲ ਨੀਵੀਂ ਸੁਰ ਦਾ ਉੱਚਾਰਨ ਵੀ ਹੁੰਦਾ ਹੈ 'ਹੋਇਆ, ਹੋਰ, ਹੇਠਾਂ' ਦਾ ਠੇਠ ਮਾਝੀ ਉੱਚਾਰਨ /ਹੋ॑ਇਆ/, /ਹੋ॑ਰ, /ਹੇ॑ਠਾਂ/ ਹੈ। ਵਿਚਾਲੇ ਦਾ ਤੇ ਅਖੀਰੀ 'ਹ' ਮਾਝੀ ਵਿਚ ਨਹੀਂ ਉਚਾਰੇ ਜਾਂਦੇ, ਇਹਨਾਂ ਦੀ ਥਾਂ ਸੁਰ ਉਠਦੀ ਹੈ। ਮਲਵਈ ਵਿਚ ਮੁੱਢਲਾ 'ਹ' ਠੀਕ ਉਚਾਰਿਆ ਜਾਂਦਾ ਹੈ, ਵਿਚਕਾਰਲਾ ਤੇ ਅਖੀਰੀ 'ਹ' ਕਿਤੇ ਉਚਾਰਿਆ ਜਾਂਦਾ ਹੈ, ਕਿਤੇ-ਕਿਤੇ ਸੁਰ ਵਿਚ ਬਦਲ ਜਾਂਦਾ ਹੈ । 'ਘ, ਝ, ਢ' ਆਦਿ ਦਾ ਉੱਚਾਰਨ ਮਾਝੀ ਤੇ ਮਲਵਈ ਵਿਚ ਇਕੋ ਜੇਹਾ ਹੀ ਹੁੰਦਾ ਹੈ, ਇਹਦਾ ਪੂਰਾ ਬਿਆਨ ਹੇਠਾਂ ਦਿੱਤਾ ਗਿਆ ਹੈ। ਡੋਗਰੀ ਵਿਚ ਇਹ ਧੁਨੀਆਂ ਨਹੀਂ ਉਚਾਰੀਆਂ ਜਾਂਦੀਆਂ, 'ਘੋੜਾ, ਸਿੰਘਾਸਣ, ਸਿੰਘ' ਦਾ ਉੱਚਾਰਨ ਜੰਮੂ ਦੀ ਬੋਲੀ ਵਿਚ /ਕੋ॑ੜਾ/, /ਸਿੰਗਾ॑ਸਣ/, /ਸਿੰਗ॑ /ਹੈ।

ਹੇਠਾਂ ਇਹਨਾਂ ਸਾਰੀਆਂ ਧੁਨੀਆਂ ਦੇ ਪੂਰਬੀ ਪੰਜਾਬੀ, ਖਾਸ ਕਰ ਮਾਝੀ, ਉੱਚਾਰਨ ਬਾਰੇ ਖੋਲ੍ਹ ਕੇ ਲਿਖਿਆ ਗਿਆ ਹੈ।

ਮਾਝੀ (ਸਗੋਂ ਪੂਰਬੀ ਪੰਜਾਬੀ) /ਹ/ ਦਾ ਸੁਰ ਨਾਲ ਸਬੰਧ ਹੈ, ਅੱਜ ਕਲ ਜਿੱਥੇ ਅਸੀਂ ਸੁਰ ਦਾ ਉੱਚਾਰਨ ਕਰਦੇ ਹਾਂ ਉੱਥੇ ਕਿਸੇ ਸਮੇਂ /ਹ/ ਬੋਲਿਆ ਜਾਂਦਾ ਸੀ, ਇਸੇ ਕਰਕੇ ਅਜੇ ਵੀ ਅਸੀਂ ਲਿਖਤ ਵਿਚ ਅਜੇਹੀ ਸੁਰ ਨੂੰ 'ਹਾਹੇ' ਨਾਲ ਹੀ ਅੰਕਿਤ ਕਰਦੇ ਹਾਂ। ਉੱਤੇ ਦੱਸਿਆ ਗਿਆ ਹੈ ਕਿ 'ਹੋਰ, ਹੋਇਆ' ਆਦਿ ਸ਼ਬਦਾਂ ਦੇ ਮਾਝੀ ਉੱਚਾਰਨ ਵਿਚ ਮੁੱਢਲੇ /ਹ/ ਦੇ ਨਾਲ ਨੀਵੀਂ ਸੁਰ ਉਚਾਰੀ ਜਾਂਦੀ ਹੈ। ਮਾਝੀ ਉੱਚਾਰਨ ਵਿਚ /ਹ/ ਦੀ ਧੁਨੀ ਦੀ

1. ਜੰਮੂ ਦੀ ਡੋਗਰੀ।

Sri Satguru Jagjit Singh Ji Elibrary NamdhariElibrary@gmail.com

ਥਾਂ, ਜਾਂ ਉਸ ਦੇ ਨਾਲ ਸੁਰ ਕਿਸੇ ਨਾ ਕਿਸੇ ਰੂਪ ਵਿਚ ਹਰ ਥਾਂ ਆ ਗਈ ਹੈ। ਭਾਵੇਂ /ਹ/ ਸੁਤੰਤਰ ਹੋਵੇ ਜਿਵੇਂ 'ਹੋਰ, ਸਹਾਰਾ, ਰਾਹ' ਆਦਿ ਵਿਚ ; ਭਾਵੇਂ ਕਿਸੇ ਦੂਜੀ ਧੁਨੀ ਨਾਲ ਸੰਜੁਗਤ ਹੋਵੇ, ਜਿਵੇਂ 'ਨ੍ਹਾਤਾ, ਸਲ੍ਹਾਬਾਂ, ਵਰ੍ਹਾਇਆ, ਬੰਨ੍ਹ, ਪੜ੍ਹ ਆਦਿ ਵਿਚ ; ਜਾਂ ਕਿਸੇ ਹੋਰ ਧੁਨੀ ਵਿਚ ਸਮਿਲਿਤ ਹੋਵੇ, ਜਿਵੇਂ 'ਘ, ਝ, ਢ, ਧ, ਭ' ਵਿਚ। /ਹ/ ਦੀ ਸੁਰ ਦਾ ਪ੍ਰਭਾਵ ਇਹਨਾਂ ਸਾਰੀਆਂ ਧੁਨੀਆਂ ਤੇ ਪੈਂਦਾ ਹੈ। ਇਸ ਦਾ ਸੰਖਿਪਤ ਵਿਵਰਨ ਇੰਞ ਹੈ :

(ਕ) 'ਹਾਹੇ' ਨਾਲ ਅੰਕਿਤ ਧੁਨੀਆਂ ਦਾ ਉੱਚਾਰਨ—

(i) ਮੁੱਢਲਾ /ਹ/ ਉਚਾਰਿਆ ਜਾਂਦਾ ਹੈ, ਪਰ ਮਾਝੀ ਵਿਚ ਤੇ ਮਲਵਈ ਦੇ ਕੁਝ ਹਿੱਸਿਆਂ ਵਿਚ ਵੀ ਇਸ ਦੇ ਨਾਲ ਨੀਵੀਂ ਸੁਰ ਬੋਲਦੀ ਹੈ : /ਹੋ\ਇਆਂ, ਹੋ\ਲਾ, ਹਾ\ਰ।

(ii) ਅੰਤਿਮ 'ਹ' ਨਹੀਂ ਉਚਾਰਿਆ ਜਾਂਦਾ, ਇਸ ਦੀ ਥਾਂ ਉੱਚੀ ਸੁਰ ਆ ਜਾਂਦੀ ਹੈ : /ਰੈ/ (ਰਹਿ), /ਬੋ/ (ਬਹੁ), /ਚਾ/, (ਚਾਹ), /ਲੀ/ (ਲੀਹ/ ਆਦਿ।

ਮਲਵਈ ਦੇ ਕੁਝ ਰੂਪਾਂ ਵਿਚ ਅੰਤਿਮ /ਹ/ ਉਚਾਰਿਆ ਜਾਂਦਾ ਹੈ। ਲਹਿੰਦੀ ਵਿਚ ਕਈਆਂ ਸ਼ਬਦਾਂ ਵਿਚ ਅਖ਼ੀਰੀ ਹ/ ਦੀ ਥਾਂ ਸੁਰ ਉਚਾਰੀ ਜਾਂਦੀ ਹੈ।

(iii) ਵਿਚਾਲੇ ਦਾ /ਹ/ ਮਾਝੀ ਵਿਚ ਸੁਰ ਵਿਚ ਬਦਲ ਚੁੱਕਾ ਹੈ। ਜੇ ਸੁਰ ਹਾਹੇ ਤੋਂ ਪਹਿਲਾਂ ਲਿਖੇ ਸੁਰ ਨਾਲ ਬੋਲੇ ਤਾਂ ਉੱਚੀ ਸੁਰ ਹੋਵੇਗੀ, ਜਿਵੇਂ /ਬਾ/ਰ/ (ਬਾਹਰ), /ਸ਼ੈ/ਰ/ (ਸ਼ੈਹਰ), /ਬੋ/ੜ/ (ਬੋਹੜ) ਆਦਿ ਵਿਚ। ਪਰ ਜੇ ਸੁਰ ਹਾਹੇ ਤੋਂ ਪਿਛੋਂ ਲਿਖੇ ਸੁਰ ਨਾਲ ਲੱਗੇ, ਤਾਂ ਨੀਵੀਂ ਸੁਰ ਹੋਵੇਗੀ, ਜਿਵੇਂ /ਸੁਆ\ਗਾ/ (ਸੁਹਾਗਾ), /ਸੇ\ਲੀ/ (ਸਹੇਲੀ), /ਕਾ\ਣੀ/ (ਕਹਾਣੀ) ਆਦਿ ਵਿਚ।

(ਖ) ਸੰਯੁਕਤ 'ਹ' ਦਾ ਉੱਚਾਰਨ

(i) ਉੱਤੇ ਕਿ (ਕ—ii) ਵਾਂਗ ਸੰਜੁਗਤ 'ਹ' ਵੀ ਜੇ ਸ਼ਬਦਾਂ ਦੇ ਅੰਤ ਵਿਚ ਆਵੇ ਤਾਂ ਇਸ ਦੀ ਥਾਂ ਉੱਚੀ ਸੁਰ ਉਚਾਰੀ ਜਾਂਦੀ ਹੈ, ਜਿਵੇਂ /ਬੰ/ਨ/ (ਬੰਨ੍ਹ), /ਰਿੰ/ਨ/ (ਰਿੰਨ੍ਹ), /ਪ/ੜ (ਪੜ੍ਹ), /ਚ/ੜ/ (ਚੜ੍ਹ) ਆਦਿ ਵਿਚ।

(ii) ਵਿਚਾਲੇ ਦੇ ਸੰਜੁਗਤ 'ਹ' ਦਾ ਉੱਚਾਰਨ ਠੀਕ ਉੱਤੇ (ਕ—iii) ਵਿਚ ਦੱਸੇ ਗਏ ਨਿਯਮਾਂ ਅਨੁਸਾਰ ਹੁੰਦਾ ਹੈ। ਜੇ ਸੁਰ ਸੰਜੁਗਤ 'ਹ' ਤੋਂ ਪਹਿਲਾਂ ਆਏ ਸੁਰ ਨਾਲ ਬੋਲੇ ਤਾਂ ਉੱਚੀ ਸੁਰ ਹੋਵੇਗੀ—/ਬੰ/ਨਿਆਂ/[1] (ਬੰਨ੍ਹਿਆਂ) /ਪ/ੜਿਆ/ (ਪੜ੍ਹਿਆ), ਚਾ/ੜਿਆ/ (ਚਾੜ੍ਹਿਆ)। ਪਰ ਜੇ ਸੁਰ ਸੰਜੁਗਤ 'ਹ' ਤੋਂ ਪਿੱਛੋਂ ਲੱਗੇ ਸੁਰ ਨਾਲ ਆਵੇ ਤਾਂ ਨੀਵੀਂ ਸੁਰ ਹੋਵੇਗੀ : /ਬੰਨਾ\ਇਆ/ (ਬੰਨ੍ਹਾਇਆ), /ਪੜਾ\ਇਆ/ (ਪੜ੍ਹਾਇਆ), /ਚੜਾ\ਇਆ/ (ਚੜ੍ਹਾਇਆ)।

(ਗ) ਘ, ਝ, ਢ, ਧ, ਭ ਦਾ ਉੱਚਾਰਨ

ਇਹਨਾਂ ਧੁਨੀਆਂ ਵਿਚ ਵੀ 'ਹ' ਸਮਿਲਿਤ ਹੈ, ਕਿਉਂਕਿ 'ਘ' ਅਸਲ ਵਿਚ ਗ+ਹ ਹੀ ਹੈ। ਇਸ ਲਈ ਇਹਨਾਂ ਸਾਰੀਆਂ ਧੁਨੀਆਂ ਦਾ ਮਾਝੀ (ਸਗੋਂ ਪੂਰਬੀ ਪਜਾਬੀ) ਉੱਚਾਰਨ ਵੀ /ਹ/ ਵਾਂਗ ਹੀ ਸੁਰ ਤੋਂ ਪ੍ਰਭਾਵਿਤ ਹੋਇਆ ਹੈ।

(i) ਮਾਝੀ ਸ਼ਬਦਾਂ ਦੇ ਆਰੰਭ ਵਿਚ ਆਉਣ ਵਾਲੀਆਂ ਅਜਿਹੀਆਂ ਧੁਨੀਆਂ ਆਪਣੇ ਵਰਗ ਦੀ ਪਹਿਲੀ ਧੁਨੀ ਵਿਚ ਬਦਲ ਜਾਂਦੀਆਂ ਹਨ ਤੇ ਨਾਲ ਨੀਵੀਂ ਸੁਰ ਆਉਂਦੀ ਹੈ ;

1. ਯਾਦ ਰਹੇ ਸਿਹਾਰੀ ਲਿਖੀ 'ਨ' ਤੋਂ ਪਹਿਲਾਂ ਹੈ, ਪਰ ਬੋਲਦੀ ਇਸ ਤੋਂ ਪਿਛੋਂ ਹੈ।

Sri Satguru Jagjit Singh Ji Elibrary NamdhariElibrary@gmail.com

/ਕੋ੍ਹੜਾ/[1] (ਘੋੜਾ), /ਚੋ੍ਹਟਾ/ (ਝੋਟਾ), /ਪੋ੍ਹਡ/ (ਭੇਡ) ਆਦਿ ।

(ii) ਸ਼ਬਦਾਂ ਦੇ ਅੰਤ ਵਿਚ ਲਿਖੇ 'ਘ, ਝ, ਢ' ਆਦਿ, ਸੰਬੰਧਿਤ ਵਰਗ ਦੀ ਤੀਜੀ ਧੁਨੀ (ਗ, ਜ, ਡ ਆਦਿ) ਵਾਂਗ ਉਚਾਰੇ ਜਾਂਦੇ ਹਨ, ਤੇ ਇਹਨਾਂ ਤੋਂ ਪਹਿਲਾਂ ਉੱਚੀ ਸੁਰ ਆਉਂਦੀ ਹੈ : /ਸੰ੍ਹਗ/ (ਸੰਘ), /ਪੂੰ੍ਹਜ/, /ਵ੍ਹੱਡ/ (ਵੱਢ) /ਸਾ੍ਹਦ/ (ਸਾਧ), /ਲਾ੍ਹਬ/ (ਲਾਭ) ਆਦਿ ।

(iii) ਜਦੋਂ 'ਘ, ਝ, ਢ' ਆਦਿ ਸਬਦਾਂ ਦੇ ਵਿਚਾਲੇ ਆਉਣ ਤਾਂ ਸੁਰ ਦੀ ਸਥਿਤੀ ਠੀਕ (ਕ—iii) ਵਾਂਗ ਹੀ ਹੁੰਦੀ ਹੈ । ਜੇ ਸੁਰ ਇਹਨਾਂ ਧੁਨੀਆਂ ਤੋਂ ਪਹਿਲਾਂ ਬੋਲੇ ਤਾਂ ਉੱਚੀ ਸੁਰ ਹੋ ਜਾਂਦੀ ਹੈ, ਤੇ ਇਹ ਧੁਨੀਆਂ ਉਤਲੇ (ਗ—ii) ਵਾਂਗ ਵਰਗ ਦੀ ਤੀਜੀ ਧੁਨੀ ਵਿਚ ਬਦਲ ਜਾਂਦੀਆਂ ਹਨ, ਜਿਵੇਂ /ਸੰ੍ਹਗਾ/ (ਸੰਘਾ), ਚੁੰ੍ਹਗਿਆ/ ਚੁੰਘਿਆ), /ਕੋ੍ਹਜਾ/ (ਕੋਝਾ), /ਬੋ੍ਹਜਲ/ (ਬੋਝਲ), /ਵਾ੍ਹਦੂ/ (ਵਾਧੂ), /ਸੋ੍ਹਦਿਆ/ (ਸੋਧਿਆ) ਆਦਿ ਵਿਚ । ਪਰ ਜੇ ਸੁਰ ਇਹਨਾਂ ਧੁਨੀਆਂ ਤੋਂ ਪਿੱਛੋਂ ਬੋਲੇ ਤਾਂ ਉਹ ਨੀਵੀਂ ਸੁਰ ਹੋਵੇਗੀ ਜਿਵੇਂ /ਸੰਘਾ੍ਹੜਾ/[1] (ਸੰਘਾੜਾ), /ਬੁਝਾ੍ਹਇਆ/ (ਬੁਝਾਇਆ), /ਕਢਾ੍ਹਈ/ (ਕਢਾਈ), /ਸੁਧਾ੍ਹਈ/ (ਸੁਧਾਈ), /ਸੰਭਾ੍ਹਲ/ (ਸੰਭਾਲ), ਆਦਿ ਵਿਚ ।

ਸੋ ਅਸੀਂ ਵੇਖਦੇ ਹਾਂ ਕਿ /ਹ/ ਵਾਂਗੂ [ਘ, ਝ, ਢ, ਧ, ਭ] ਵੀ ਪੰਜਾਬੀ ਉੱਚਾਰਨ ਵਿਚੋਂ ਲੱਗ-ਪਗ ਖਤਮ ਹੋ ਚੁੱਕੀਆਂ ਧੁਨੀਆਂ ਹਨ । ਅਜ ਕਲ ਮਾਂਝੀ, ਮਲਵਈ ਵਿਚ ਇਹਨਾਂ ਦਾ ਉੱਚਾਰਨ ਬਹੁਤ ਥੋੜ੍ਹੇ ਸ਼ਬਦਾਂ (ਸੰਘਾੜਾ, ਬੁਝਾਇਆ, ਸੁਧਾਈ ਆਦਿ) ਵਿਚ ਹੁੰਦਾ ਹੈ, ਤੇ ਸੰਭਵ ਹੈ ਕਿ ਡੋਗਰੀ ਵਾਂਗ ਇਸ ਸਥਿਤੀ ਵਿਚ ਵੀ ਇਹਨਾਂ ਦਾ ਉੱਚਾਰਨ ਬਦਲ ਜਾਵੇ ।[2] ਪਰ ਅਜੇ ਤਕ ਏਸ ਪੋਜੀਸ਼ਨ ਵਿਚ ਇਹ ਧੁਨੀਆਂ ਉਚਾਰੀਆਂ ਜਾਂਦੀਆਂ ਹਨ ।

ਅਸੀ ਇਹ ਵੀ ਵੇਖ ਚੁੱਕੇ ਹਾਂ ਕਿ ਲਹਿੰਦੀ ਵਿਚ ਇਹ ਸਾਰੀਆਂ ਧੁਨੀਆਂ ਠੀਕ-ਠੀਕ ਕਾਇਮ ਹਨ । ਏਸ ਆਧਾਰ ਤੇ ਇਹਨਾਂ ਧੁਨੀਆਂ ਨੂੰ ਪੰਜਾਬੀ ਦੀ ਧੁਨੀ-ਮਾਲਾ ਵਿਚੋਂ ਕੱਢਿਆ ਨਹੀਂ ਜਾ ਸਕਦਾ ।

ਇਸ ਅਧਿਆਇ ਦੇ ਆਰੰਭ ਵਿਚ ਕਿਹਾ ਗਿਆ ਸੀ ਕਿ ਪੰਜਾਬੀ ਉੱਚਾਰਨ ਬੜਾ ਸਰਲ ਤੇ ਸਪਸ਼ਟ ਹੈ, ਪਰ ਇਥੇ ਸੁਰ ਦੇ ਉੱਚਾਰਨ ਨੇ ਕਈ ਅੜਾਉਣੀਆਂ ਪਾਈਆਂ ਹਨ । ਅਸਲੀਅਤ ਇਹ ਹੈ ਕਿ ਸੁਰ ਦੇ ਵਿਲੱਖਣ ਉੱਚਾਰਨ ਦੇ ਹੁੰਦਿਆ ਹੋਇਆਂ ਵੀ ਪੰਜਾਬੀ ਦੇ ਸਮੁੱਚੇ ਉੱਚਾਰਨ ਦੀ ਸਰਲਤਾ ਤੇ ਸਪਸ਼ਟਤਾ ਤੇ ਕੋਈ ਪ੍ਰਭਾਵ ਨਹੀਂ ਪੈਂਦਾ । ਸੁਰ ਵਾਲੇ ਅਧਿਕਤਰ ਸ਼ਬਦਾਂ ਦਾ ਉੱਚਾਰਨ ਗ਼ੈਰਪੰਜਾਬੀ ਠੀਕ ਨਹੀਂ ਕਰ ਸਕਦੇ, ਪਰ ਅਜੇਹੇ ਸ਼ਬਦਾਂ ਨੂੰ ਆਪਣੇ ਹੀ ਲਹਿਜੇ ਵਿਚ ਉਚਾਰ ਕੇ ਬਾਕੀ ਧੁਨੀਆਂ ਦੇ ਉੱਚਾਰਨ ਵਿਚ ਕੋਈ ਦਿੱਕਤ ਨਹੀਂ ਹੁੰਦੀ । ਇੰਞ ਸੁਰ ਦੀ ਗੁੰਝਲ ਹੁੰਦਿਆਂ ਹੋਇਆਂ ਵੀ ਪੰਜਾਬੀ ਦਾ ਉੱਚਾਰਨ ਬੜਾ ਸਾਫ਼ ਹੈ ।

---

1. ਸਾਡੇ ਕੰਨ ਇਹ ਯਕੀਨ ਨਹੀਂ ਕਰਦੇ ਕਿ ਅਸੀਂ 'ਘੋੜਾ', ਬੋਲਦਿਆਂ /ਕ/ ਦਾ, ਤੇ 'ਧੋਲਾ', ਵਿਚ /ਤ/ ਦਾ ਉੱਚਾਰਨ ਕਰਦੇ ਹਾਂ । ਪਰ ਗ੍ਰਾਹਮ ਬੇਲੀ, ਹਰਜੀਤ ਸਿੰਘ ਗਿੱਲ, ਬਨਾਰਸੀ ਦਾਸ ਜੈਨ ਆਦਿ ਵਿਦਵਾਨਾਂ ਦੀ ਰਾਏ ਹੈ ਕਿ 'ਘੋੜਾ' ਵਿਚ ਅਸੀਂ /ਕ/ ਹੀ ਬੋਲਦੇ ਹਾਂ । ਜਿੰਨਾ ਚਿਰ ਇਸ ਮੱਤ ਨੂੰ ਵਿਗਿਆਨਿਕ ਦਲੀਲਾਂ ਨਾਲ ਰੱਦ ਨਾ ਕੀਤਾ ਜਾਵੇ, ਇਸ ਨੂੰ ਸ੍ਵੀਕਾਰ ਹੀ ਕਰਨਾ ਪਏਗਾ ।

2. ਜਿਹੜੇ ਵਿਦਵਾਨ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ (ਘ, ਝ, ਢ, ਧ, ਭ) ਪੰਜਾਬੀ ਵਿਚ ਕਿਸੇ ਟਿਕਾਣੇ ਤੇ ਵੀ ਨਹੀਂ ਉਚਾਰੀਆਂ ਜਾਂਦੀਆਂ, ਉਹ /ਸੰਘਾ੍ਹੜਾ/, /ਬੁਝਾ੍ਹਇਆ/, ਆਦਿ ਨੂੰ /ਸੰਗਾ੍ਹੜਾ/, /ਬੁਜਾ੍ਹਇਆ/ ਆਦਿ ਲਿਖਦੇ ਹਨ । ਪਰ ਏਸ ਮੱਤ ਨੂੰ ਸ੍ਵੀਕਾਰ ਕਰਨਾ ਕਠਨ ਹੈ, ਅਜਿਹੀ ਸਥਿਤੀ ਵਿਚ

Sri Satguru Jagjit Singh Ji Elibrary NamdhariElibrary@gmail.com

6

# ਪੰਜਾਬੀ ਸ਼ਬਦਾਵਲੀ ਤੇ ਸ਼ਬਦ-ਰੂਪ

**(Vocabulary and Morphological Forms)**

ਪੰਜਾਬੀ ਸ਼ਬਦਾਵਲੀ ਦੀ ਇਕ ਉੱਘੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਡਿਤਾਊਪਣ (pedantry) ਦੇ ਪ੍ਰਭਾਵ ਤੋਂ ਬਚੀ ਹੋਈ ਹੈ। ਬੋਲ-ਚਾਲ ਦੀ ਭਾਸ਼ਾ ਵਿਚ ਕੇਵਲ ਤਦਭਵ ਸ਼ਬਦ ਹੀ ਵਰਤੇ ਜਾਂਦੇ ਹਨ, ਤਤਸਮ ਦੀ ਲਗ-ਪਗ ਅਣਹੋਂਦ ਹੀ ਹੈ। ਬਾਹਰਲੀਆਂ ਭਾਸ਼ਾਵਾਂ ਤੋਂ ਲਏ ਹੋਏ ਸ਼ਬਦਾਂ ਨੂੰ ਵੀ ਪੰਜਾਬੀ ਉੱਚਾਰਨ ਦੇ ਸੁਭਾਵਿਕ ਰੂਪ ਵਿਚ ਢਾਲ ਕੇ ਹੀ ਅਪਣਾਇਆ ਗਿਆ ਹੈ, ਮੂਲ ਭਾਸ਼ਾ ਦੇ ਸ਼ੁੱਧ ਰੂਪ ਨੂੰ ਕਾਇਮ ਰਖਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸ਼ਬਦ 'ਕਾਗ਼ਜ਼' ਨੂੰ ਕਾਗਦ, ਕਾਗਜ (ਤੇ ਮੁਲਤਾਨੀ ਵਿਚ ਕਾਗੁਲ) ਰੂਪ ਦਿੱਤਾ ਹੈ, ਮੁੱਢਲਾ ਉੱਚਾਰਨ 'ਕਾਗ਼ਜ਼' ਪੜ੍ਹਿਆਂ-ਲਿਖਿਆਂ ਦੀ ਬੋਲੀ ਵਿਚ ਵੀ ਨਹੀਂ ਟਿਕ ਸਕਿਆ। ਬਾਜ਼ਾਰ ਦਾ 'ਬਜ਼ਾਰ', ਤੇ 'ਕਾਨੂੰਨ' ਦਾ 'ਕਨੂੰਨ' ਬਣ ਗਿਆ ਹੈ, ਇਵੇਂ ਹੀ 'ਸਟੇਸ਼ਨ' ਦਾ 'ਟੇਸਣ' ਤੇ 'ਲਾਈਨ' ਦਾ 'ਲੈਣ' ਬਣ ਕੇ ਹੀ ਪੰਜਾਬੀ ਬੋਲ-ਚਾਲ ਵਿਚ ਪ੍ਰਚਲਿਤ ਹੋਇਆ।

ਨਵੀਆਂ ਲਿਖਤਾਂ ਵਿਚ ਤਤਸਮ ਸ਼ਬਦਾਂ ਦੀ ਸੰਖਿਆ ਬਹੁਤ ਵਧਦੀ ਜਾ ਰਹੀ ਹੈ ਜੋ ਭਾਸ਼ਾ ਦੀਆਂ ਸੁਭਾਵਿਕ ਰੁਚੀਆਂ ਦੇ ਅਨੁਕੂਲ ਨਹੀਂ। ਅੱਜ ਤੋਂ ਦੋ ਹਜ਼ਾਰ ਵਰ੍ਹੇ ਪਹਿਲ ਦੇ ਸ਼ਬਦ ਰੂਪਾਂ ਨੂੰ ਅਜੋਕੀ ਭਾਸ਼ਾ ਵਿਚ ਭਰਨਾ ਭਾਸ਼ਾ-ਵਿਗਿਆਨ ਦੇ ਪੱਖ ਤੋਂ ਇਕ ਭੁੱਲ ਹੈ। ਇੰਜ ਹੀ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਠੀਕ ਮੂਲ ਰੂਪ ਵਿਚ ਵਰਤਣ ਦਾ ਜਤਨ ਕਰਨਾ ਵੀ ਅਵਿਗਿਆਨਿਕ ਹੈ। ਭਾਸ਼ਾ ਦੀਆਂ ਲੋੜਾਂ ਅਨੁਸਾਰ ਪ੍ਰਾਚੀਨ ਭਾਸ਼ਾ ਤੋਂ ਅਥਵਾ ਹੋਰਨਾਂ ਭਾਸ਼ਾਵਾਂ ਤੋਂ ਸ਼ਬਦ ਲੈਣਾ ਕੋਈ ਐਬ ਨਹੀਂ, ਪਰ ਅਜਿਹੇ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਸੱਚੇ ਵਿਚ ਢਾਲਣਾ, ਅਰਥਾਤ ਆਪਣੀ ਭਾਸ਼ਾ ਦੇ ਨਿਯਮਿਤ ਰੂਪ ਵਿਚ ਬਦਲ ਕੇ ਵਰਤਣਾ ਹੀ ਉੱਚਿਤ ਹੈ।

ਪੰਜਾਬੀ ਸ਼ਬਦਾਵਲੀ ਦੇ ਸੰਬੰਧ ਵਿਚ ਦੋ ਪੱਛਮੀ ਵਿਦਵਾਨਾਂ ਦੀ ਰਾਏ ਹੇਠਾਂ ਦਿੱਤੀ ਜਾਂਦੀ ਹੈ :

"ਲਹਿੰਦੀ ਤੇ ਸਿੰਧੀ ਵਾਂਗ ਪੰਜਾਬੀ ਦਾ ਸ਼ਬਦ-ਭੰਡਾਰ ਵੀ ਤਦਭਵ ਸ਼ਬਦਾਂ ਨਾਲ ਭਰਪੂਰ ਹੈ। ਤਤਸਮ ਸ਼ਬਦਾਂ ਦੀ ਪੰਜਾਬੀ ਵਿਚ ਬਿਲਕੁਲ ਅਣਹੋਂਦ ਹੈ। ਇਸ ਪੱਖ ਤੋਂ ਪੰਜਾਂ ਦਰਿਆਵਾਂ ਦੇ ਦੇਸ਼ ਦੀ ਭਾਸ਼ਾ ਦਾ ਕਲਕੱਤੇ ਤੇ ਬਨਾਰਸ ਦੇ ਪੰਡਿਤਾਂ ਦੀ ਉਸ ਕੋਝ ਭਾਸ਼ਾ ਨਾਲੋਂ ਪ੍ਰਤੱਖ ਵਿਰੋਧ ਹੈ, ਜਿਸ ਵਿਚ ਅਜੋਕੀ ਭਾਸ਼ਾ ਅਤੇ ਸੰਸਕ੍ਰਿਤ ਦਾ ਕਚੌਂ ਰਲਾ ਕਰ ਕੇ ਪੰਡਿਤ ਲੋਕ ਉਸ ਨੂੰ 'ਸਾਹਿੱਤ' ਸਮਝਦੇ ਹਨ। ਇਹ (ਪੰਜਾਬੀ) ਇਕ ਘਰੋਗੀ ਬੋਲੀ ਹੈ, ਜਿਸ ਵਿਚੋਂ ਅਜੋਕੇ ਪੰਜਾਬ ਦੀ ਸੁਗੰਧੀ ਆਉਂਦੀ ਹੈ। ਮਿਸਟਰ ਬੀਮਜ਼ ਨੇ ਇਸ ਬਾਰੇ ਬਿਲਕੁਲ ਠੀਕ ਕਿਹਾ ਹੈ :

Sri Satguru Jagjit Singh Ji Elibrary NamdhariElibrary@gmail.com

'ਪੰਜਾਬੀ ਤੇ ਸਿੰਧੀ ਵਿਚੋਂ ਜਿਵੇਂ ਕਣਕ ਦੇ ਆਟੇ ਦਾ ਸੁਆਦ ਤੇ ਟੱਪਰੀਆ ਦੇ ਧੂੰ ਦੀ ਹਵਾੜ ਆਉਂਦੀ ਹੈ । ਇਨ੍ਹਾਂ ਭਾਸ਼ਾਵਾਂ ਦੀ ਇਹ ਵਿਸ਼ੇਸ਼ਤਾ ਪੂਰਬੀ ਭਾਰਤ ਦੀਆਂ ਪੰਡਿਤਾਉਪਣ-ਭਰੀਆਂ ਤੇ ਥੋੜ੍ਹ-ਦਿਲੀਆਂ ਭਾਸ਼ਾਵਾਂ ਨਾਲੋਂ ਕਿਤੇ ਵਧੇਰੇ ਸੁਭਾਵਿਕ ਤੇ ਦਿਲ-ਖਿਚਵੀਂ ਹੈ ।'[1]

(ਕੰਪੈਰੇਟਿਵ ਗ੍ਰੈਮਰ, ਜਿਲਦ 1, ਪੰਨਾ 51)

"ਇੰਜ ਪੰਜਾਬੀ ਭਾਵੇਂ ਇਕ ਘਰੋਗੀ ਸੁਭਾ ਵਾਲੀ ਭਾਸ਼ਾ ਹੈ, ਪਰੰਤੂ ਇਸ ਦਾ ਇਹ ਅਰਥ ਨਹੀਂ ਕਿ ਇਹ ਇਕ ਉਜੱਡ ਬੋਲੀ ਹੈ, ਜਿਸ ਵਿਚ ਸਾਹਿੱਤ-ਰਚਨਾ ਸੰਭਵ ਨਹੀਂ ।.....................ਪੰਜਾਬੀ ਆਪਣੇ ਹੀ ਸ਼ਬਦ-ਭੰਡਾਰ ਨਾਲ ਹਰ ਵਿਚਾਰ ਤੇ ਭਾਵ ਨੂੰ ਵਿਅਕਤ ਕਰ ਸਕਦੀ ਹੈ, ਅਤੇ ਕਵਿਤਾ ਤੇ ਵਾਰਤਕ ਦੋਹਾਂ ਲਈ ਬੜੀ ਢੁੱਕਵੀਂ ਬੋਲੀ ਹੈ ।"[2]

(ਗ੍ਰੀਅਰਸਨ, ਲਿੰਗੁਇਸਟਿਕ ਸਰਵੇ ਆਫ਼ ਇੰਡੀਆ, ਜਿਲਦ IX ਭਾਗ 1, ਪੰਨਾ 617)

ਪੰਜਾਬੀ ਵਿਚ ਪਰਾਈਆਂ ਭਾਸ਼ਾਵਾਂ ਤੋਂ ਲਏ ਸ਼ਬਦਾਂ ਦੀ ਬੜੀ ਮਿਲਾਵਟ ਹੈ। ਮਾਂਗਵੇਂ ਸ਼ਬਦ (loan words) ਸੰਸਕ੍ਰਿਤ ਦੇ ਸਮੇਂ ਤੋਂ ਹੀ ਭਾਰਤੀ-ਆਰੀਆ ਭਾਸ਼ਾ ਵਿਚ ਰਲਣੇ ਆਰੰਭ ਹੋ ਗਏ ਸਨ । ਉਸ ਸਮੇਂ ਇਹ ਸ਼ਬਦ ਮੁੰਡਾ ਭਾਸ਼ਾਵਾਂ ਤੋਂ ਅਪਣਾਏ ਗਏ । ਪਿੱਛੋਂ ਪ੍ਰਾਕ੍ਰਿਤ ਕਾਲ ਵਿਚ ਇਹ ਮੁੰਡਾ-ਰਲਾ ਹੋਰ ਵੀ ਵਧ ਗਿਆ । ਮੁੰਡਾ ਸ਼ਬਦ ਥੋੜ੍ਹੇ-ਬਹੁਤ ਸਾਰੀਆਂ ਭਾਰਤੀ-ਆਰੀਆ ਭਾਸ਼ਾਵਾਂ ਵਿਚ ਮਿਲੇ ਹੋਏ ਹਨ, ਪਰ ਪੰਜਾਬੀ ਵਿਚ ਇਨ੍ਹਾਂ ਦੀ ਗਿਣਤੀ ਹੋਰਨਾ ਭਾਸ਼ਾਵਾਂ ਨਾਲੋਂ ਵਧੇਰੇ ਹੈ । ਸਾਡੇ ਪ੍ਰਸਿੱਧ ਘਰੇਲੂ ਸ਼ਬਦ 'ਮੁੰਡਾ' ਤੇ 'ਕੁੜੀ' ਇਨ੍ਹਾਂ ਭਾਸ਼ਾਵਾਂ (ਮੁੰਡਾ ਭਾਸ਼ਾਵਾਂ] ਵਿਚੋਂ ਹੀ ਆਏ ਹਨ । 'ਮੁੰਡਾ' ਦਾ ਮੂਲ ਅਰਥ ਹੈ 'ਮੁਖੀਆ, ਸਰਦਾਰ' । ਇਸ ਅਧਾਰ ਤੇ ਜਰਮਨ ਵਿਦ੍ਵਾਨ ਮੈਕਸਮੂਲਰ ਨੇ ਇਹ ਭਾਸ਼ਾਵਾਂ ਬੋਲਣ ਵਾਲੀਆਂ ਜਾਤੀਆਂ ਨੂੰ 'ਮੁੰਡਾ' ਨਾਮ ਦਿੱਤਾ ਹੈ । ਪਹਿਲਾਂ ਇਨ੍ਹਾਂ ਨੂੰ 'ਕੋਲ' ਕਿਹਾ ਜਾਂਦਾ ਸੀ । ਪਰ ਸ਼ਬਦ 'ਕੋਲ' ਦਾ ਮੂਲ ਸੰਸਕ੍ਰਿਤ ਅਰਥ 'ਸੂਰ' ਹੈ। ਆਰੀਆ ਲੋਕਾਂ ਨੇ ਆਦਿ ਵਾਸੀਆਂ ਬਾਰੇ ਨਫ਼ਰਤ ਦੀ ਭਾਵਨਾ ਹੇਠ ਇਨ੍ਹਾਂ ਨੂੰ 'ਕੋਲ'

---

1. ——————————like Lahnda and Sindhi, Punjabi is a language with vocabulary mainly composed of honest Tadbhavas. Tatsama words are conspicuous only by their absence, and in this respect the tongue of the land of the five rivers offers a striking contrast to the bastard mixture of Sanskrit and vernecular which the Pandits of Calcutta and Benaras imagine to be literature. It is a homely language redolent of the Punjab of today. Mr. Beams puts this well:

'There is flavour of wheaten flour and a reek of cottage smoke about Punjabi and Sindhi, which is infinitely more natural and captivating than any thing which the hide-bound, Pandit-ridden language of the eastern parts of India ca n show us.'

(Comparative Grammar, Vol. I, p. 51).

2. But though thus homely in character, it must not be assumed that it is a rude form of speech, incapable of literature............Punjabi can express an idea with its won stock of vocabules, and is well adapted for both prose and poetry...—

(Grierson, Linguistic Survey of India, Vol. IX, Pt. I, P. 617).

Sri Satguru Jagjit Singh Ji Elibrary NamdhariElibrary@gmail.com

ਕਹਿਣਾ ਆਰੰਭ ਕੀਤਾ ਹੋਵੇਗਾ।

ਪੰਜਾਬ ਵਿਚ ਸਾਡੇ ਨਾਲ ਨਾਲ ਵਸਦੇ ਹੋਏ ਆਦਿ ਵਾਸੀ (ਜੋ ਹੁਣ ਤਕ ਵੀ ਪਿੰਡਾਂ ਤੋਂ ਬਾਹਰ ਠੱਠੀਆਂ ਵਿਚ ਰਹਿੰਦੇ ਹਨ) ਸਾਡੇ ਬੱਚਿਆਂ ਨੂੰ ਵਡਿਆਉਣ ਲਈ 'ਮੁੰਡਾ' ਕਹਿਕੇ ਸੰਬੋਧਨ ਕਰਦੇ ਹੋਣਗੇ। ਇਹੋ ਸ਼ਬਦ ਪੱਕਾ ਹੋ ਗਿਆ। 'ਕੁੜੀ' ਸ਼ਬਦ ਅੱਜ ਵੀ ਸੰਥਾਲੀ ਭਾਸ਼ਾ ਵਿਚ ਪਜਾਬੀ ਵਾਲੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। 'ਗਿੱਦੜ, ਛੱਪੜ ਚਾਪੜ, ਡਾਬਾ' ਕੁਝ ਹੋਰ ਮੁੰਡਾ-ਸ਼ਬਦ ਹਨ। ਡੱਚ ਵਿਦ੍ਵਾਨ F. B. J. Kuiper ਦੀ ਰਾਏ ਹੈ ਕਿ ਭਾਰਤੀ-ਆਰੀਆ-ਭਾਸ਼ਾਵਾਂ ਦੇ ਸ਼ਬਦ ਭੰਡਾਰ ਦਾ 40 ਫੀ ਸਦੀ ਭਾਗ ਮੁੰਡਾ ਮੂਲ ਤੋਂ ਹੈ। ਪੰਜਾਬੀ ਵਿਚ ਮੁੰਡਾ ਰਲਾ, ਅਵੱਸ਼ ਹੀ, ਦੂਜੀਆਂ ਭਾਸ਼ਾਵਾਂ ਨਾਲੋਂ ਵਧੇਰੇ ਹੈ।

ਪਿਛੋਂ ਆ ਕੇ ਪੰਜਾਬੀ (ਅਤੇ ਹੋਰਨਾਂ ਭਾਰਤੀ-ਆਰੀਆ-ਭਾਸ਼ਾਵਾਂ) ਵਿਚ ਅਰਬੀ-ਫ਼ਾਰਸੀ ਸ਼ਬਦਾਂ ਦੀ ਭਾਰੀ ਮਿਲਾਵਟ ਹੋਈ। ਆਧੁਨਿਕ ਕਾਲ ਵਿਚ ਅੰਗ੍ਰੇਜ਼ੀ ਸ਼ਬਦ ਵੱਡੀ ਸੰਖਿਆ ਵਿਚ ਸਾਡੇ ਸ਼ਬਦ-ਭੰਡਾਰ ਵਿਚ ਰਲੇ ਹਨ। ਕੁਝ ਸ਼ਬਦ ਤੁਰਕੀ, ਪੁਰਤਗਾਲੀ ਆਦਿ ਦੇ ਵੀ ਪੰਜਾਬੀ ਵਿਚ ਮਿਲਦੇ ਹਨ।

ਰਾਜਨੀਤਕ ਕਾਰਨਾਂ ਕਰਕੇ ਪੰਜਾਬੀ ਵਿਚ ਅਜੋਕੀ ਮਸ਼ੀਨੀ ਸਭਿਅਤਾ ਨਾਲ ਸੰਬੰਧਤ ਸ਼ਬਦਾਵਲੀ ਨਹੀਂ ਉਪਜ ਸਕੀ। ਸੋ ਰਾਜਨੀਤੀ, ਵਿਗਿਆਨ, ਤੇ ਤਕਨੀਕੀ ਵਿਸ਼ਿਆਂ ਦੀ ਲੋੜ ਵਾਲੇ ਸ਼ਬਦਾਂ ਦੀ ਪੰਜਾਬੀ ਵਿਚ ਲਗ-ਪਗ ਅਣਹੋਂਦ ਹੈ। ਸਾਰੀਆਂ ਹੀ ਅਜੋਕੀਆਂ ਭਾਰਤੀ ਬੋਲੀਆਂ ਦਾ ਇਹੋ ਹਾਲ ਹੈ, ਪਰ ਆਰੰਭਿਕ ਤੇ ਮੱਧ-ਕਲੀਨ ਸਭਿਅਤਾ ਦੇ ਘੇਰੇ ਵਾਲੇ ਸ਼ਬਦ-ਭੰਡਾਰ ਵਿਚ ਪੰਜਾਬੀ ਕਿਸੇ ਵੀ ਵਿਕਸਿਤ ਭਾਸ਼ਾ ਨਾਲੋਂ ਪਿਛੇ ਨਹੀਂ। ਘਰੋਗੀ ਪ੍ਰਕਾਰ ਦੀ ਸ਼ਬਦਾਵਲੀ ਵਿਚ ਪੰਜਾਬੀ ਸੰਸਾਰ ਦੀਆਂ ਉੱਘੀਆਂ-ਉੱਘੀਆਂ ਭਾਸ਼ਾਵਾਂ ਤੋਂ ਵੀ ਅੱਗੇ ਹੋਵੇਗੀ। ਘਰੋਗੀ ਵਸਤ-ਵਲੇਵੇ, ਵਾਹੀਜੋਤੀ ਨਾਲ ਸੰਬੰਧਿਤ ਸ਼ਬਦਾਂ, ਪਸ਼ੂਆਂ; ਪੇਂਡੂ ਕਾਰੀਗਰਾਂ ਦੇ ਸੰਦਾਂ, ਫਸਲਾਂ, ਵਨਸਪਤੀ, ਰੁੱਤਾਂ-ਥਿੱਤਾਂ, ਸਾਕਾਂ-ਸੰਬੰਧੀਆਂ ਦੇ ਨਾਵਾਂ ਦੇ ਨਾਲ ਪੰਜਾਬੀ ਦਾ ਭੰਡਾਰ ਭਰਪੂਰ ਹੈ, ਤੇ ਹੋਰਨਾਂ ਭਾਸ਼ਾਵਾਂ ਨਾਲੋਂ ਵਧੇਰੇ ਸੁਸੱਜਿਤ ਹੈ। ਇਸ ਸੰਬੰਧ ਵਿਚ ਸਾਕਾਂ ਸੰਬੰਧੀਆਂ ਦੇ ਨਾਵਾਂ ਦੀ ਪੜਚੋਲ ਕਾਫੀ ਦਿਲਚਸਪ ਹੈ।

ਅੰਗ੍ਰੇਜ਼ੀ ਵਿਚ ਸ਼ਬਦ ਅੰਕਲ (uncle) ਕੋਈ ਅੱਧੀ ਦਰਜਨ ਸਾਕਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿਚੋਂ ਹਰ ਇਕ ਲਈ ਪੰਜਾਬੀ ਵਿਚ ਵੱਖਰੇ ਸ਼ਬਦ ਹਨ—ਚਾਚਾ, ਤਾਇਆ ਮਾਮਾ, ਮਾਸੜ, ਫੁੱਫੜ। ਇਵੇਂ ਹੀ ਸ਼ਬਦ ਆਂਟ (aunt) ਲਈ ਪੰਜਾਬੀ ਵਿਚ ਚਾਚੀ, ਤਾਈ ਮਾਮੀ, ਮਾਸੀ, ਭੂਆ ਵੱਖ ਵੱਖ ਸ਼ਬਦ ਹਨ। ਅੰਗ੍ਰੇਜ਼ੀ ਗ੍ਰੈਂਡ ਫਾਦਰ (grand father), ਗ੍ਰੈਂਡ ਮਦਰ (grand mother), ਨੇਫਿਊ (nephew), ਨੀਸ (niece) ਆਦਿ ਲਈ ਵੀ ਪੰਜਾਬੀ ਵਿਚ ਅੱਡ ਅੱਡ ਨਾਂਵ ਹਨ। ਸੱਚ ਤਾਂ ਇਹ ਹੈ ਕਿ ਸਾਡੀ ਬੋਲੀ ਵਿਚ ਹਰ ਦੂਰ-ਨੇੜੇ ਦੇ ਸਾਕ ਲਈ ਵੱਖਰਾ ਨਾਂਵ ਮੌਜੂਦ ਹੈ—ਪਤਿਔਰਾ, ਦਦਿਔਰਾ, ਮਲਿਔਰਾ, ਨਨਿਔਰਾ, ਤੇ ਇਨ੍ਹਾਂ ਦੇ ਇਸਤ੍ਰੀ ਲਿੰਗ ਪਤੇਸ, ਦਦੇਸ ਆਦਿ; ਫੇਰ, ਜਿਠਾਣੀ, ਦਿਰਾਣੀ, ਜਿਠੀਆ ਜਿਠੇਈ, ਨਨਾਣਵਈਆ ਆਦਿ ਦੇ ਮੁਕਾਬਲੇ ਦੇ ਸਾਰੇ ਸਬਦ ਹੋਰ ਕਿਹੜੀ ਭਾਸ਼ਾ ਵਿਚ ਮਿਲਦੇ ਹਨ। ਪੰਜਾਬੀ ਦੀ ਉਪਭਾਸ਼ਾ ਲਹਿੰਦੀ (ਮੁਲਤਾਨੀ) ਵਿਚ ਤਾਂ ਅੰਗ੍ਰੇਜ਼ੀ ਸ਼ਬਦ 'ਕਜ਼ਨ' (cousin) ਦੇ ਘੇਰੇ ਵਿਚ ਆਉਣ ਵਾਲੇ ਸਾਕਾਂ ਲਈ ਵੀ ਵੱਖਰੇ ਸ਼ਬਦ ਵਰਤੀਂਦੇ ਹਨ—

1. ਸੰਥਾਲੀ ਮੁੰਡਾ-ਸਮੂਹ ਦੀ ਇਕ ਭਾਸ਼ਾ ਹੈ ਜੋ ਛੋਟਾ ਨਾਗਪੁਰ ਤੇ ਲਾਗੇ ਚਾਗੇ ਦੇ ਆਦਿ ਵਾਸੀਆਂ ਦੀ ਬੋਲੀ ਹੈ।

Sri Satguru Jagjit Singh Ji Elibrary NamdhariElibrary@gmail.com

ਪਿਤਰੇਰੁ (ਚਾਚੇ ਦਾ ਪੁੱਤ), ਮਲਵੇਰੁ (ਮਾਮੇ ਦਾ ਪੁੱਤ), ਮਸੇਰੁ (ਮਾਸੀ ਦਾ ਪੁੱਤ), ਫੁਫੇਰੁ (ਭੂਆ ਦਾ ਪੁੱਤ)।

ਪੰਜਾਬੀ ਸ਼ਬਦਾਵਲੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਬਹੁਤ ਸਾਰੇ ਸ਼ਬਦ ਹੋਰਨਾਂ ਭਾਰਤੀ ਆਰੀਆ ਭਾਸ਼ਾਵਾਂ ਨਾਲੋਂ ਬਿਲਕੁਲ ਵੱਖਰੇ ਹਨ। ਇਥੋਂ ਤਕ ਕਿ ਪੰਜਾਬੀ ਦੇ ਅਨੇਕਾਂ ਹੀ ਸ਼ਬਦ ਗੁਆਂਢਣ ਪੱਛਮੀ ਹਿੰਦੀ (ਖੜੀ ਬੋਲੀ) ਨਾਲੋਂ ਵੀ ਅੱਡਰੇ ਹਨ, ਜਦੋਂ ਕਿ ਖੜੀ ਬੋਲੀ ਦਾ ਪੰਜਾਬੀ ਨਾਲ ਬਹੁਤ ਨੇੜੇ ਦਾ ਰਿਸ਼ਤਾ ਹੈ; ਇਨ੍ਹਾਂ ਦੋਹਾਂ ਦਾ ਵਿਆਕਰਨ ਆਪਸ ਵਿਚ ਬਹੁਤ ਮਿਲਦਾ ਹੈ; ਸ਼ਬਦ ਰੂਪ ਵੀ ਲਗ ਪਗ ਸਾਂਵੇਂ ਹੀ ਹਨ ਤੇ ਸ਼ਬਦ-ਭੰਡਾਰ ਦੀ ਵੀ ਚੋਖੀ ਸਾਂਝ ਹੈ। ਫੇਰ ਵੀ ਪੰਜਾਬੀ ਦੇ ਬਹੁਤ ਸਾਰੇ ਸ਼ਬਦ ਹਿੰਦੀ ਲਈ ਬਿਲਕੁਲ ਓਪਰੇ ਹਨ। ਹੇਠਾਂ ਅਜੇਹੇ ਸ਼ਬਦਾਂ ਦੀ ਸੂਚੀ ਦਿੱਤੀ ਗਈ ਹੈ। ਇਹ ਸ਼ਬਦ ਕੇਵਲ ਨਮੂਨੇ ਮਾਤ੍ਰ ਹਨ, ਹੋਰ ਵੀ ਬਥੇਰੇ ਪੰਜਾਬੀ ਸ਼ਬਦ ਹਿੰਦੀ ਵਿਚ ਨਹੀਂ ਮਿਲਦੇ, ਅਜੇਹੇ ਸਾਰੇ ਸ਼ਬਦ ਇਕਤ੍ਰ ਕੀਤਿਆਂ ਬੜੀ ਲੰਮੀ ਸੂਚੀ ਬਣੇਗੀ। ਇਸ ਸੂਚੀ ਵਿਚ ਕੇਵਲ ਉਹ ਸ਼ਬਦ ਲਏ ਗਏ ਹਨ, ਜਿਨ੍ਹਾਂ ਦਾ ਰੂਪ ਹਿੰਦੀ ਦੇ ਸਾਂਵੇਂ ਸ਼ਬਦਾਂ ਨਾਲੋਂ ਬਿਲਕੁਲ ਵੱਖਰਾ ਹੈ। ਥੋੜ੍ਹੇ-ਬਹੁਤ ਮਿਲਦੇ ਸ਼ਬਦ ਵੀ ਇਥੇ ਨਹੀਂ ਲਿਖੇ ਗਏ। ਇਹ ਸ਼ਬਦ ਵਿਸ਼ੇਸ਼ ਕਰਕੇ ਕੇਂਦ੍ਰੀ ਪੰਜਾਬੀ (ਮਾਝੀ) ਦੇ ਹਨ।

ਉੱਕ-(ਗਿਆ), ਉੱਕਾ, ਉੱਘੜ, ਉਜੱਡ, ਉਂਜ, ਉਂਤੇ, ਉਰੇ, ਉਰਲਾ, ਊਣਾ, ਓਥੇ, ਓਦਣ, ਓਦਰ, ਓਦਾਂ, ਓਦੋਂ, ਓੜਕ, ਅਚਵੀ, ਅੱਡ, ਅੱਡਰਾ, ਅਣਖ, ਅਥਰੂ, ਅਰਕ (ਕੂਹਣੀ), ਆਖ, ਐਡਾ, ਐਵੇਂ; ਔਕੜ, ਔਖਾ, ਔਝੜ, ਔਂਤਰਾ, ਔੜ, ਅੱਕ-(ਗਿਆ), ਇੰਵ, ਏਥੇ, ਏਦਾਂ, ਸੱਜਾ, ਸਣੇ, ਸਲ੍ਹਾਬਾ, ਸਵਖਤੇ, ਸਾਹ, ਸਾਕ, ਸਾੜ, ਸਿਓਂਕ, ਸਿਲ੍ਹਾਂ, ਸੋਹਣਾ, ਸੌਖਾ, ਸੰਘ, ਸੰਘਣਾ, ਸੰਢਾ[1], ਹਵਾੜ, ਹੜ, ਹਾੜ, ਹਿੱਕ (=ਛਾਤੀ), ਹੁਸਿਆ (=ਥੱਕਿਆ), ਹੁਣ, ਹੇਕ, ਹੇਠਾਂ, ਹੌਂਦ, ਹੋਰ, ਹੰਕੂਰਾ, ਹੁੰਝ, ਕੱਖ, ਕੱਜ, ਕੱਵ, ਕਣਕ, ਕਦੇ, ਕਦੋਂ, ਕਲਾਵਾ, ਕਵੇਲਾ, ਕਿਹੜਾ, ਕਿੱਡਾ, ਕਿੱਥੇ, ਕਿੱਦਾਂ, ਕੀਕੂੰ, ਕੋਤਾ, ਕੁੱਕੜ, ਕੁੱਛੜ, ਕੁੜੀ, ਕੁ, ਕੂਲਾ, ਕੰਢਾ, ਕੰਜਰੀ, ਕੰਢਾ, ਕੰਧ, ਖਚਰਾ, ਖਹਿ, ਖਹਿੜਾ, ਖੋਭਾ, ਖੋਤਾ, ਖੋਲਾ, ਖੋਰੂ, ਖੰਭ, ਗੱਲ, ਗੱਲ੍ਹ, ਗਵਾਚ, ਗਾਲ੍ਹੜ, ਗਿੱਚੀ, ਗਿੱਠ, ਗਿੱਟਾ, ਗੁੱਛਾ, ਗੁੱਟ, ਗੁੱਤ, ਗੇੜ, ਗੋਰਾ, ਗੋਕਾ, ਗੋਗੜ, ਗੋਡ, ਗੋਡਾ, ਗੰਢਾ, ਘੱਟਾ, ਘੱਲ, ਘਾਣੀ, ਘੰਡੀ, ਘੁੰਡਣੀਆਂ, ਘੋਲ (=ਕੁਸ਼ਤੀ), ਘੰਡੀ, ਚਪੇੜ, ਚੋਜ, ਚਾਂਗਰ, ਚਾਪੜ, ਚਿੱਥ, ਚਿੱਬ, ਚਿਰ, ਚੁੱਕ (=ਉਠਾ), ਚੁਭ, ਚੁੱਭੀ, ਚੂਣੇਂ, ਚੂਲ, ਚੂਲਾ, ਚੇਤਾ, ਚੌਣਾ (=ਵੱਗ), ਚੰਗਾ, ਚੰਦਰਾ, ਚੰਬੜ, ਛੱਟ, ਛੱਪੜ, ਛਮਕ, ਛਾਹਵੇਲਾ, ਛਾਂਗਾ, ਛਾਬਾ, ਛਿੱਤਰ, ਛੇਕ, ਛੇਤੀ, ਛੋਹਲਾ, ਛੋਲੇ, ਜੱਤ, ਜੱਦ (=ਵੰਸ਼], ਜਦੋਂ, ਜਿਹੜਾ, ਜਿੱਚ, ਜਿੱਥੇ, ਜਿੱਦਾਂ, ਜਿਨ, ਜੀਕੂੰ, ਜਿਵੇਂ, ਜੇਰਾ, ਜੰਞ, ਜੰਮ (=ਉਪਜ), ਝੱਖ, ਝੱਗਾ, ਝੱਤ (ਪਾਣੀ ਝੱਟ), ਝੱਲ, ਝੱਲਾ, ਝਾਟਾ, ਝਿਊਰ, ਝੀਕ, ਝੀਤ, ਝੁੱਗੀ, ਝੁੱਟੀ, ਝੁੱਲ, ਝੂਟ, ਝੇੜਾ, ਝੋ-(ਚੱਕੀ ਝੋ), ਝੰਟਾ, ਝੋਨਾ, ਝੋਰਾ, ਝੰਗੀ, ਝੰਡ, ਟੱਕ, ਟੱਬ, ਟੱਲੀ (=ਲੀਰ, ਘੰਟੀ), ਟਾਹਲੀ, ਟਾਂਡਾ, ਟਾਵਾਂ, ਟਿੱਚਰ (=ਟਿਚਕਰ), ਟਿੱਲ, ਟੀਰਾ, ਟੁੱਕ, (=ਰੋਟੀ); ਟੁੰਬ, ਟੂਰ (=ਤੁਰ), ਟੂੰਬ, ਟੋਰ, ਠੱਲ੍ਹ, (=ਰੋਕ), ਠਿੱਲ੍ਹ (=ਤਰ), ਠੀਕਰੀ, ਠੱਕ-

1. ਰਾਜਸਥਾਨੀ ਵਿਚ ਸ਼ਬਦ 'ਸਾਂਢਾ' ਚੜ੍ਹਾਈ ਊਠ ਲਈ ਵਰਤਿਆ ਜਾਂਦਾ ਹੈ, ਜਿਸ ਦਾ ਇਸਤ੍ਰੀ ਲਿੰਗ 'ਸਾਂਢਣੀ' ਪੰਜਾਬੀ ਵਿਚ ਵੀ ਪ੍ਰਚਲਿਤ ਹੈ।

Sri Satguru Jagjit Singh Ji Elibrary NamdhariElibrary@gmail.com

(ਢੁੱਕ ਬੰਨ੍ਹਣਾ), ਠੁੰਮ੍ਹਣਾ, ਠੂੰਗਾ. ਠੇਡਾ, ਡੱਕ (=ਰੋਕ), ਡੱਕੂ, ਡਾਂਗ, ਡਿਗ, ਡੀਕ, ਡੂੰਘਾ, ਡੇਲਾ-(ਅੱਖ ਦਾ), ਤੌਲਾ, ਢੱਕ, ਢੱਗਾ, ਢੱਠਾ, ਢਾਹ, ਢਾਣੀ, ਢਾਬ, ਢਿੱਡ, ਢੀਮ, ਢੇਰ, ਢੰਡ, ਤਕੜਾ; ਤਕਾਲਾਂ; ਤੱਤਾ, ਤਦ, ਤਰਲਾ, ਤਾਂਘ, ਤਿੱਖਾ, ਤਿਨ, ਤੀਹਰਾ. ਤੀਣਾ, ਤੀਹਲਾ, ਤੁੱਕਾ, ਤੁਰ, ਤੇਹ, ਤੇੜ, ਤੋਪਾ, ਤੋੜ (=ਅਖੀਰ), ਤੌਖਲਾ, ਤੰਗੀ, ਥੱਲੇ, ਥੜ੍ਹਾ, ਥਾਂ, ਥਿੜਕ, ਥਿੰਧਾ, ਥੇਹ, ਥੋਕ, ਥੰਮੀ, ਦਲਿੱਦਰ[1], ਦਵਾਲੇ, ਦੜ, ਦਿਹਾੜਾ, ਦੁਪੜ, ਦੂਣਾਂ, ਧਾੜ, ਧਿਰ, ਧੀ; ਧੂਰ, ਧੂਹ, ਧੌਣ, ਧੌੜੀ, ਨਹੁੰ, ਨੱਠ, ਨਾਨਕੇ. ਨਾਲ, ਨਿੱਕਾ, ਨਿੱਘਾ, ਨਨਾਣ, ਨੀਂਗਰ, ਨੀਂਵਾਂ, ਨੁੱਕਰ, ਨੇਂਹਣ, ਨੇੜੇ, ਪੱਛ, ਪੱਜ, ਪੱਟ, ਪਤ (=ਇਜ਼ਤ), ਪੱਠੇ, ਪਰੇ, ਪਰਖ, ਪਰਲਾ, ਪਾ, ਪਾਟਾ, ਪਾਲ਼, ਪਾਲ਼ਾ (=ਠੰਢ), ਪਿਓ, ਪਿੰਡ, ਪੁੱਟ, ਪੱਠਾ, ਪੁੰਗਰ, ਪੂੰਝ, ਪੇਕੇ, ਪੋਲੀ, ਪੋਟਾ, ਪੋਤੜਾ, ਪੋਲਾ, ਪ੍ਰੌਹਣਾ, ਫੱਕ, ਫੜ, ਫਿੱਸ, ਫਿੱਟ-(ਫਿੱਟ ਲਾਅਨਤ) ਫਿੱਟਿਆ, ਫੁਫੜ, ਫੂਹੜੀ, ਫੋਹ, ਫੰਨ੍ਹ, ਬਥੇਰਾ, ਬਨੇਰਾ, ਬਾਝ, ਬਾਲ-(ਅੱਗ ਬਾਲ), ਬੁੱਕ, ਬੁੱਕਲ, ਬੁੱਚਾ, ਬੂਟਾ, ਬੂਥਾ ਬੋਝਾ[2] (=ਜੇਬ), ਬੋੜਾ, ਭੱਜ (=ਨੱਠ), ਭਰਾ, ਭਲਕੇ, ਭੜਾਸ, ਭਾਂਡਾ, ਭਾਣਾ, ਭਾਨ, ਭਾਜੜ, ਭਿੱਟਿਆ, ਭੀੜਾ, ਭੁੜਕ, ਭੂਆ, ਭੈੜਾ, ਭੰਡ, ਭੰਨ, ਮਹਿਰੂ, ਮੱਝ, ਮੜਾਸਾ, ਮਾੜਾ, ਮਿੰਝ, ਮੋਟ, ਮੂੰਡਾ, ਮਨ੍ਹੇਰੇ, ਮੁੜ੍ਹਕਾ, ਮੋਂਹ, ਮੋਕਲਾ, ਮੰਜਾ, ਮੰਡਾ, ਮੰਦਾ (=ਬੁਰਾ), ਰਿੰਨ੍ਹ, ਰੁੱਖ, ਰੁੱਝਾ, ਰੂੜੀ, ਰੇੜਕਾ, ਰੋਲਾ, ਰੰਨ, ਲਹਿਣਾ, ਲੱਕ, ਲਚਰ, ਲਾਂਭੇ, ਲਾੜਾ, ਲਮਕ, ਲਿਬੜ, ਲੀਰ, ਲੀੜੇ, ਲੁਕ, ਲੂਣ, ਵਹਿਣ, ਵਹੁਟੀ, ਵੱਖਰਾ, ਵੱਗ, ਵੱਟ (=ਹੁੰਮ) ਵੱਟਾ (=ਬਦਲਾ), ਵਟਾਂਦਰਾ, ਵੱਢ, ਵੱਧ, ਵਧੇਰੇ, ਵਨਗੀ, ਵੱਰ੍ਹੇ, ਵਰ੍ਹਾ, ਵਾ, ਵਾਧੂ ਵਿੰਗਾ, ਵਿਚਕਾਰ, ਵਿੰਨ੍ਹ, ਵਿਹਲਾ, ਵਹਿੜਕਾ, ਵੰਝ, ਵੰਡ ।

ਰੂਪ-ਵਿਚਾਰ ਦੇ ਪੱਖ ਤੋਂ ਪੰਜਾਬੀ ਦੀ ਵਿਸ਼ਿਸ਼ਤਾ ਇਹ ਹੈ ਕਿ ਇਸ ਦੇ ਸ਼ਬਦ-ਰੂਪ ਭਾਸ਼ਾ-ਅੰਗਾਂ (parts of speech) ਦੇ ਅਨੁਸਾਰ ਨਹੀਂ । ਸਾਵੇਂ ਰੂਪ ਵਾਲੇ ਸ਼ਬਦ ਵੱਖ-ਵੱਖ ਭਾਸ਼ਾ-ਅੰਗ ਹੋ ਸਕਦੇ ਹਨ—'ਪਾਲ਼ਾ' ਨਾਂਵ ਹੈ, ਪਰ 'ਕਾਲ਼ਾ' ਵਿਸ਼ੇਸ਼ਣ ; 'ਗਿੱਧਾ' ਨਾਂਵ ਹੈ 'ਸਿੱਧਾ' ਵਿਸ਼ੇਸ਼ਣ ਤੇ 'ਰਿੱਧਾ' ਕ੍ਰਿਆ । ਇਹ ਪਹਿਲਾਂ ਦੱਸਿਆ ਜਾ ਚੁਕਾ ਹੈ ਕਿ /-ਆ/- ਅੰਤਿਕ ਸ਼ਬਦ, ਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ, ਕੁਝ ਵੀ ਹੋ ਸਕਦੇ ਹਨ ।

ਇੰਜ ਕਿਸੇ ਪੰਜਾਬੀ ਸ਼ਬਦ ਦੇ ਰੂਪ ਤੋਂ ਇਹ ਜਾਣਨਾ ਸੌਖਾ ਨਹੀਂ ਕਿ ਉਹ ਕਿਹੜੇ ਭਾਸ਼ਾ-ਅੰਗ ਵਿਚ ਆਵੇਗਾ ! ਦੂਸਰੇ ਸ਼ਬਦਾਂ ਵਿਚ ਇਹ ਕਹਿ ਸਕਦੇ ਹਾਂ ਕਿ ਸ਼ਬਦ-ਰੂਪਾਂ ਦੇ ਪੱਖ ਤੋਂ ਪੰਜਾਬੀ ਦੇ ਭਾਸ਼ਾ-ਅੰਗ ਨਹੀਂ ਹਨ । ਫੇਰ ਵੀ ਕੁਝ ਕੁ ਰੂਪ ਅਜੇਹੇ ਹਨ ਜਿਨ੍ਹਾਂ ਦਾ ਕਿਸੇ ਇਕ ਭਾਸ਼ਾ-ਅੰਗ ਨਾਲ ਵਿਸ਼ੇਸ਼ ਸੰਬੰਧ ਹੈ । /-ਔਣਾ/ ਅੰਤਿਕ ਸ਼ਬਦ ਵਧੇਰੇ ਕ੍ਰਿਆ ਹਨ- /ਔਂਣਾ ਸੌਂਣਾ ਵਡਿਔਂਣਾ ਖਵੌਂਣਾ ਸੁਔਣਾ/ ਆਦਿ, ਪਰ /ਖਿਡੌਂਣਾ ਡਰੌਂਣਾ ਵਿਛੌਂਣਾ/ ਆਦਿ ਨਾਂਵ ਵੀ /-ਔਂਣਾ/ ਅੰਤਿਕ ਹਨ । /-ਨਾ/ ਅੰਤਿਕ ਤੇ /-ਣਾ/ ਅੰਤਿਕ ਸ਼ਬਦ ਵੀ ਵਧੇਰੇ ਕ੍ਰਿਆ ਹੀ ਹੁੰਦੇ ਹਨ । /ਕਰਨਾ ਮਰਨਾ ਜੁੜਨਾ ਮੁੜਨਾ/,

---

1. ਪੰਜਾਬੀ 'ਦਲਿਦਰ' ਦਾ ਵਿਕਾਸ ਸੰਸਕ੍ਰਿਤ 'ਦਰਿਦ੍ਰ' ਤੋਂ ਹੋਇਆ ਹੈ, ਜੋ ਤਤਸਮ ਰੂਪ ਵਿਚ ਲਿਖਿਤ ਹਿੰਦੀ ਵਿਚ ਪ੍ਰਚਲਿਤ ਹੈ । ਪਰ ਪੰਜਾਬੀ ਦਲਿਦਰ ਦੇ ਅਰਥ ਮੂਲ 'ਦਰਿਦ੍ਰ' ਤੋਂ ਵੱਖਰੇ ਹਨ ।

2. ਪੰਜਾਬੀ 'ਬੋਝਾ', ਹਿੰਦੀ 'ਬੋਝਾ' ਨਾਲੋਂ ਬਿਲਕੁਲ ਵਖਰੇ ਅਰਥਾਂ ਵਿਚ ਵਰਤਿਆ ਜਾਂਦਾ ਹੈ । ਹਿੰਦੀ ਵਿਚ ਇਹ ਬੋਝ (=ਭਾਰ) ਦਾ ਹੀ ਬੋਲ-ਚਾਲ ਦਾ ਰੂਪ ਹੈ ।

Sri Satguru Jagjit Singh Ji Elibrary NamdhariElibrary@gmail.com

ਅਥਵਾ /ਬੈ'ਣਾਂ ਰੈ'ਣਾਂ ਲਿਖਣਾਂ ਆਖਣਾਂ/ ਆਦਿ । ਪਰ ਇਨ੍ਹਾਂ ਹੀ ਰੂਪਾ ਵਾਲੇ /ਨਿਰਨਾਂ ਤਾਰਨਾ ਪਰਨਾਂ/, ਅਥਵਾ /ਘੋ'ਣਾਂ ਟਟੋ'ਣਾਂ ਸਰੋ'ਣਾਂ/ ਆਦਿ ਨਾਂਵ, ਅਤੇ /ਸੋ'ਣਾ ਮਨਮੋ'ਣਾਂ/ ਆਦਿ ਵਿਸ਼ੇਸ਼ਣ ਭੀ ਮਿਲਦੇ ਹਨ । /-ਆਈ/ ਅੰਤਿਕ ਸ਼ਬਦ ਆਮ ਤੌਰ ਤੇ ਨਾਂਵ ਹਨ- 'ਲਿਖਾਈ ਕਢਾਈ ਵਡਿਆਈ ਚੜ੍ਹਾਈ ਉਤਰਾਈ'-ਆਦਿ । ਪਰ ਸਾਧਾਰਣ ਭੂਤ ਦੀ ਇਸਤ੍ਰੀ ਲਿੰਗ ਕ੍ਰਿਆ ਦਾ ਵੀ ਇਹੋ ਰੂਪ ਹੈ-'ਬੁਝਾਈ ਖਵਾਈ ਸੁਣਾਈ' । ਕਈ ਹਾਲਤਾਂ ਵਿਚ ਇੱਕੋ ਸ਼ਬਦ ਨਾਂਵ ਵੀ ਹੈ ਤੇ ਕ੍ਰਿਆ ਵੀ—ਖਿਡੌਂਣਾ, ਵਿਛੌਂਣਾ, ਡਰੌਂਣਾਂ, ਲਿਖਾਈ, ਕਢਾਈ, ਸਿਵਾਈ, ਪੜ੍ਹਾਈ ਆਦਿ ।

ਸ਼ਬਦਾਂ ਦੇ ਰੂਪ ਭਾਸ਼ਾ-ਅੰਗਾਂ ਨਾਲ ਸੰਬੰਧਿਤ ਨ ਹੋਣ ਕਰ ਕੇ, ਇਕ ਭਾਸ਼ਾ-ਅੰਗ ਤੋਂ ਦੂਸਰਾ ਭਾਸ਼ਾ-ਅੰਗ ਬਣਾਉਣ ਦੀ ਸਮਰਥਾ ਪੰਜਾਬੀ ਵਿਚ ਘੱਟ ਹੈ । ਅੱਜ ਕਲ੍ਹ ਲਿਖਿਤ ਭਾਸ਼ਾ ਵਿਚ ਨਵੇਂ ਸ਼ਬਦ ਰੂਪ ਬਣਾਉਣ ਦੇ ਕੁਝ ਪ੍ਰਯੋਗ ਹੋ ਰਹੇ ਹਨ, ਇਨ੍ਹਾਂ ਵਿਚੋਂ ਪ੍ਰਮੁੱਖ ਦੋ ਉਪਰੋਕਤ ਰੂਪ ਹੀ ਹਨ -/-ਔਂਣਾਂ/ ਲਾ ਕੇ ਕ੍ਰਿਆ ਬਣਾਉਣਾ, ਜਿਵੇਂ /ਵਖਰਿਔਂਣਾ/, /ਪ੍ਰਗਟੌਂਣਾ/ ਆਦਿ : ਤੇ /-ਆਈ/ ਲਾ ਕੇ ਨਾਂਵ ਬਣਾਉਣਾ ਜਿਵੇਂ /ਪ/ਲਮਣਸਾਈ/ । ਕਈ ਵਾਰੀ ਤਾਂ ਸੰਸਕ੍ਰਿਤ ਦੇ ਤਤਸਮ ਨਾਂਵ ਨੂੰ ਹੀ /ਆਈ/ ਲਾ ਕੇ ਤਦਭਵ ਨਾਂਵ ਬਣਾਇਆ ਜਾਂਦਾ ਹੈ, ਜਿਵੇਂ /ਸੁੰਦਰਤਾ/ ਤੋਂ /ਸੁੰਦਰਤਾਈ/, /ਵਿਸ਼ੇਸ਼ਤਾ/ ਤੋਂ /ਵਿਸ਼ੇਸ਼ਤਾਈ/ ।

ਪੰਜਾਬੀ ਨੂੰ /-ਆ/- ਅੰਤਿਕ ਭਾਸ਼ਾ ਕਿਹਾ ਜਾਂਦਾ ਹੈ, ਕਿਉਂਕਿ ਪੰਜਾਬੀ ਨਾਂਵਾਂ ਦੀ ਬਹੁਤ ਵੱਡੀ ਸੰਖਿਆ ਦਾ ਇਕਵਚਨ, ਪੁਲਿੰਗ ਰੂਪ /-ਆ/- ਅੰਤਿਕ ਹੈ—/ਕੌੜਾ/ ਮੁੰਡਾ ਆਟਾ ਸੋਟਾ ਗਿ'ਦਾ/ ਆਦਿ । ਇੰਨਾ ਹੀ ਨਹੀਂ ਸਗੋਂ ਵਿਸ਼ੇਸ਼ਣਾਂ[1] ਕ੍ਰਿਆਂ[2] ਤੇ ਕੁਝ ਕ੍ਰਿਆ-ਵਿਸ਼ੇਸਣਾਂ[3] ਦਾ ਇਕਵਚਨ ਪੁਲਿੰਗ ਵੀ /-ਆ/ ਅੰਤਿਕ ਹੀ ਹੈ । ਕਿਉਂਕਿ ਇਨ੍ਹਾਂ ਸਾਰੇ ਅੰਗਾਂ ਦਾ ਇਕਵਚਨ, ਇਸਤ੍ਰੀ ਲਿੰਗ /-ਈ/- ਅੰਤਿਕ ਬਣਦਾ ਹੈ, ਇਸ ਲਈ ਪੰਜਾਬੀ ਨੂੰ /-ਆ/- /ਈ/-ਅੰਤਿਕ ਭਾਸ਼ਾ ਵੀ ਕਿਹਾ ਜਾ ਸਕਦਾ ਸੀ । ਪਰ ਪੰਜਾਬੀ ਵਿਚ ਪੁਲਿੰਗ ਨਾਂਵਾਂ ਦੀ ਗਿਣਤੀ ਇਸਤ੍ਰੀ ਲਿੰਗ ਨਾਂਵਾਂ ਤੋਂ ਬਹੁਤ ਵਧੇਰੇ ਹੈ, ਫੇਰ ਪੰਜਾਬੀ ਸਮਾਜ ਵਿਚ ਵਸਤੂਆਂ, ਵਿਚਾਰਾਂ, ਗੁਣਾਂ ਆਦਿ ਨੂੰ ਪੁਲਿੰਗ ਰੂਪ ਵਿਚ ਗ੍ਰਹਿਣ ਕਰਨ ਦੀ ਰੁਚੀ ਜ਼ਿਆਦਾ ਹੈ ਅਤੇ /-ਆ/-ਅੰਤਿਕ ਭਾਸ਼ਾ ਪਹਿਲਾਂ ਤੋਂ ਹੀ ਪ੍ਰਚਲਿਤ ਹੈ, ਇਸ ਲਈ ਇਹੋ (/ਆ/-ਅੰਤਿਕ ਭਾਸ਼ਾ) ਪੰਜਾਬੀ ਲਈ ਢੁਕਵਾਂ ਨਾਂ ਹੈ ।

ਸੋ /-ਆ/- ਅੰਤਿਕ ਸ਼ਬਦਾ ਦੀ ਬਹੁਲਤਾ ਪੰਜਾਬੀ ਸ਼ਬਦਾਵਲੀ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ । ਇਹ /-ਆ/- ਅੰਤਿਕ ਰੂਪ ਪੰਜਾਬੀ ਦੇ ਮਰਦਾਉਪਣੇ ਨੂੰ ਪ੍ਰਤਖ ਕਰਦੇ ਹਨ । ਕਿਸੇ ਹੋਰ ਭਾਰਤੀ-ਆਰੀਆ-ਭਾਸ਼ਾ ਵਿਚ ਸ਼ਬਦ-ਰੂਪਾਂ ਦੀ ਇੰਨੀ ਇਕਸਾਰਤਾ ਤੇ ਵਿਆਪਕਤਾ ਸ਼ਾਇਦ ਨ ਮਿਲ ਸਕੇ । ਜਿਵੇਂ ਪਿੱਛੇ ਦੱਸਿਆ ਗਿਆ ਹੈ ਪੱਛਮੀ ਹਿੰਦੀ

1. /ਨਿੱਕਾ, ਵੱਡਾ, ਹੌਲਾ, ਖਾਰਾ, ਸਵਾ/ਰਾ/ ਆਦਿ ।

2. ਵਰਤਮਾਨ-ਕ੍ਰਿਦੰਤ-/ਕਰਦਾ, ਜਾਂਦਾ, ਲਿਖਦਾ, ਸੁਣਦਾ/ ਆਦਿ, ਭੂਤ-ਕ੍ਰਿਦੰਤ /ਕੀਤਾ ਗਿਆ ਲਿਖਿਆ, ਸੁਣਿਆ/ ਆਦਿ, ਅਤੇ ਇਨ੍ਹਾਂ ਦੋਹਾਂ ਤੋਂ ਬਣੇ ਹੋਰ ਕ੍ਰਿਆ-ਰੂਪ : ਭਵਿਖਤ-ਕਾਲ ਦੇ ਰੂਪ— /ਆਵਾਂਗਾ, ਆਵੇਂਗਾ, ਜਾਏਂਗਾ/ ਆਦਿ ।

3. /ਬੜਾ, ਛੇ'ਲਾ, ਕਾ'ਲਾ/ ਆਦਿ ।

Sri Satguru Jagjit Singh Ji Elibrary NamdhariElibrary@gmail.com

ਦੀਆਂ ਕੇਵਲ ਦੋਹਾਂ[1] ਉਪਭਾਸ਼ਾਵਾਂ ਵਿਚ ਇਹੋ ਸ਼ਬਦ-ਰੂਪ ਮਿਲਦੇ ਹਨ। ਇਹ ਦੋਵੇਂ ਉਪਭਾਸ਼ਾਵਾਂ ਕਈਆਂ ਪੱਖਾਂ ਤੋਂ ਪੰਜਾਬੀ ਤੋਂ ਪ੍ਰਭਾਵਿਤ ਹਨ, ਇਹ /-ਆ/- ਅੰਤਿਕ ਰੂਪ ਵੀ ਪੰਜਾਬੀ ਤੋਂ ਹੀ ਇਨ੍ਹਾਂ ਦੋਹਾਂ ਨੂੰ ਮਿਲਿਆ ਹੈ, ਕਿਉਂਕਿ ਇਹ ਪੰਜਾਬੀ ਦੇ ਨਾਲ ਲਗਦੀਆਂ ਬੋਲੀਆਂ ਹਨ।

ਪੰਜਾਬੀ ਦੇ ਇਕ-ਮਾਤ੍ਰਿਕ-ਦੀਰਘ-ਵਿਅੰਜਨਾਂਤ ਸ਼ਬਦ (monosyllabic words ending in long consonants) /ਹੱਥ, ਨੱਕ, ਪੱਤ, ਲੱਤ/ ਆਦਿ ਵੀ ਪੰਜਾਬੀ ਸ਼ਬਦਾਵਲੀ ਦਾ ਵਿਸ਼ੇਸ਼ ਅੰਗ ਹਨ। ਇਨ੍ਹਾਂ ਬਾਰੇ 'ਪੰਜਾਬੀ ਦੀ ਪਛਾਣ ਲਈ ਪ੍ਰਮੁੱਖ ਚਿੰਨ੍ਹ' ਦੇ ਅਧਿਆਇ ਵਿਚ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ। ਇਹ ਸ਼ਬਦ ਰੂਪ ਸਿੰਧੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿਚ ਨਹੀਂ ਮਿਲਦੇ। ਸਿੰਧੀ ਵਿਚ ਵੀ ਅਜੇਹੇ ਸ਼ਬਦਾਂ ਦੀ ਸੰਖਿਆ ਪੰਜਾਬੀ ਜਿੰਨੀ ਨਹੀਂ।

ਨਵੇਂ ਸ਼ਬਦ-ਰੂਪਾਂ ਦੀ ਰਚਨਾ ਲਈ ਭਾਰਤੀ-ਆਰੀਆ ਭਾਸ਼ਾਵਾਂ ਅਗੇਤਰਾਂ-ਪਿਛੇਤਰਾਂ (prefixes and suffixes) ਦਾ ਸਹਾਰਾ ਲੈਂਦੀਆਂ ਹਨ। ਪੰਜਾਬੀ ਵਧੇਰੇ ਪਿਛੇਤਰ ਹੀ ਵਰਤਦੀ ਹੈ—/ਲਿਖ/ ਤੋਂ /ਲਿਖਣਾਂ, ਲਿਖਾਈ, ਲਿਖਿਤ/ /ਵੱਡਾ/ ਤੋਂ /ਵਡਿਆਈ, ਵਡਿਔਣਾਂ, ਵਡੱਪਣ, ਵਡੇਰਾ/ਆਦਿ।

ਪੰਜਾਬੀ ਪਿਛੇਤਰਾਂ ਦੀ ਲੰਮੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਪਰ ਸ਼ਬਦ-ਰਚਨਾ ਦਾ ਵਿਸਤਾਰ-ਪੂਰਵਕ ਵਿਵੇਚਨ ਇਸ ਨਿਬੰਧ ਦਾ ਆਸ਼ਾ ਨਹੀਂ। ਕੇਵਲ ਸਾਧਾਰਨ ਜਾਣਕਾਰੀ ਲਈ ਹੇਠਾਂ, ਇਸ ਸੰਬੰਧ ਵਿਚ, ਮੋਟੇ ਮੋਟੇ ਨੁਕਤੇ ਦਿੱਤੇ ਗਏ ਹਨ।

ਪੰਜਾਬੀ ਦੇ ਇਕ ਹੀ ਸ਼ਬਦ ਨਾਲ ਕਈ ਕਈ ਪਿਛੇਤਰ ਲਗ ਜਾਂਦੇ ਹਨ :

ਸ਼ਬਦ/ਜਾਣਗੀਆਂ/ਵਿਚ ਮੂਲ ਸ਼ਬਦ 'ਜਾ' ਹੈ ਉਸ ਨਾਲ ਇਹ ਪਿਛੇਤਰ ਲੱਗੇ ਹਨ :

/-ਣ-/ ਭਾਵ-ਵਾਚੀ-ਨਾਂਵ ਦਾ ਚਿੰਨ੍ਹ ਹੈ-(ਜਾਣ),
/-ਗ-/ ਭਵਿਖਤ ਕਾਲ ਦਾ ਚਿੰਨ੍ਹ ਹੈ,
/-ਈ-/ ਇਸਤਰੀ ਲਿੰਗ ਬੋਧਕ ਪਿਛੇਤਰ ਹੈ,
/-ਆਂ-/ ਇਸਤਰੀ ਲਿੰਗ ਦਾ ਬਹੁਵਚਨ ਬਣਾਉਂਦਾ ਹੈ।

ਇੰਜ ਇਸ ਇਕ ਸ਼ਬਦ ਵਿਚ 4 ਪਿਛੇਤਰ ਲੱਗੇ ਹਨ।

ਕੁਝ ਪਿਛੇਤਰ ਅਜੇਹੇ ਹਨ ਜਿਨ੍ਹਾਂ ਦੇ ਅਰਥ ਨਿਸ਼ਚਿਤ ਹਨ, ਜਿਵੇਂ /-ਪਣ/ ਲਗਿਆਂ ਭਾਵ-ਵਾਚੀ ਨਾਂਵ ਬਣਦਾ ਹੈ,—/ਵਡੱਪਣ/ /ਪਾਰੱਪਣ/, ਆਦਿ ਵਿਚ ; ਅਥਵਾ /-ਵਾ/ ਨਾਂਵ ਦਾ ਪਿਛੇਤਰ ਹੈ—/ਡਰਾਵਾ/, /ਪਛਤਾਵਾ/, /ਪਹਿਰਾਵਾ/, /ਪੁੰਲਾਵਾ/ /ਛਲਾਵਾ/ ਆਦਿ ਵਿਚ।

ਪਰ ਕਈ ਪਿਛੇਤਰ ਇਕ ਤੋਂ ਵਧੇਰੇ ਰੂਪਾਂ ਦੇ ਲਖਾਇਕ ਹਨ—/ਅਣ/ ਲਾ ਕੇ ਇਸਤ੍ਰੀ ਲਿੰਗ ਨਾਂਵ ਬਣਾਏ ਜਾਂਦੇ ਹਨ—/ਮੋਚੀ/ ਤੋਂ /ਮੋਚਣ/ , /ਤੇਲੀ/ ਤੋਂ /ਤੇਲਣ/, /ਨਾਈ/ ਤੋਂ /ਨੈਣ/ (ਨਾਈ+ਅਣ) ਆਦਿ ਵਿਚ ; /-ਅਣ/ ਲਾ ਕੇ ਭਾਵਵਾਚੀ ਨਾਂਵ ਵੀ ਬਣਦੇ ਹਨ—/ਲਿਖ/ ਤੋਂ /ਲਿਖਣ/, ਪੂੰਜ/ ਤੋਂ /ਪੂੰਜਣ/, /ਗਿੰਨ/ ਤੋਂ

1. ਪਛਮੀ ਹਿੰਦੀ ਦੀਆਂ ਕੁੱਲ ਪੰਜ ਉਪ-ਭਾਸ਼ਾਵਾਂ ਹਨ...ਖੜੀ ਬੋਲੀ, ਬਾਂਗਰੂ (ਹਰਿਆਣਵੀ), ਬ੍ਰਜ ਭਾਸ਼ਾ, ਬੁੰਦੇਲੀ ਤੇ ਕਨੌਜੀ।

Sri Satguru Jagjit Singh Ji Elibrary NamdhariElibrary@gmail.com

/ਰਿੰਨਣ/ । ਆਦਿ ਵਿਚ/ /–ਵਾਂ/ ਬਹੁਵਚਨ ਦਾ ਪਿਛੇਤਰ ਹੈ–/ਮਾਂਵਾਂ/, /ਨਾਂਵਾਂ/, /ਕਾਂਵਾਂ/ ਆਦਿ ਵਿਚ; ਪਰ ਕੁਝ ਕ੍ਰਿਆਵਾਂ ਤੇ ਸੰਭਾਵੀ ਭਵਿਖਤ (ਪ੍ਰ. ਪੁ., ਇ. ਵ.) ਵਿਚ ਵੀ/-ਵਾਂ/ਲਗਦਾ ਹੈ—/ਜਾਂਵਾਂ/, /ਖਾਂਵਾਂ/, /ਪੀਵਾਂ/– ਆਦਿ ਵਿਚ ।

ਸੰਸਕ੍ਰਿਤ ਵਿਚ ਸੰਗਿਆ ਨਾਲ ਲਗਣ ਵਾਲੇ ਤੇ ਕ੍ਰਿਆ ਨਾਲ ਲਗਣ ਵਾਲੇ ਪਿਛੇਤਰਾਂ ਦੀਆਂ ਅੱਡ ਅੱਡ ਸ਼੍ਰੇਣੀਆਂ ਸਨ । ਪੰਜਾਬੀ ਤਕ ਪੁਜਦਿਆਂ ਇਨ੍ਹਾਂ ਵਿਚੋਂ ਵਧੇਰੇ ਪਿਛੇਤਰਾਂ ਦੇ ਰੂਪ ਬਹੁਤ ਬਦਲ ਗਏ ਹਨ । ਇੰਜ ਕਈ ਪਿਛੇਤਰ ਜਿਹੜੇ ਅੱਜ ਇਕ ਤੋਂ ਵਧੇਰੇ ਰੂਪਾਂ ਵਿਚ ਬੈਠਦੇ ਹਨ ।(/-ਅਣ/ /-ਵਾਂ/ ਦੇ ਉਦਾਹਰਨ ਦਿਤੇ ਗਏ ਹਨ), ਇਹ ਵਾਸਤਵ ਵਿਚ ਵੱਖ ਵੱਖ ਪਿਛੇਤਰਾਂ ਦੇ ਘਸੇ ਹੋਏ ਰੂਪ ਹਨ, ਜੋ ਹੁਣ ਇਕ ਹੋ ਗਏ ਹਨ । ਹੇਠਲਾ ਉਦਾਹਰਨ ਇਸ ਨੁਕਤੇ ਨੂੰ ਸਪਸ਼ਟ ਕਰਨ ਵਿਚ ਸਹਾਇਕ ਹੋਵੇਗਾ ।

/ਤੇਲੀ/ ਦਾ ਪਿਛੇਤਰ /-ਈ/ਸੰਸਕ੍ਰਿਤ /–ਇਕ/ ਤੋਂ ਬਣਿਆ ਹੈ, ਕਿਉਂਕਿ ਤੇਲੀ ਦਾ ਸੰਸਕ੍ਰਿਤ ਰੂਪ /ਤੈਲਿਕ/ ਸੀ ।

ਪਰ /ਦੇਸੀ/ ਦਾ ਪਿਛੇਤਰ/ /–ਈ/ ਸੰਸਕ੍ਰਿਤ /–ਈਯ/ ਤੋਂ ਵਿਕਸਿਤ ਹੋਇਆ ਹੈ, ਸੰਸਕ੍ਰਿਤ ਸ਼ਬਦ /ਦੇਸ਼ੀਯ/ ਤੋਂ /ਦੇਸੀ/ ਬਣਿਆ ਹੈ ।

ਅੱਜ ਪੰਜਾਬੀ ਵਿਚ ਅਜੇਹੇ ਬਥੇਰੇ ਪਿਛੇਤਰ ਹਨ,ਜਿਹੜੇ ਸੰਗਿਆ ਨਾਲ ਵੀ ਲਗਦੇ ਹਨ ਤੇ ਕ੍ਰਿਆ ਨਾਲ ਵੀ । /-ਵਾਂ/ ਇਕ ਅਜੇਹਾ ਉਦਾਹਰਨ ਹੈ, /ਜਾਂਵਾਂ/, /ਖਾਂਵਾਂ,/ ਆਦਿ ਵਿਚ ਇਹ ਕ੍ਰਿਆ ਨਾਲ ਲੱਗਾ ਹੈ; /ਪੰਜਵਾਂ/, /ਛੇਵਾਂ/ ਵਿਚ ਵਿਸ਼ੇਸ਼ਣ ਨਾਲ, ਤੇ /ਮਾਂਵਾਂ/, /ਨਾਂਵਾਂ/ ਵਿਚ ਨਾਂਵ ਨਾਲ । /-ਆ/ ਤੇ /–ਈ/ ਦਾ ਬਹੁ-ਰੂਪੀ ਪ੍ਰਯੋਗ ਤਾਂ ਬੜਾ ਵਿਆਪਕ ਹੈ, /-ਆ/ ਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ ਸਭਨਾਂ ਨਾਲ ਲਗ ਕੇ ਪੁਲਿੰਗ ਦਾ ਭਾਵ ਪ੍ਰਗਟ ਕਰਦਾ ਹੈ—(/ਕੋੜਾ/, /ਮਿੱਟਾ/, /ਕੀਤਾ/, /ਬੜਾ/); ਇੰਜ ਹੀ /-ਈ/ ਇਨ੍ਹਾਂ ਸਭਨਾਂ ਨਾਲ ਇਸਤ੍ਰੀ ਲਿੰਗ ਦਾ ਬੋਧ ਕਰਾਉਂਦੀ ਹੈ—(/ਕੋੜੀ, /ਮਿੱਟੀ/, /ਕੀਤੀ/, /ਬੜੀ/) ।

ਇੰਜ ਪੰਜਾਬੀ ਪਿਛੇਤਰਾਂ ਦੀ ਵੰਡ ਇਸ ਆਧਾਰ ਉਤੇ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸ ਭਾਸ਼ਾ-ਅੰਗ (part of speech) ਨਾਲ ਲਗਦੇ ਹਨ । ਇਸ ਆਧਾਰ ਤੇ ਵੀ ਠੀਕ-ਠੀਕ ਵੰਡ ਨਹੀਂ ਹੋ ਸਕਦੀ ਹੈ ਕਿ ਕਿਸ ਪਿਛੇਤਰ ਨਾਲ ਕੀ ਰੂਪ ਬਣਦਾ ਹੈ, ਕਿਉਂਕਿ ਕਈਆਂ ਪਿਛੇਤਰਾਂ ਦੀ ਵਰਤੋਂ ਇਕ ਤੋਂ ਵਧੇਰੇ ਪ੍ਰਯੋਜਨਾਂ ਲਈ ਕੀਤੀ ਜਾਂਦੀ ਹੈ ।

ਭਾਵੇਂ ਪੰਜਾਬੀ ਵਿਚ ਅਗੇਤਰਾਂ ਦੀ ਗਿਣਤੀ ਪਿਛੇਤਰਾਂ ਨਾਲੋਂ ਬਹੁਤ ਘੱਟ ਹੈ, ਫੇਰ ਵੀ, ਅਜੋਕੀ ਭਾਸ਼ਾ ਵਿਚ ਚੋਖੇ ਅਗੇਤਰ ਵਰਤੇ ਜਾਂਦੇ ਹਨ ਜਿਵੇਂ /ਅਣ-/ /ਅਣ-ਗਿਂਦਾ/ /ਅਣਤੋਂਤਾ/ ਆਦਿ ਵਿਚ : /ਨ–/-/ਨਿ-/ /ਨਕੰਮਾ/, /ਨਿਚੱਲਾ/ ਆਦਿ ਵਿਚ, /ਸੁ/– /ਸੁਚੱਜੀ/, /ਸੁਮੱਤ/ ਆਦਿ ਵਿਚ /ਕੁ-/ – / ਕੁਚੱਜੀ/ , /ਕੁਮੱਤ/ ਆਦਿ ਵਿਚ, /ਚੁ-/ /–ਚੁਬਾਰਾ/, /ਚੁਤਹੀ/ ਆਦਿ ਵਿਚ ।

ਪੰਜਾਬੀ ਦੇ ਅਗੇਤਰਾਂ ਬਾਰੇ ਇਕ ਦੋ ਗੱਲਾਂ ਵਿਸ਼ੇਸ਼ ਹਨ । ਇਹ ਅਗੇਤਰ ਅਧਿਕਤਰ ਸੰਸਕ੍ਰਿਤ ਅਗੇਤਰਾਂ ਤੋਂ ਬਣੇ ਹਨ । ਕੁਝ ਅਗੇਤਰ ਤਾਂ ਤਤਸਮ ਰੂਪ ਵਿਚ ਪੰਜਾਬੀ ਤਕ ਪੁਜ ਗਏ ਹਨ (/ਕੁ–/, /ਸੁ–/, /ਨਿਰ-/ ਆਦਿ), ਪਰ ਜਿਹੜੇ ਅੱਜ ਤਦਭਵ ਰੂਪ ਵਿਚ ਬਦਲ ਚੁਕੇ ਹਨ, ਉਹ ਵੀ ਮੂਲ ਸੰਸਕ੍ਰਿਤ ਵਾਲੇ ਅਰਥਾਂ ਵਿਚ ਹੀ ਵਰਤੇ ਜਾਂਦੇ ਹਨ । ਫੇਰ

Sri Satguru Jagjit Singh Ji Elibrary NamdhariElibrary@gmail.com

ਅਗੇਤਰ, ਅਧਿਕਤਰ ਸੰਗਿਆ ਨਾਲ ਲਗਦੇ ਹਨ, ਕ੍ਰਿਆ ਨਾਲ ਅਗੇਤਰਾਂ ਦੀ ਵਰਤੋਂ, ਪੰਜਾਬੀ ਵਿਚ, ਬਹੁਤ ਸੀਮਿਤ ਹੈ । ਉਤੇ ਦਿੱਤੇ ਗਏ ਉਦਾਹਰਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਅਗੇਤਰ ਵਧੇਰੇ ਵਿਸ਼ੇਸ਼ਣ ਦੇ ਰੂਪ ਵਿਚ ਵਰਤੇ ਜਾਂਦੇ ਹਨ ਤੇ ਗੁਣ, ਕ੍ਰਮ, ਸੰਖਿਆ ਆਦਿ ਦਾ ਬੋਧ ਕਰਾਉਂਦੇ ਹਨ । ਸ਼ਬਦ-ਰਚਨਾ ਦੀਆਂ ਬਾਕੀ ਲੋੜਾਂ ਲਈ ਪੰਜਾਬੀ ਨੂੰ, ਆਮ ਤੌਰ ਤੇ, ਪਿਛੇਤਰਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ।

ਪੰਜਾਬੀ ਵਿੱਚ ਵਿਸ਼ੇਸ਼ ਪ੍ਰਕਾਰ ਦੇ ਸਮਾਸੀ ਸ਼ਬਦ ਬਹੁਤ ਮਿਲਦੇ ਹਨ । ਸਮਾਸੀ ਅਜੇਹੇ ਸ਼ਬਦਾਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਰਚਨਾ ਅਗੇਤਰ-ਪਿਛੇਤਰ ਲਾਉਣ ਦੀ ਥਾਂ, ਦੋ ਜਾਂ ਵਧੇਰੇ ਪੂਰੇ ਸ਼ਬਦਾਂ ਦੇ ਜੋੜ ਨਾਲ ਕੀਤੀ ਗਈ ਹੋਵੇ। ਪੰਜਾਬੀ ਵਿਚ ਦੋਂਹ ਸ਼ਬਦਾਂ ਤੋਂ ਬਣੇ ਸਮਾਸੀ ਸ਼ਬਦ ਹੀ ਮਿਲਦੇ ਹਨ। ਇਸਸ਼੍ਰੇਣੀ ਦੇ ਸਮਾਸਾ ਨੂੰ ਦੋਹਰ ਵਾਲੇ ਸਮਾਸ ਕਿਹਾ ਜਾਂਦਾ ਹੈ।

ਦੋਹਰ ਵਾਲੇ ਸਮਾਸਾਂ ਦੇ ਕਈ ਰੂਪ ਹਨ :

(ਕ) ਇਕੋ ਅਰਥ ਵਾਲੇ ਸ਼ਬਦ : ਕਾਲਾ-ਸ਼ਾਹ (ਸਿਆਹ), ਚਿੱਟਾ-ਦੁੱਧ; ਖਿੱਚ-ਧੂਹ, ਕੋੜਾ-ਜ਼ਹਿਰ । ਇਨ੍ਹਾਂ ਵਿਚ ਦੂਜਾ ਪਦ ਪਹਿਲੇ ਦੇ ਅਰਥ ਨੂੰ ਤੀਬਰ ਕਰਦਾ ਹੈ ।

(ਖ) ਵਿਰੋਧੀ ਅਰਥਾਂ ਵਾਲੇ ਸ਼ਬਦ ਜੋੜੇ ਜਾਂਦੇ ਹਨ : ਨਿੱਕੇ-ਵੱਡੇ, ਮਾੜਾ-ਮੋਟਾ, ਦੁਖ-ਸੁਖ । ਇਨ੍ਹਾਂ ਸਮਾਸੀ ਸ਼ਬਦਾਂ ਤੋਂ ਵਿਆਪਕਤਾ ਦਾ ਬੋਧ ਹੁੰਦਾ ਹੈ ।

(ਗ) ਇਕੋ ਸ਼੍ਰੇਣੀ ਦੇ ਦੋ ਸ਼ਬਦ ਵਰਤੇ ਜਾਂਦੇ ਹਨ : ਮਾਪੇ, ਭੈਣ-ਭਰਾ, ਦੁਧ-ਦਹੀਂ, ਦਾਲ-ਰੋਟੀ, ਘਰ-ਬਾਰ, ਮੂੰਹ-ਮੱਥਾ, ਨੱਕ-ਮੂੰਹ ।

(ਘ) ਇਕੋ ਸ਼ਬਦ ਦੋਹਰਾਕੇ ਵਰਤਿਆ ਜਾਂਦਾ ਹੈ : ਮਾਰੋ-ਮਾਰ, ਬਦੋ-ਬਦੀ, ਹੱਥੋ-ਹੱਥੀ, ਨੱਕੋ-ਨੱਕ, ਆਦਿ ਵਾਂਗ ਪਹਿਲੇ ਭਾਗ ਵਿਚ ਵਾਧੂ ਸੁਰ ਲਾ ਕੇ ; ਜਾਂ ਲਕ-ਲਕ, ਗੋਡੇ-ਗੋਡੇ, ਮਸਾਂ-ਮਸਾਂ, ਹੁਣੇ-ਹੁਣੇ ਵਾਂਗ ਸਿੱਧਾ ਰੂਪ ਦੋ ਵਾਰੀ ਵਰਤ ਕੇ ।

ਸਧਾਰਨ ਸਮਾਸੀ ਸ਼ਬਦਾਂ ਵਿਚ ਕੋਈ ਦੋ ਸ਼ਬਦ ਇਕੱਠੇ ਕਰ ਦਿੱਤੇ ਹਨ : ਮੂੰਹਜ਼ੋਰ, ਸਿਰਤੋੜ, ਕੱਪੜਛਾਣ । ਇਹ ਦੋਹਰ ਵਾਲੇ ਸਮਾਸਾਂ ਤੋਂ ਵੱਖਰੀ ਸ਼੍ਰੇਣੀ ਹੈ ।

ਇਹ ਸਮਾਸੀ ਸ਼ਬਦਾਂ ਦੀਆਂ ਪ੍ਰਮੁਖ ਸ਼੍ਰੇਣੀਆਂ ਹਨ । ਉਪਰੋਕਤ ਉਦਾਹਰਨਾਂ ਤੋਂ ਪਤਾ ਲਗਦਾ ਹੈ ਕਿ ਸਮਾਸੀ ਸ਼ਬਦਾਂ ਵਿਚ ਦੋਹਰਾਈ (reduplication) ਦਾ ਬੜਾ ਪ੍ਰਭਾਵ ਹੈ । ਇਕੋ ਸ਼ਬਦ ਦੋਹਰਾ ਕੇ ਬੋਲਿਆ ਜਾਂਦਾ ਹੈ, ਜਿਵੇਂ (ਘ) ਵਿਚ; ਇਕੋ ਅਰਥ ਵਾਲੇ ਦੋ ਸ਼ਬਦ ਵਰਤੇ ਜਾਂਦੇ ਹਨ ਜਿਵੇਂ (ਕ) ਵਿਚ; ਇਕੋ ਸ਼੍ਰੇਣੀ ਦੇ ਦੋ ਸ਼ਬਦ ਮਿਲਾ ਲਏ ਜਾਂਦੇ ਹਨ—ਜਿਵੇਂ (ਗ) ਵਿਚ; ਵਿਰੋਧੀ ਅਰਥਾਂ ਵਾਲੇ ਦੋ ਸ਼ਬਦ ਜੋੜ ਦਿੱਤੇ ਜਾਂਦੇ ਹਨ । ਇਨ੍ਹਾਂ ਸਾਰਿਆਂ ਰੂਪਾਂ ਦੇ ਮੂਲ ਵਿਚ 'ਦੋਹਰ' ਪਾਉਣ ਦੀ ਰੁਚੀ ਕੰਮ ਕਰ ਰਹੀ ਹੈ ।

ਸ਼ਬਦ ਰੂਪ ਨੂੰ ਦੋਹਰਾਣਾ 'ਮੁੰਡਾ' ਭਾਸ਼ਾਵਾਂ ਦੀ ਵਿਸ਼ੇਸ਼ਤਾ ਹੈ । ਪਿਛੇ ਵਰਣਨ ਕੀਤਾ ਗਿਆ ਹੈ ਕਿ ਪੰਜਾਬੀ ਸ਼ਬਦਾਵਲੀ ਵਿਚ ਮੁੰਡਾ-ਰਲਾ ਕਾਫੀ ਮਾਤ੍ਰਾ ਵਿਚ ਹੈ । ਬਹੁਤ ਸੰਭਵ ਹੈ ਕਿ ਸਮਾਸੀ ਸ਼ਬਦਾਂ ਦੀ 'ਦੋਹਰ' ਵੀ ਮੁੰਡਾ ਪ੍ਰਭਾਵ ਕਰਕੇ ਹੀ ਹੋਵੇ ।

ਭਾਵੇਂ ਪੰਜਾਬੀ ਸ਼ਬਦ-ਭੰਡਾਰ ਵਿਚ ਸਮਾਸੀ ਸ਼ਬਦ ਚੋਖੀ ਸੰਖਿਆ ਵਿਚ ਮਿਲਦੇ ਹਨ, ਪਰ ਪਿਛੇਤਰਾਤਮਕ ਸ਼ਬਦਾਂ ਦੇ ਮੁਕਾਬਲੇ ਇਨ੍ਹਾਂ ਦੀ ਗਿਣਤੀ ਮਾਮੂਲੀ ਹੈ, ਜਿਵੇਂ ਪਹਿਲਾਂ ਦਸਿਆ ਜਾ ਚੁਕਾ ਹੈ, ਅਗੇਤਰ ਵੀ ਪੰਜਾਬੀ ਸ਼ਬਦ-ਰਚਨਾ ਵਿਚ ਬਹੁਤ ਥੋੜਾ ਹਿਸਾ ਪਾਉਂਦੇ ਹਨ । ਵਾਸਤਵ ਵਿਚ ਪੰਜਾਬੀ ਸ਼ਬਦ-ਸਿਰਜਨਾ ਦਾ ਪ੍ਰਮੁਖ ਸਾਧਨ ਪਿਛੇਤਰ ਹੀ ਹਨ, ਤੇ ਇਹ ਕਹਿਣਾ ਅਨੁਚਿਤ ਨਹੀਂ ਹੋਵੇਗਾ ਕਿ 'ਪੰਜਾਬੀ, ਮੁਖ ਰੂਪ ਵਿਚ, ਇਕ

Sri Satguru Jagjit Singh Ji Elibrary NamdhariElibrary@gmail.com

ਪਿਛੇਤਰਾਤਮਕ ਭਾਸ਼ਾ ਹੈ'।

ਪੰਜਾਬੀ ਸ਼ਬਦ-ਰਚਨਾ ਵਿਚ ਭਾਸ਼ਾ-ਧੁਨੀਆਂ (speech sounds) ਸੰਬੰਧੀ ਕੁਝ ਨਿਯਮ ਹੇਠਾਂ ਦਿੱਤੇ ਜਾਂਦੇ ਹਨ :

(ੳ) ਪੰਜਾਬੀ ਸ਼ਬਦਾਂ ਦੇ ਆਰੰਭ ਵਿਚ ਦੋ ਸੁਰ ਇਕੱਠੇ ਨਹੀਂ ਆਉਂਦੇ,[1] ਪਰ ਅੰਤ ਵਿਚ ਤਿੰਨ-ਤਿੰਨ, ਚਾਰ-ਚਾਰ, ਤੇ ਕੁਝ ਕੁ ਸ਼ਬਦਾਂ ਵਿਚ ਪੰਜ-ਪੰਜ, ਸੁਰ ਵੀ ਆਉਂਦੇ ਹਨ, ਜਿਵੇਂ—/ਲਿਆਂਦਿਆ/, /ਲਿਆਇਆਈ/।

(ਅ) ਹ੍ਰਸ੍ਵ ਸੁਰ ਸ਼ਬਦਾਂ ਦੇ ਅੰਤ ਵਿਚ ਨਹੀਂ ਲਗਦੇ[2] ਜਿਨ੍ਹਾਂ ਤਤਸਮ ਰੂਪਾਂ ਦੇ ਅੰਤ ਵਿਚ ਹ੍ਰਸ੍ਵ ਸੁਰ ਹਨ, ਉਹ (i) ਜਾਂ ਤਾਂ ਵਿਅੰਜਨਾਂਤ ਹੋ ਗਏ ਹਨ ਜਿਵੇਂ 'ਸਾਧੁ' ਤੋਂ ਪੰਜਾਬੀ 'ਸਾਧ' ਅਤੇ 'ਗੀਤੀ' ਤੋਂ ਪੰਜਾਬੀ 'ਗੀਤ', (ii) ਜਾਂ ਦੀਰਘ ਸੁਰਾਂਤ ਹੋ ਜਾਂਦੇ ਹਨ, ਜਿਵੇਂ 'ਨੀਤਿ' ਤੋਂ ਪੰਜਾਬੀ 'ਨੀਤੀ'।

(ਗ) ਵਾਸਤਵ ਵਿਚ, ਪੰਜਾਬੀ ਦੀ ਅਜੋਕੀ ਰੁਚੀ ਅਨੁਸਾਰ ਹ੍ਰਸ੍ਵ /ਇ/ ਤੇ /ਉ/ ਕੇਵਲ ਮੁਢਲੇ ਉਚਾਰਖੰਡ ਵਿਚ ਹੀ ਠੀਕ ਠੀਕ ਉਚਾਰੇ ਜਾਂਦੇ ਹਨ, ਵਿਚਲੇ ਉਚਾਰਖੰਡ (syallables) ਵਿਚ ਵੀ ਇਹ ਦੋ ਸੁਰ ਨਹੀਂ ਟਿਕ ਸਕੇ, ਇਸੇ ਰੁਚੀ ਦੇ ਪ੍ਰਭਾਵ ਹੇਠਾਂ ਅੱਜ ਅਸੀਂ ਮੂਲ ਸ਼ਬਦ 'ਮੰਦਿਰ' ਨੂੰ /ਮੰਦਰ/, 'ਠਾਕੁਰ' ਨੂੰ /ਠਾਕਰ/ ਹੀ ਉਚਾਰਦੇ ਹਾਂ।

(ਘ) ਸੰਯੁਕਤ ਵਿਅੰਜਨਾਂ (conjunct-consonants) ਦਾ ਉੱਚਾਰਨ ਪੰਜਾਬੀ ਦੇ ਸੁਭਾ ਦੇ ਅਨੁਕੂਲ ਨਹੀਂ। ਤਤਸਮ ਸ਼ਬਦਾਂ ਦੇ ਸੰਯੁਕਤ-ਵਿਅੰਜਨ ਪੰਜਾਬੀ ਵਿਚ, ਵਿਚਾਲੇ ਸੁਰ ਆਉਣ ਨਾਲ ਵੱਖ ਵੱਖ ਹੋ ਜਾਂਦੇ ਹਨ—'ਕ੍ਰਮ' ਤੋਂ ਪੰਜਾਬੀ /ਕਰਮ/ ਤੇ ਕਰ੍ਮ' ਤੋਂ ਵੀ ਪੰਜਾਬੀ /ਕਰਮ/, 'ਭਕ੍ਤ' ਤੋਂ ਪੰਜਾਬੀ /ਪੇਕਤ/, ਸ੍ਤ੍ਰੀ ਤੋਂ ਪੰਜਾਬੀ /ਇਸਤਰੀ/, 'ਪੁੱਤ੍ਰ ਤੇ ਪੰਜਾਬੀ /ਪੁੱਤਰ/ਆਦਿ।

(ਙ) /ਐ/ (ੈ) ਤੇ /ਔ/ (ੌ) ਦੋ ਅਜੇਹੇ ਦੀਰਘ ਸੁਰ ਹਨ ਜੋ ਸ਼ਬਦਾਂ ਦੇ ਅੰਤ ਵਿਚ ਨਹੀਂ ਆਉਂਦੇ। ਕੇਵਲ ਥੋੜੇ ਜੇਹੇ ਇਕ-ਮਾਤ੍ਰਿਕ (monosyllabic) ਸ਼ਬਦਾਂ ਵਿਚ ਹੀ ਇਹ ਦੋਵੇਂ ਅੰਤਿਮ ਸਥਿਤੀ ਵਿਚ ਮਿਲਦੇ ਹਨ—/ਪੈ ਲੈ ਜੈ/ ਅਤੇ /ਲੌ ਸੌ ਚੌ/ ਆਦਿ।

(ਚ) /ङ ਞ ਣ ੜ ਲ਼/ ਨਾਲ ਕੋਈ ਸ਼ਬਦ ਆਰੰਭ ਨਹੀਂ ਹੁੰਦਾ।

ਉਚਾਰਖੰਡਾਂ (syllables) ਦੇ ਪੱਖ ਤੋਂ ਪੰਜਾਬੀ ਸ਼ਬਦਾਂ ਦੀ ਬਣਾਵਟ ਹੇਠ ਲਿਖੇ ਅਨੁਸਾਰ ਹੈ :

(ੳ) ਇਕ-ਉਚਾਰਖੰਡੀ (monosyllabic) ਸ਼ਬਦ—

ਅਧਿਕਤਰ ਹੇਠ ਲਿਖੇ ਰੂਪਾਂ ਵਿਚ ਮਿਲਦੇ ਹਨ :

(i) ਕੇਵਲ ਇਕ ਦੀਰਘ-ਸੁਰ— /ਆ/, /ਏ/, /ਓ/।

---

1. ਬਹੁਤ ਥੋੜੇ ਸ਼ਬਦ ਅਜੇਹੇ ਹਨ, ਜੋ ਕੇਵਲ ਸੁਰਾਂ ਨਾਲ ਹੀ ਬਣੇ ਹਨ.../ਏਊਂ/, /ਓਊਂ/, /ਓਏ/ /ਆਇਆ/। 'ਆ' ਮੂਲ ਤੋਂ ਬਣੇ ਕੁਝ ਹੋਰ ਸ਼ਬਦਾਂ ਵਿਚ ਵੀ ਦੋ ਜਾਂ ਤਿੰਨ ਸੁਰ ਆਉਂਦੇ ਹਨ।

2. ਲਹਿੰਦੀ (ਮੁਲਤਾਨੀ) ਦੇ ਕੁਝ ਸ਼ਬਦਾਂ ਵਿਚ ਅੰਤਿਮ-ਹ੍ਰਸਵ ਸੁਰ ਅਜੇ ਬਚਿਆ ਆ ਰਿਹਾ ਹੈ ਪਰ ਉੱਚਾਰਣ ਦੀ ਰੁਚੀ ਤੋਂ ਜਾਪਦਾ ਹੈ ਕਿ ਇਥੇ (ਲਹਿੰਦੀ ਵਿਚ) ਵੀ ਇਹ ਸੁਰ ਬਹੁਤ ਚਿਰ ਨਹੀਂ ਟਿਕੇਗਾ।

/ਥੁ/, /ਚਿ/ (—ਵਿਚ), /ਕਿ/ ਆਦਿ ਕੁਲ ਪੰਜਾਂ-ਛਿਆਂ ਸ਼ਬਦਾਂ ਦੇ ਅੰਤ ਵਿਚ ਹ੍ਰਸਵ ਸੁਰ ਉਚਾਰੇ ਜਾਂਦੇ ਹਨ।

Sri Satguru Jagjit Singh Ji Elibrary NamdhariElibrary@gmail.com

(ii) ਸੁਰ+ਵਿਅੰਜਨ -/ਇੱਕ ਅੱਜ ਉੱਡ ਔਤ/ ।
(iii) ਵਿਅੰਜਨ+ਦੀਰਘ ਸੁਰ -/ਪੀ ਦੇ ਸੋ/ ।
(iv) ਵਿਅੰਜਨ+ਸੁਰ+ਵਿਅੰਜਨ -/ਕਰ ਪੈਰ ਨਾਲ/ ।

(ਖ) ਦੋ ਉਚਾਰਖੰਡੀ ਸ਼ਬਦ (dissyllabic words) :

ਇਸ ਸ਼੍ਰੇਣੀ ਦੇ ਸ਼ਬਦਾਂ ਦੀ ਗਿਣਤੀ, ਬਾਕੀ ਸ਼੍ਰੇਣੀਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਇਸ ਵਿਚ ਪ੍ਰਮੁੱਖ ਰੂਪ ਇਹ ਹਨ :

(i) ਸੁਰ+ਵਿਅੰਜਨ+ਸੁਰ /ਇਦਾਂ ਉਰੇ ਓਥੋਂ/ ।
(ii) ਵਿਅੰਜਨ+ਸੁਰ+ਵਿਅੰਜਨ+ਸੁਰ -/ਸਾਰਾ ਮੋਟਾ ਕੀਤਾ/ ।
(iii) ਸੁਰ+ਵਿਅੰਜਨ+ਸੁਰ+ਵਿਅੰਜਨ-/ਉਤਾਰ ਓਦਣ ਅਜਾਣ/ ।
(iv) ਵਿਅੰਜਨ+ਸੁਰ+ਦੁਸੰਧੀ ਸੁਰ -/ਲਾਇਆ ਹੋਇਆ/
(v) ਵਿਅੰਜਨ+ਦੁਸੰਧੀ ਸੁਰ+ਵਿਅੰਜਨ+ਸੁਰ- /ਚੁਆਤੀ ਗੁਆਚਾ ਕਿਆਰੀ/
(vi) ਵਿਅੰਜਨ+ਦੁਸੰਧੀ ਸੁਰ+ਸੁਰ-/ਲਿਆਈ ਖੁਆਈ ਖੁਆਓ/

(ਗ) ਤਿੰਨਉਚਾਰਖੰਡੀ (trisyllabic) ਸ਼ਬਦ :

ਇਨ੍ਹਾਂ ਦੀ ਵੀ ਚੋਖੀ ਗਿਣਤੀ ਹੈ ਤੇ ਇਹ ਹੇਠ ਲਿਖੇ ਰੂਪਾਂ ਵਿਚ ਮਿਲਦੇ ਹਨ :

(i) ਸੁਰ+ਵਿਅੰਜਨ+ਸੁਰ+ਵਿਅੰਜਨ—
+ਸੁਰ - /ਅਗਾੜੀ ਉਸਾਰੀ ਇਵਾਂਣਾਂ/ ।
(ii) ਵਿਅੰਜਨ+ਸੁਰ+ਵਿਅੰਜਨ+ਸੁਰ—
+ਵਿਅੰਜਨ+ਸੁਰ - /ਸਵਾਰੀ ਮੁਟਾਪਾ ਕੁਚੱਜੀ/ ।
(iii) ਵਿਅੰਜਨ+ਸੁਰ+ਵਿਅੰਜਨ+ —
ਸੁਰ+ਵਿਅੰਜਨ+ਸੁਰ+ਵਿਅੰਜਨ— /ਸੜੇਹਾਣ ਕੁੜੀਮਾਰ ਤਾੜੇਬਾਜ ।

(ਘ) ਪੰਜਾਬੀ ਵਿਚ ਥੋੜੇ ਜੇਹੇ ਚਾਰਉਚਾਰਖੰਡੀ ਤੇ ਕੁਝ ਪੰਜਉਚਾਰਖੰਡੀ ਸ਼ਬਦ ਵੀ ਹਨ—ਇਹ ਜਾਂ ਤੇ ਸਮਾਸੀ ਸ਼ਬਦ ਹਨ, ਜਿਵੇਂ /ਨਿੰਮੂਚਾਣਾ/, /ਹਡੋਰੋੜਾ/, ਇਕਲਵਾਂਜੇ/, /ਅੰਦਰਵੰਜਾ/ਆਦਿ। ਜਾਂ ਕਈ ਕਈ ਪਿਛੇਤਰ ਲਾ ਕੇ ਬਣਾਏ ਹੋਏ ਲੰਮੇਰੇ ਸ਼ਬਦ ਰੂਪ : ਜਿਵੇਂ /ਜਿਠਾਣੀਆਂ/, /ਸੁਦਾਗਰੀ/, /ਕਾਰੀਗਰੀ/, /ਪਛਤਾਵਾ/ਆਦਿ ।

ਪੰਜ ਉਚਾਰਖੰਡੀ ਸ਼ਬਦਾਂ ਦੇ ਕੁਝ ਉਦਾਹਰਨ ਹਨ : /ਤੋਖੇਬਾਜੀਆਂ/ (ਧੋਖੇਬਾਜੀਆਂ), /ਦੂਣੋਹਾਰੀਆਂ/, /ਠੇਕੇਦਾਰੀਆਂ/, /ਰਿਸ਼ਤੇਦਾਰੀਆਂ/ । ਇਨ੍ਹਾਂ ਵਿਚ ਵਧੇਰੇ ਸ਼ਬਦ ਸਮਾਸੀ ਰੂਪਾਂ ਵਾਲੇ ਹੀ ਹਨ । ਸਮਾਸੀ ਸ਼ਬਦ ਕਿਉਂਕਿ ਦੋ ਜਾਂ ਵਧੇਰੇ ਸ਼ਬਦਾਂ ਨੂੰ ਮਿਲਾ ਕੇ ਬਣਦੇ ਹਨ, ਇਸ ਲਈ ਇਨ੍ਹਾਂ ਨੂੰ ਪੰਜਾਬੀ ਦੇ ਮੂਲ ਸ਼ਬਦ ਨਹੀਂ ਮੰਨਿਆ ਜਾ ਸਕਦਾ । ਇਸ ਆਧਾਰ ਤੇ ਇਹ ਕਹਿਣਾ ਉਚਿਤ ਹੋਵੇਗਾ ਕਿ ਪੰਜਾਬੀ ਵਿਚ ਤਿੰਨ ਤੋਂ ਵਧੇਰੇ ਉਚਾਰ ਖੰਡਾਂ (syllables) ਵਾਲੇ ਮੂਲ ਸ਼ਬਦ ਬਹੁਤ ਘੱਟ ਹਨ ।

Sri Satguru Jagjit Singh Ji Elibrary NamdhariElibrary@gmail.com

## 7

# ਪੰਜਾਬੀ ਦੀ ਵਾਕ-ਬਣਤਰ

ਪੰਜਾਬੀ ਬੋਲ-ਚਾਲ ਵਿਚ ਅਧਿਕਤਰ ਸਾਧਾਰਨ-ਵਾਕ (simple sentence) ਦੀ ਹੀ ਵਰਤੋਂ ਹੁੰਦੀ ਹੈ। ਮਿਸ਼੍ਰਿਤ-ਵਾਕ (complex sentence) ਤਾਂ ਬਹੁਤ ਘੱਟ ਬੋਲਿਆ ਜਾਂਦਾ ਹੈ। ਅੰਗ੍ਰੇਜ਼ੀ ਢੰਗ ਦੇ ਲੰਮੇ-ਲੰਮੇ ਮਿਸ਼੍ਰਿਤ ਵਾਕ ਪੰਜਾਬੀ ਦੇ ਸੁਭਾ ਦੇ ਅਨੁਕੂਲ ਨਹੀਂ ਤੇ ਲਿਖਿਤ ਪੰਜਾਬੀ ਵਿਚ, ਅੰਗਰੇਜ਼ੀ ਦੀ ਰੀਸੇ ਘੜੇ ਗਏ ਵੱਡੇ ਵੱਡੇ ਵਾਕ, ਜਚਵੇਂ ਨਹੀਂ ਜਾਪਦੇ। ਫੇਰ ਵੀ ਲਿਖਿਤ ਭਾਸ਼ਾ ਵਿਚ, ਤੇ ਪੜ੍ਹਿਆਂ-ਲਿਖਿਆਂ ਦੀ ਬੋਲ-ਚਾਲ ਵਿਚ ਵੀ, ਮਿਸ਼੍ਰਿਤ-ਵਾਕ ਦੀ ਵਰਤੋਂ ਵਧਦੀ ਜਾ ਰਹੀ ਹੈ।

ਪੰਜਾਬੀ ਦੀ ਵਾਕ-ਬਣਤਰ ਪ੍ਰਾਚੀਨ ਭਾਸ਼ਾ (ਸੰਸਕ੍ਰਿਤ) ਨਾਲੋਂ ਬਹੁਤ ਵੱਖਰੀ ਹੈ। ਅੰਤਰ ਕੇਵਲ ਸੰਜੋਗਾਤਮਕ ਰਚਨਾ ਦਾ ਹੀ ਨਹੀਂ (ਜਿਸ ਦਾ ਵਰਨਣ ਪਹਿਲਾਂ ਕੀਤਾ ਜਾ ਚੁਕਾ ਹੈ), ਸਗੋਂ ਵਾਕ ਵਿਚ ਸ਼ਬਦਾਂ ਦੀ ਤਰਤੀਬ ਦਾਂ ਵੀ ਫਰਕ ਹੈ। ਸੰਸਕ੍ਰਿਤ-ਵਾਕ ਵਿਚ ਸ਼ਬਦਾਂ ਦੀ ਤਰਤੀਬ ਬਾਨ੍ਹਵੀਂ ਨਹੀਂ ਸੀ। ਕੋਈ ਨਾਂਵ ਕਰਤਾ ਹੈ ਜਾਂ ਕਰਮ, ਇਹ ਉਸਦੇ ਨਾਲ ਲੱਗੇ ਪਿਛੇਤਰ ਤੋਂ ਦ੍ਰਿੜ੍ਹ ਹੁੰਦਾ ਸੀ, ਇਸ ਲਈ ਅਜੇਹੇ ਪਿਛੇਤਰ ਵਾਲੇ ਨਾਂਵ ਨੂੰ ਭਾਵੇਂ ਵਾਕ ਵਿਚ ਕਿਸੇ ਵੀ ਥਾਂ ਤੇ ਰੱਖ ਦਿੱਤਾ ਜਾਵੇ ਉਸ ਦੀ ਵਿਆਕਰਨਿਕ ਪਦਵੀ (grammatical status) ਵਿਚ ਕੋਈ ਫਰਕ ਨਹੀਂ ਸੀ ਪੈਂਦਾ, ਅਥਵਾ ਵਾਕ ਦੇ ਅਰਥਾਂ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਸੀ ਹੁੰਦੀ। ਉਦਾਹਰਨ ਲਈ "ਬਾਲਕ: ਪੁਸਤਕੰ ਅਪਠਤ੍" ਦਾ ਅਰਥ ਹੈ 'ਮੁੰਡੇ ਨੇ ਕਿਤਾਬ ਪੜ੍ਹੀ'। ਪਰ 'ਪੁਸਤਕੰ ਅਪਠਤ੍ ਬਾਲਕ:' ਜਾਂ 'ਅਪਠਤ੍ ਪੁਸਤਕ ਬਾਲਕ:' ਕਹਿਣ ਨਾਲ ਵੀ ਮੂਲ ਅਰਥ ਉਹੋ ਹੀ ਰਹਿੰਦੇ ਸਨ। ਪੰਜਾਬੀ ਦੇ ਵਾਕ-ਕ੍ਰਮ ਵਿਚ ਇਹ ਖੁਲ੍ਹ ਨਹੀਂ ਵਰਤੀ ਜਾ ਸਕਦੀ। ਇਥੇ ਸ਼ਬਦਾਂ ਦੀ ਤਰਤੀਬ ਨਿਸ਼ਚਿਤ ਹੈ। 'ਮੁੰਡੇ ਨੇ ਕਿਤਾਬ ਪੜ੍ਹੀ' ਦੀ ਥਾਂ 'ਕਿਤਾਬ ਪੜ੍ਹੀ ਮੁੰਡੇ ਨੇ' ਜਾਂ 'ਪੜ੍ਹੀ ਕਿਤਾਬ ਮੁੰਡੇ ਨੇ' ਆਖਣ ਨਾਲ ਵੀ ਅਰਥ ਵਿਚ ਕੁਝ ਅੰਤਰ ਪੈ ਜਾਂਦਾ ਹੈ। ਪਰ 'ਕਿਤਾਬ ਨੇ ਮੁੰਡੇ ਪੜ੍ਹੀ', 'ਪੜ੍ਹੀ ਨੇ ਮੁੰਡੇ ਕਿਤਾਬ' ਆਦਿ ਤਾਂ ਬਿਲਕੁਲ ਨਿਰਾਰਥਿਕ ਵਾਕ ਹਨ।

ਸੋ ਪੰਜਾਬੀ ਵਾਕ ਦਾ ਇਕ ਵਿਸ਼ੇਸ਼ ਗੁਣ ਇਹ ਹੈ ਕਿ ਇਸ ਵਿਚ ਸ਼ਬਦਾਂ ਦਾ ਥਾਂ ਮੁਕੱਰਰ ਹੈ। ਇਕ ਸ਼ਬਦ ਨੂੰ ਆਪਣੇ ਥਾਂ ਤੋਂ ਹਟਾ ਕੇ ਹੋਰਥੇ ਰੱਖਣ ਨਾਲ ਹੇਠ ਲਿਖੀਆਂ ਵਿਚੋਂ ਕੋਈ ਤਬਦੀਲੀ ਹੋ ਸਕਦੀ ਹੈ :

(ਕ) ਵਾਕ ਦੇ ਅਰਥਾਂ ਵਿਚ ਸੂਖਮ ਅੰਤਰ ਪੈ ਜਾਂਦਾ ਹੈ, ਜਿਵੇਂ

(1) 'ਮੈਂ ਤੈਨੂੰ ਦੱਸਾਂਗਾ'
(2) 'ਤੈਨੂੰ ਮੈਂ ਦੱਸਾਂਗਾ'
(3) 'ਦੱਸਾਂਗਾ ਤੈਨੂੰ ਮੈਂ'
(4) 'ਦੱਸਾਂਗਾ ਮੈਂ ਤੈਨੂੰ'

Sri Satguru Jagjit Singh Ji Elibrary NamdhariElibrary@gmail.com

ਇੱਥੇ ਵਾਕ (1) ਸਾਧਾਰਨ ਬਿਆਨ ਹੈ। ਵਾਕ (2) ਦਾ ਭਾਵ ਹੈ 'ਦੂਜਿਆਂ ਨੂੰ ਕੋਈ ਹੋਰ ਦੱਸੇਗਾ, ਪਰ ਤੈਨੂੰ ਮੈਂ ਦੱਸਾਂਗਾਂ।' ਵਾਕ (3) ਤੋਂ ਜਾਪਦਾ ਹੈ 'ਤੈਨੂੰ ਦੱਸਿਆ ਜਾਵੇਗਾ, ਪਰ ਮੇਰੇ ਬਿਨਾਂ ਹੋਰ ਕੋਈ ਨਹੀਂ ਦੱਸੇਗਾ।' ਵਾਕ (4) ਲੜਾਈ ਦਾ ਮੁੱਢ ਵੀ ਹੋ ਸਕਦਾ ਹੈ, ਇਹ ਸੰਬੋਧਨ ਕੀਤੇ ਗਏ ਵਿਅਕਤੀ ਨੂੰ ਵੰਗਾਰ ਹੈ ਕਿ 'ਮੈਂ ਤੇਰੀ ਖਬਰ ਲਵਾਂਗਾ।'

ਸੰਸਕ੍ਰਿਤ ਵਿਚ ਵੀ, ਵਾਕ ਦੀ ਤਰਤੀਬ ਬਦਲਿਆਂ ਅਜੇਹਾ ਸੂਖਮ ਅੰਤਰ ਪੈ ਹੀ ਜਾਂਦਾ ਸੀ, ਤੇ ਵਾਕ ਦੇ ਆਰੰਭ ਵਿਚ ਆਉਣ ਵਾਲੇ ਸ਼ਬਦ ਦੀ ਮਹੱਤਾ ਕੁਝ ਵਧ ਜਾਂਦੀ ਸੀ।

(ਖ) ਵਾਕ ਦੇ ਅਰਥ ਬਿਲਕੁਲ ਉਲਟੇ ਹੋ ਜਾਂਦੇ ਹਨ, ਜਿਵੇਂ 'ਰਾਮ ਨੇ ਮੋਹਣ ਨੂੰ ਮਾਰਿਆ' ਤੇ 'ਮੋਹਣ ਨੇ ਰਾਮ ਨੂੰ ਮਾਰਿਆ'।

(ਗ) ਨਿਰਾਰਥਿਕ ਵਾਕ ਬਣ ਜਾਂਦਾ ਹੈ, ਜਿਵੇਂ—'ਮਾਰਿਆ ਨੂੰ ਰਾਮ ਮੋਹਣ ਨੇ'।

ਸੰਬੰਧਕ ਦੀ ਥਾਂ ਵਾਕ ਵਿਚ ਸਭ ਤੋਂ ਵਧੇਰੇ ਦ੍ਰਿੜ੍ਹਤਾ ਨਾਲ ਨਿਸ਼ਚਿਤ ਕੀਤੀ ਗਈ ਹੈ। ਹੋਰ ਕਿਸੇ ਭਾਸ਼ਾ-ਅੰਗ (part of speech) ਦੀ ਥਾਂ ਬਦਲਣ ਨਾਲ ਅਰਥਾਂ ਵਿਚ ਸੂਖਮ ਅੰਤਰ ਹੀ ਪੈਂਦਾ ਹੈ, ਪਰ ਸੰਬੰਧਕ ਨੂੰ ਅੱਗੇ, ਪਿੱਛੇ ਕੀਤਿਆਂ ਵਾਕ ਦੇ ਅਰਥ ਉਲਟੇ ਹੋ ਸਕਦੇ ਹਨ, (ਜਿਵੇਂ ਉਤੇ 'ਖ' ਵਿਚ); ਜਾਂ ਅਰਥਹੀਣ ਵਾਕ ਬਣ ਜਾਂਦਾ ਹੈ, (ਜਿਵੇਂ 'ਗ' ਵਿਚ)।

ਪੰਜਾਬੀ ਵਾਕ ਦੀ ਸਾਧਾਰਨ ਤਰਤੀਬ ਹੈ—ਕਰਤਾ, ਕਰਮ ਤੇ ਕ੍ਰਿਆ। ਅਸਲ ਵਿਚ ਇਹ ਤਰਤੀਬ ਸੰਸਕ੍ਰਿਤ ਤੋਂ ਹੀ ਪੰਜਾਬੀ ਤਕ ਪੁੱਜੀ ਹੈ। ਭਾਵੇਂ ਸੰਸਕ੍ਰਿਤ ਵਿਚ ਵਾਕ-ਕ੍ਰਮ ਨੂੰ ਕੋਈ ਵਿਸ਼ੇਸ਼ਤਾ ਨਹੀਂ ਸੀ ਦਿੱਤੀ ਜਾਂਦੀ, ਪਰ ਆਮ ਕਰਕੇ ਵਾਕ ਵਿਚ ਕਰਤਾ, ਕਰਮ, ਕ੍ਰਿਆ ਦੀ ਤਰਤੀਬ ਹੀ ਰੱਖੀ ਜਾਂਦੀ ਸੀ।

ਵਿਸ਼ੇਸ਼ਣ ਦੀ ਸਥਿਤੀ ਵਾਕ ਵਿਚ ਸਭ ਤੋਂ ਜ਼ਿਆਦਾ ਢਿੱਲੀ ਹੈ। ਵਿਸ਼ੇਸ਼ਣ ਵਿਸ਼ੇਸ਼ ਤੋਂ ਪਹਿਲਾਂ ਵੀ ਆਉਂਦਾ ਹੈ, ਜਿਵੇਂ 'ਪੁਰਾਣੀ ਪੁਸਤਕ'; ਵਿਸ਼ੇਸ਼ ਤੋਂ ਪਿਛੋਂ ਵੀ—'ਪੁਸਤਕ ਪੁਰਾਣੀ ਹੈ'; ਤੇ ਵਿਸੇਸ ਤੋਂ ਹਟਵਾਂ ਵੀ—'ਉਹ ਪੁਸਤਕ ਜਿਹੜੀ ਪੁਰਾਣੀ ਸੀ'। ਕ੍ਰਿਆ-ਵਿਸ਼ੇਸ਼ਣ ਆਪਣੇ ਵਿਸ਼ੇਸ਼ ਤੋਂ ਪਹਿਲਾਂ ਹੀ ਆਉਂਦਾ ਹੈ—'ਪਾਣੀ ਕੁੱਝ ਤੱਤਾ ਏ', 'ਘੋੜਾ ਬੜਾ ਛੋਹਲਾ ਤੁਰਦਾ ਏ'।

ਪੰਜਾਬੀ ਵਾਕ ਦੀ ਇਹ ਤਰਤੀਬ ਹੋਰਨਾਂ ਨਵੀਨ ਭਾਰਤੀ ਆਰੀਆ ਭਾਸ਼ਾਵਾਂ ਨਾਲ ਮਿਲਦੀ ਜੁਲਦੀ ਹੈ, ਪਰ ਪੰਜਾਬੀ ਵਾਕ-ਰਚਨਾ ਦੀਆਂ ਕੁਝ ਹੋਰ ਵਿਸ਼ੇਸ਼ਤਾਵਾਂ ਵੀ ਹਨ। ਇਨ੍ਹਾਂ ਵਿਚੋਂ ਇਕ ਪ੍ਰਮੁੱਖ ਵਿਸ਼ੇਸ਼ਤਾ ਸੰਬੰਧਕ /ਨੇ/ ਦੀ ਵਰਤੋਂ ਹੈ। ਇਹ ਇਕ ਨਵਾਂ ਵਿਕਸਿਆ ਸੰਬੰਧਕ ਹੈ, 'ਆਦਿ ਗ੍ਰੰਥ ਸਾਹਿਬ', ਭਾਈ ਗੁਰਦਾਸ ਦੀ ਬਾਣੀ ਤੇ ਹੋਰ ਪੁਰਾਣੀਆਂ ਲਿਖਤਾਂ ਵਿਚ /ਨੇ/ ਕਿਤੇ ਨਹੀਂ ਮਿਲਦਾ।

/ਨੇ/ ਕੇਵਲ ਸਕਰਮਕ ਕ੍ਰਿਆਵਾਂ (transitive verbs) ਨਾਲ ਵਰਤਿਆ ਜਾਂਦਾ ਹੈ, ਤੇ ਉਹ ਵੀ ਸਿਰਫ ਸਾਧਾਰਨ ਭੂਤ (ਅਨਿਸ਼ਚਿਤ ਭੂਤ) ਕਾਲ (past-indefinite) ਵਿਚ, ਜਿਵੇਂ 'ਘੋੜੇ ਨੇ ਪਾਣੀ ਪੀਤਾ'। ਅਕਰਮਕ ਕ੍ਰਿਆਵਾਂ (intransitive verbs) ਨਾਲ /ਨੇ/ ਨਹੀਂ ਵਰਤੀਂਦਾ—'ਘੋੜਾ ਦੌੜਿਆ'। ਵਰਤਮਾਨ ਤੇ ਭਵਿਖਤ ਕਾਲ ਵਿਚ ਵੀ /ਨੇ/ ਦੀ ਲੋੜ ਨਹੀਂ ਪੈਂਦੀ—'ਘੋੜਾ ਪਾਣੀ ਪੀਂਦਾ ਏ', 'ਘੋੜਾ ਪਾਣੀ ਪੀਏਗਾ'।

/ਨੇ/ ਪੱਛਮੀ ਭਾਰਤੀ-ਆਰੀਆ ਭਾਸ਼ਾਵਾਂ ਦਾ ਸੰਬੰਧਕ ਹੈ, ਪੂਰਬੀ ਭਾਸ਼ਾਵਾਂ ਵਿਚ

Sri Satguru Jagjit Singh Ji Elibrary NamdhariElibrary@gmail.com

/ਨੇ/ ਜਾਂ ਇਸ ਦੇ ਸਮਾਨਾਰਥਿਕ ਕਿਸੇ ਹੋਰ ਸੰਬੰਧਕ ਦਾ ਵਿਕਾਸ ਨਹੀਂ ਹੋਇਆ, 'ਘੋੜੇ ਨੇ ਪਾਣੀ ਪੀਤਾ' ਦਾ ਬੰਗਲਾ ਉਲਥਾ ਹੈ, 'ਘੋੜਾ ਜਲ ਖਾਈਯਾਛੇ'[1], ਤੇ ਉੜੀਆ ਅਨੁਵਾਦ ਹੈ, 'ਘੋੜਾ ਟੀ[2] ਪਾਣੀ ਪੀਲਾ'

ਕਮਾਊਨੀ ਦੇ ਸਾਧਾਰਨ ਭੂਤ ਵਿਚ /ਨੇ/ ਦੀ ਥਾਂ ਪਿਛੇਤਰ /-ਲ/ ਵਰਤੀਦਾ ਹੈ, ਜਿਵੇਂ /ਮੈਂਲ ਵੀ ਥੋਂ ਕਾ/ (ਮੈਂ ਉਹਨੂੰ ਆਖਿਆ), /ਬੁਡ਼ੋਲ ਘੋੜੇ ਕਣੀਂ ਪਾਣੀਂ ਪਿਲਾ/ (ਬੁੱਢੇ ਨੇ ਘੋੜੇ ਨੂੰ ਪਾਣੀ ਡਾਹਿਆ)।

ਪੱਛਮੀ ਭਾਸ਼ਾਵਾਂ ਵਿਚ /ਨੇਂ/ ਦੀ ਵਰਤੋਂ ਬਾਰੇ ਵਿਸਤਾਰ ਪੂਰਵਕ ਲਿਖਣ ਤੋਂ ਪਹਿਲਾਂ, ਇਹ ਦੱਸਣਾ ਜ਼ਰੂਰੀ ਹੈ ਕਿ ਦੋ ਅਖੀਰ ਪੱਛਮੀ ਭਾਸ਼ਾਵਾਂ, ਅਰਥਾਤ 'ਸਿੰਧੀ' ਤੇ 'ਪੰਜਾਬੀ' ਦੀ ਆਪਣੀ ਉਪਭਾਸ਼ਾ ਲਹਿੰਦੀ ਵਿਚ ਇਹ ਨਹੀਂ ਉਪਜਿਆ, 'ਘੋੜੇ ਨੇ ਪਾਣੀ ਪੀਤਾ' ਲਈ ਲਹਿੰਦੀ (ਮੁਲਤਾਨੀ) ਵਿਚ 'ਘੋੜੇ ਪਾਣੀ ਪੀਤਾ', ਹੀ ਕਿਹਾ ਜਾਂਦਾ ਹੈ।

ਡਾਕਟਰ ਗ੍ਰੀਅਰਸਨ ਦਾ ਮੱਤ ਹੈ ਕਿ /ਨੇ/ ਪੰਜਾਬੀ ਵਿਚੋਂ ਪੱਛਮੀ ਹਿੰਦੀ ਵਿਚ ਗਿਆ ਹੈ ਤੇ ਪੰਜਾਬੀ ਵਿਚ ਇਹ ਨਿਯਮਿਤ ਰੂਪ ਵਿਚ ਵਰਤਿਆ ਜਾਂਦਾ ਹੈ। ਪੂਰੇ ਵੇਰਵੇ ਦੀ ਪੜਤਾਲ ਕੀਤਿਆਂ ਵਾਸਤਵਿਕਤਾ ਇਸ ਦੇ ਉਲਟ ਜਾਪਦੀ ਹੈ। ਪੱਛਮੀ ਹਿੰਦੀ ਵਿਚ /ਨੇ/ ਦੀ ਵਰਤੋਂ ਪੰਜਾਬੀ ਨਾਲੋਂ ਵਧੇਰੇ ਪਕਿਆਈ ਨਾਲ ਹੁੰਦੀ ਹੈ। ਪੰਜਾਬੀ ਵਿਚ 'ਪੁਰਖਵਾਚੀ ਪੜਨਾਵਾਂ' (personal pronouns) ਦੇ ਨਾਲ /ਨੇ/ ਨਹੀਂ ਵਰਤਿਆ ਜਾਂਦਾ, ਜਿਵੇਂ 'ਮੈਂ ਪਾਣੀ ਪੀਤਾ' 'ਤੁਸਾਂ ਉਹਨੂੰ ਕੀ ਆਖਿਆ ?' ਉਨ੍ਹਾਂ ਤੈਨੂੰ ਬੜਾ ਸਮਝਾਇਆ' ਆਦਿ। ਪੱਛਮੀ ਹਿੰਦੀ ਵਿਚ ਪੁਰਖਵਾਚੀ ਪੜਨਾਵਾਂ ਨਾਲ ਵੀ /ਨੇ/ ਦਾ ਪ੍ਰਯੋਗ ਹੁੰਦਾ ਹੈ। ਖੜੀ ਬੋਲੀ ਵਿਚ ਉਪਰ ਦਿੱਤੇ ਗਏ ਵਾਕਾਂ ਦੇ ਰੂਪਾਂਤਰ, ਕ੍ਰਮਵਾਰ ਇਹ ਹਨ-'ਮੈਂਨੇਂ ਪਾਨੀ ਪੀਆ', 'ਤੁਮ ਨੇ ਉਸੇ ਕਿਆ ਕਹਾ ?' 'ਉਨਹੋਂ ਨੇ ਤੁਝੇ ਬਹੁਤ ਸਮਝਾਇਆ'। ਪੱਛਮੀ ਹਿੰਦੀ ਦੀਆਂ ਹੋਰ ਉਪਭਾਸ਼ਾਵਾਂ ਵਿਚ ਵੀ ਇਨਾ ਪੜਨਾਵਾਂ ਨਾਲ /ਨੇ/ ਦੀ ਵਰਤੋਂ ਜ਼ਰੂਰੀ ਹੈ-'ਤੁਮ ਨੇ ਬਾਤੇਂ ਕਹਾ ੜਹੀ ?' (ਬ੍ਰਜ ਭਾਸ਼ਾ) (ਤੁਸਾਂ ਉਸ ਨੂੰ ਕੀ ਆਖਿਆ ?), –'ਉਨ ਨੇ ਤੋਇ ਭੌਤਈ ਸਮਝਾਵ' (ਬੁੰਦੇਲੀ) (ਉਨ੍ਹਾਂ ਤੈਨੂੰ ਬੜਾ ਸਮਝਾਇਆ), ਆਦਿ।

ਪੱਛਮੀ ਹਿੰਦੀ ਤੋਂ ਇਲਾਵਾ ਇਹ ਸੰਬੰਧਿਤ ਰਾਜਸਥਾਨੀ, ਗੁਜਰਾਤੀ ਤੇ ਮਰਾਠੀ ਵਿਚ ਵੀ ਮੌਜੂਦ ਹੈ। ਮਰਾਠੀ ਵਿਚ ਤਾਂ /ਨੇ/ ਕਰਤਾ ਕਾਰਕ ਦਾ ਹੀ ਸੂਚਕ ਹੈ, ਪਰ ਰਾਜਸਥਾਨੀ[3], ਗੁਜਰਾਤੀ ਤੇ ਪੱਛਮੀ ਹਿੰਦੀ ਦੀ ਉਪਭਾਸ਼ਾ ਬਾਂਗਰੂ (ਹਰਿਆਣਵੀ) ਵਿਚ ਇਹ ਕਰਤਾ ਤੇ ਕਰਮ ਦੋਹਾਂ ਦਾ ਹੀ ਸੰਬੰਧਕ ਹੈ। ਹੇਠਾਂ ਇਨ੍ਹਾਂ ਭਾਸ਼ਾਵਾਂ ਵਿਚੋਂ ਕਰਮ ਨਾਲ /ਨੇਂ/ ਦੀ ਵਰਤੋਂ ਦੇ ਉਦਾਹਰਣ ਦਿੱਤੇ ਜਾਂਦੇ ਹਨ :

---

1. ਬੰਗਲਾ ਵਿਚ 'ਰੋਟੀ ਖਾਧੀ, ਪਾਣੀ ਪੀਤਾ, ਸਿਗਰਟ ਪੀਤਾ' ਸਭ ਲਈ 'ਖਾਈਯਾਛੇ' ਹੀ ਵਰਤਿਆ ਜਾਂਦਾ ਹੈ।

2. ਉੜੀਸਾ ਤੇ ਬੰਗਲਾ ਵਿਚ 'ਟੀ' ਇਕ-ਵਚਨ ਦਾ ਬੋਧਿਕ ਹੈ, 'ਘੋੜਾ ਟੀ' (ਘੋੜਾ)। ਏਵੇਂ ਹੀ ਉੜੀਆ ਵਿਚ 'ਮਾਨੇ' ਤੇ ਬੰਗਲਾ ਵਿਚ 'ਗੁਲਿ' ਬਹੁਵਚਨ ਬੋਧਕ ਹਨ—ਸ਼ਬਦ 'ਘੋੜੇ' ਕਹਿਣਾ ਹੋਵੇ ਤਾਂ "ਘੋੜਾ ਮਾਨੇ" (ਉੜੀਆ), "ਘੋੜਾ ਗੁਲਿ" (ਬੰਗਲਾ) ਕਹਿਣਾ ਪਵੇਗਾ, ਅਰਥਾਤ ਜੋ ਸੂਚਨਾ ਪੰਜਾਬੀ ਵਿਚ 'ਘੋੜੇ' ਦੇ ਅੰਤਿਮ /ਏ/ ( ੇ ) ਨੇ ਦਿੱਤੀ ਹੈ, ਉਹ ਇਨ੍ਹਾਂ ਭਾਸ਼ਾਵਾਂ ਵਿਚ ਇਕ ਵਾਧੂ ਸ਼ਬਦ ਵਰਤ ਕੇ ਦਿੱਤੀ ਜਾਂਦੀ ਹੈ।

3. ਰਾਜਸਥਾਨੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ 'ਨੇ' ਦੀ ਵਰਤੋਂ ਸਮਾਨ ਰੂਪ ਵਿਚ ਨਹੀਂ ਹੁੰਦੀ।

Sri Satguru Jagjit Singh Ji Elibrary NamdhariElibrary@gmail.com

'ਝਰੋਖੇ ਬੈਠੋ ਦੇਵਰੀਓ ਭਾਭੀ ਨੇ ਨਿਰਖੇ' (ਰਾਜਸਥਾਨੀ ਲੋਕ ਗੀਤ); 'ਏਮਨੇ ਘੋੜਾ ਨੇ ਪਾਣੀ ਪਾਯੂ' (ਗੁਜਰਾਤੀ) (ਉਨ੍ਹਾਂ ਘੋੜੇ ਨੂੰ ਪਾਣੀ ਡਾਹਿਆ); 'ਮੰਨੇ ਦੇਹ' (ਬਾਂਗਰੂ) (ਮੈਨੂੰ ਦੇਹ)।

ਇਨ੍ਹਾਂ ਭਾਸ਼ਾਵਾਂ ਵਿਚ ਕਰਮ ਨਾਲ 'ਨੇ' ਦਾ ਪ੍ਰਯੋਗ ਕੇਵਲ ਭੂਤ ਕਾਲ ਤਕ ਹੀ ਸੀਮਤ ਨਹੀਂ, ਵਰਤਮਾਨ ਤੇ ਭਵਿਖਤ ਵਿਚ ਵੀ ਪ੍ਰਚਲਿਤ ਹੈ।

ਪੰਜਾਬੀ ਵਿਚ /ਨੇ, ਕਰਤਾ ਕਾਰਕ ਦਾ ਹੀ ਚਿੰਨ੍ਹ ਹੈ ਪਰ ਇਸ ਦੇ ਨਾਲ ਮਿਲਦਾ-ਜੁਲਦਾ ਦੂਜਾ ਸੰਬੰਧਕ /ਨੂੰ/ ਕਰਮ ਲਈ ਬੜੇ ਵਿਸਤਾਰ ਨਾਲ ਵਰਤਿਆ ਜਾਂਦਾ ਹੈ। ਇਹ /ਨੇ/ ਨਾਲੋਂ ਬਹੁਤ ਪਹਿਲਾਂ ਹੋਂਦ ਵਿਚ ਆ ਚੁਕਾ ਸੀ, ਇਸ ਦਾ ਪੁਰਾਣਾ ਰੂਪ 'ਨੋ' ਅਥਵਾ 'ਨਉ' ਹੈ, ਇਹੋ ਰੂਪ 'ਆਦਿ ਗ੍ਰੰਥ ਸਾਹਿਬ' ਵਿਚ ਮਿਲਦੇ ਹਨ।

ਕੁਝ ਭਾਸ਼ਾਵਾਂ ਵਿਚ /ਨੇ/ ਦੀ ਵਰਤੋਂ ਕਰਤਾ, ਕਰਮ ਦੋਹਾਂ ਲਈ ਹੋਣ ਕਰਕੇ, ਅਤੇ ਪੰਜਾਬੀ ਵਿਚ ਵੀ ਕਰਤਾ ਤੇ ਕਰਮ ਲਈ ਰਲਦੇ ਮਿਲਦੇ ਰੂਪ ਹੀ ਹੋਣ ਕਰਕੇ, ਹਾਰਨਲੇ (Hoernle) ਆਦਿ ਵਿਦਵਾਨਾਂ ਨੇ ਸਿੱਟਾ ਕੱਢਿਆ ਹੈ ਕਿ /ਨੂੰ/ ਤੇ /ਨੇ/ ਇਕੋ ਹੀ ਮੂਲ ਵਿਚੋਂ ਨਿਕਲੇ ਹਨ, ਪਹਿਲਾਂ /ਨੂੰ/ (ਨੋਂ/ਨਉਂ) ਬਣਿਆਂ, ਪਿਛੋਂ /ਨੇ/ ਉਪਜਿਆ।

/ਨੇ/ ਕਰਤਾ ਕਾਰਕ ਨਾਲ ਕੇਵਲ ਭੂਤ ਕਾਲ ਵਿਚ ਹੀ ਕਿਉਂ ਵਰਤਿਆ ਜਾਂਦਾ ਹੈ ਤੇ ਪੰਜਾਬੀ ਵਿਚ ਪੁਰਖ-ਵਾਚੀ ਪੜਨਾਵਾਂ ਨਾਲ ਇਸ ਦੀ ਕਿਉਂ ਲੋੜ ਨਹੀਂ ਪੈਂਦੀ? ਇਨ੍ਹਾਂ ਸਵਾਲਾਂ ਦੇ ਉੱਤਰ ਲੱਭਣ ਲਈ ਇਸ ਸੰਬੰਧਕ ਦੇ ਵਿਕਾਸ ਦਾ ਇਤਿਹਾਸ ਪੜਚੋਲਣ ਦੀ ਲੋੜ ਹੈ।

ਸੰਸਕ੍ਰਿਤ ਵਿਚ ਭੂਤ ਕਾਲ ਦੇ ਕ੍ਰਿਆ-ਰੂਪ ਬੜੇ ਗੁੰਝਲਦਾਰ ਸਨ। ਮਨੁੱਖ ਕਿਉਂਕਿ ਵਿੰਗੇ ਟੇਢੇ ਤੇ ਲੰਮੇਰੇ ਪਹੇ ਛੱਡ ਕੇ ਸਿੱਧੀਆਂ ਤੇ ਛੁਟੇਰੀਆਂ ਡੰਡੀਆਂ ਤੇ ਚੱਲਣ ਦਾ ਆਦੀ ਹੈ ਇਸ ਲਈ ਉਸ ਨੇ ਇਨ੍ਹਾਂ ਵਲਾਂਵੇਦਾਰ ਕ੍ਰਿਆ-ਰੂਪਾਂ ਦੀ ਥਾਂ ਭੂਤ ਕਾਲਿਕ ਕ੍ਰਿਆ ਦੀ ਅਭਿਵਿਅੰਜਨਾਂ ਦਾ ਸੁਖਾਲਾ ਢੰਗ ਲੱਭ ਲਿਆ, ਤੇ ਜਨ-ਸਾਧਾਰਨ ਨੇ ਵਿਆਕਰਨ-ਸਿਧ ਕ੍ਰਿਆ-ਰੂਪਾਂ ਨੂੰ ਤਿਆਗ ਕੇ ਭੂਤ-ਕ੍ਰਿਦੰਤ (past participle) ਤੋਂ ਹੀ ਇਨ੍ਹਾਂ ਕ੍ਰਿਆ-ਰੂਪਾਂ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ।

ਕ੍ਰਿਦੰਤ ਦੀ ਵਰਤੋਂ ਕਿਉਂਕਿ ਕਰਮ-ਵਾਚ (passive voice) ਵਿਚ ਹੁੰਦੀ ਸੀ, ਇਸ ਲਈ ਭੂਤ ਕਾਲ ਦੇ ਨਵੇਂ ਰੂਪ ਕਰਮ-ਵਾਚੀ ਹੀ ਬਣੇ। ਜਦੋਂ ਕਿਸੇ ਨੇ ਕਹਿਣਾ ਹੁੰਦਾ ਸੀ 'ਮੁੰਡੇ ਨੇ ਕੁੱਤੇ ਨੂੰ ਮਾਰਿਆ' ਤਾਂ ਉਹ ਸਾਧਾਰਨ ਕਰਤ੍ਰੀ ਵਾਚੀ ਕ੍ਰਿਆ ਦੀ ਵਰਤੋਂ ਕਰਦਾ ਹੋਇਆ ਕਰਮ-ਵਾਚ ਵਿਚ ਕਹਿੰਦਾ ਸੀ, 'ਕੁੱਤਾ ਮੁੰਡੇ ਦੁਆਰਾ ਮਾਰਿਆ ਗਿਆ' ਜਾਂ 'ਮੁੰਡਾ ਤੋਂ ਕੁੱਤਾ ਮਾਰਿਆ ਗਿਆ' ਅਥਵਾ ਮੁੰਡੇ ਰਾਹੀਂ ਕੁੱਤਾ ਤੇ ਮਾਰਨ ਦੀ ਕ੍ਰਿਆ ਕੀਤੀ ਗਈ।

ਇਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸੰਸਕ੍ਰਿਤ ਵਿਚ ਸੰਬੰਧਕ ਨਹੀਂ ਸਨ ਹੁੰਦੇ, ਇਸ ਲਈ 'ਦੁਆਰਾ' ਤੇ 'ਰਾਹੀਂ' ਜਾਂ ਇਨ੍ਹਾਂ ਦੇ ਸਮਾਨਾਰਥਿਕ ਕੋਈ ਹੋਰ ਸੰਬੰਧਕ ਉਦੋਂ ਨਹੀਂ ਸੀ ਵਰਤਿਆ ਜਾਂਦਾ, ਸਗੋਂ ਨਾਂਵ (ਮੁੰਡਾ) ਦਾ ਰੂਪ ਹੀ, ਪਿਛੇਤਰ ਲਾ ਕੇ, ਅਜੇਹਾ ਬਣਾਇਆ ਜਾਂਦਾ ਸੀ ਜਿਸ ਦੇ ਨਾਲ ਸੰਬੰਧਕ ਦੇ ਅਰਥ ਵੀ ਸ਼ਾਮਿਲ ਹੁੰਦੇ ਸਨ, ਅਰਥਾਤ ਨਾਂਵ ਨੂੰ ਕਰਣ-ਕਾਰਕ ਦੀ ਵਿਭਕਤੀ ਲਾ ਦਿੱਤੀ ਜਾਂਦੀ ਸੀ। ਇਹੋ ਹੀ ਕ੍ਰਿਦੰਤ ਵਾਲੇ ਕਰਮਣੀ ਪ੍ਰਯੋਗ ਦੇ ਰੂਪ ਅਜੋਕੀਆਂ ਭਾਸ਼ਾਵਾਂ ਤਕ ਪੁੱਜੇ ਹਨ। ਅਸੀਂ ਜਾਣਦੇ ਹਾਂ ਕਿ ਸਾਧਾਰਨ ਭੂਤ ਵਿਚ 'ਕੀਤਾ', 'ਖਾਧਾ', 'ਲਿਆ' ਕ੍ਰਿਆ-ਰੂਪ ਵਰਤੇ ਜਾਂਦੇ ਹਨ ਜੋ ਭੂਤ-ਕ੍ਰਿਦੰਤ ਹਨ।

Sri Satguru Jagjit Singh Ji Elibrary NamdhariElibrary@gmail.com

ਇੰਜ ਮੁਲਤਾਨੀ ਦਾ 'ਘੋੜੇ ਪਾਣੀ ਪੀਤਾ' ਸੰਸਕ੍ਰਿਤ ਰੂਪ ਦਾ ਠੀਕ ਉਲਥਾ ਹੈ। ਇਹ ਅਸਲ ਵਿਚ ਕਰਮਣੀ ਪ੍ਰਯੋਗ ਹੈ । ਸ਼ਬਦ 'ਘੋੜੇ' ਇਥੇ 'ਘੋੜਾ' ਦਾ ਕਰਣ ਕਾਰਕ (case of agent) ਦਾ ਰੂਪ ਹੈ, ਜਿਸ ਦਾ ਅਰਥ ਹੈ, 'ਘੋੜਾ ਦੁਆਰਾ' (ਅੱਜ ਅਸੀਂ ਕਹਿੰਦੇ ਹਾਂ 'ਘੋੜੇ' ਦੁਆਰਾ), 'ਪੀਤਾ' ਭੂਤ ਕ੍ਰਿਦੰਤ ਹੈ, ਤੇ ਸਾਰਾ ਵਾਕ ਕਰਮਣੀ ਪ੍ਰਯੋਗ ਵਾਲਾ ਹੈ । ਅਜੋਕੀ ਭਾਸ਼ਾ ਦੀ ਧਾਰਨਾ ਅਨੁਸਾਰ ਇਸ ਦਾ ਰੂਪਾਂਤਰ ਹੈ 'ਘੋੜੇ ਦੁਆਰਾ ਪਾਣੀ ਪੀ ਲਿਆ ਗਿਆ ।' ਪਰ ਅੱਜ ਅਸੀਂ ਇਸ ਵਾਕ ਦੀ, ਅਥਵਾ ਸਾਰੇ ਸਾਧਾਰਨ ਭੂਤ ਕਾਲ ਦੀ, ਕਰਮਣੀ ਰਚਨਾ ਨੂੰ ਭੁਲ ਕੇ ਇਸ ਨੂੰ ਕਰਤ੍ਰੀ-ਪ੍ਰਯੋਗ ਹੀ ਸਮਝਦੇ ਹਾਂ ।

ਲਹਿੰਦੀ ਵਿਚ ਸ਼ਬਦ 'ਘੋੜੇ' ਦੇ ਆਰੰਭਿਕ ਅਰਥ 'ਘੋੜੇ ਦੁਆਰਾ' ਬਣੇ ਰਹੇ, ਪਰ ਪੂਰਬੀ ਪੰਜਾਬੀ ਨੇ (ਸ਼ਾਇਦ ਪੱਛਮੀ ਹਿੰਦੀ ਦੀ ਰੀਸੇ) ਸੰਬੰਧਕ /ਨੇ/ ਵਰਤਣਾ ਆਰੰਭ ਕਰ ਦਿੱਤਾ । /ਨੇ/ ਦਾ ਮੂਲ ਅਰਥ 'ਦੁਆਰਾ' (ਅੰਗ੍ਰੇਜ਼ੀ by) ਸੀ, ਇਸ ਤਰ੍ਹਾਂ 'ਘੋੜੇ ਨੇ ਪਾਣੀ ਪੀਤਾ' ਦਾ ਅਰਥ ਵੀ ਉਹੋ ਹੀ ਹੈ : 'ਘੋੜੇ ਦੁਆਰਾ ਪਾਣੀ ਪੀ ਲਿਆ ਗਿਆ ।'

ਸੋ, /ਨੇ/ ਕਰਣ ਕਾਰਕ ਦਾ ਸੂਚਕ ਹੈ, ਕਰਤਾ ਕਾਰਕ ਦਾ ਨਹੀਂ, ਜਿਵੇਂ ਅਸੀਂ ਅੱਜ ਇਸ ਨੂੰ ਸਮਝਦੇ ਹਾਂ ।

ਹੁਣ ਇਹ ਵੇਖਣਾ ਹੈ ਕਿ ਪੁਰਖਵਾਚੀ ਪੜਨਾਵਾਂ ਨਾਲ /ਨੇ/ ਦੀ ਵਰਤੋਂ ਕਿਉਂ ਨਹੀਂ ਹੁੰਦੀ ।

'ਮੈਂ' ਦਾ ਵਿਕਾਸ ਸੰਸਕ੍ਰਿਤ 'ਮਯਾ' ਤੋਂ ਹੋਇਆ ਹੈ, ਤੇ ਤੂੰ' ਦਾ 'ਤ੍ਵਯਾ' ਤੋਂ । 'ਮਯਾ' ਸਧਾਰਣ ਰੂਪ ਨਹੀਂ, ਤਿਰਛਾ ਰੂਪ (oblique form) ਸੀ, ਜਿਸ ਦਾ ਅਰਥ 'ਮੇਰੇ ਦੁਆਰਾ' (by me) ਸੀ । ਇਸ 'ਮਯਾ' ਤੋਂ ਬਣੇ 'ਮੈਂ' ਦਾ ਮੂਲ ਅਰਥ 'ਮੇਰੇ ਦੁਆਰਾ' ਹੈ ਤੇ ਇਵੇਂ ਹੀ 'ਤੂੰ' ਦਾ ਮੁੱਢਲਾ ਅਰਥ 'ਤੇਰੇ ਦੁਆਰਾ' ਹੈ । "ਮੈਂ ਪਾਣੀ ਪੀਤਾ" ਦਾ ਮੂਲ ਅਰਥ ਬਣਿਆ "ਮੇਰੇ ਦੁਆਰਾ ਪਾਣੀ ਪੀਤਾ ਗਿਆ ।" ਇਸ ਲਈ 'ਮੈਂ' ਦੇ ਨਾਲ ਹੋਰ ਸੰਬੰਧਕ ਲਾਉਣ ਦੀ ਲੋੜ ਨਹੀਂ ਸੀ, ਕਿਉਂਕਿ ਸੰਬੰਧਕ ਦੇ ਅਰਥ ਪਹਿਲਾਂ ਹੀ ਸ਼ਾਮਿਲ ਹਨ । ਇਹੋ ਹੀ ਸਥਿਤੀ 'ਤੂੰ' ਦੀ ਹੈ ।

'ਅਸੀਂ', 'ਤੁਸੀਂ' ਵੀ ਕਿਸੇ ਪੁਰਾਣੇ ਤਿਰਛੇ ਜਾਂ ਸੰਬੰਧਕੀ ਰੂਪ ਵਿਚੋਂ ਵਿਕਸੇ ਹਨ, ਇਸ ਲਈ ਇਨ੍ਹਾਂ ਦੇ ਵਿਚ ਵੀ ਸੰਬੰਧਕ ਦੇ ਅਰਥ ਮਿਲੇ ਹੋਏ ਹਨ ।

'ਓਨ, ਓਹਨਾਂ' ਤੇ 'ਏਨ, ਏਹਨਾਂ' ਦੀ ਵਿਥਿਆ ਕੁਝ ਵੱਖਰੀ ਹੈ । 'ਓਨ' ਤੇ 'ਏਨ' ਵੀ ਅਸਲ ਵਿਚ 'ਉਹ' ਤੇ 'ਏਹ' ਦੇ ਪੁਰਾਣੇ ਤਿਰਛੇ ਰੂਪ ਜਾਪਦੇ ਹਨ । ਮਲਵਈ ਵਿਚ ਅੱਜ 'ਓਹਨੇ', 'ਇਹਨੇ' ਹੀ ਬੋਲਿਆ ਜਾਂਦਾ ਹੈ । 'ਓਹਨਾਂ' ਏਸੇ 'ਓਨ' ਦਾ ਤੇ 'ਏਹਨਾਂ', 'ਏਨ' ਦਾ ਬਹੁਵਚਨ ਬਣ ਗਿਆ । ਇੰਜ 'ਓਨ, ਏਨ ਤੇ 'ਓਹਨਾਂ' ਏਹਨਾਂ' ਦੇ ਵਿਚ /ਨੇ/ ਦਾ ਵਿਆਕਰਨਿਕ ਭਾਵ ਮਿਲਿਆ ਹੋਇਆ ਹੈ, ਸੋ ਹੋਰ ਸੰਬੰਧਕ ਲਾਉਣ ਦੀ ਜ਼ਰੂਰਤ ਨਹੀਂ । ਪਰ ਅੱਜ ਅਸੀਂ 'ਓਹਨਾਂ ਨੇ, ਏਹਨਾਂ ਨੇ' ਆਦਿ ਪ੍ਰਯੋਗ ਵੀ ਸੁਣਦੇ ਹਾਂ, ਅਰਥਾਤ ਇਕ ਹੋਰ /ਨੇ/ ਨਾਲ ਲਾ ਦਿੱਤਾ ਜਾਂਦਾ ਹੈ । ਇਹ ਇਸ ਲਈ ਹੋ ਰਿਹਾ ਹੈ ਕਿਉਂਕਿ 'ਓਹਨਾਂ' ਏਹਨਾਂ' ਦੀ ਮੂਲ ਬਣਤਰ ਤੇ ਅਸਲੀਅਤ ਅਸੀਂ ਭੁਲਦੇ ਜਾ ਰਹੇ ਹਾਂ ।

ਪੰਜਾਬੀ ਦੇ ਸਾਧਾਰਨ ਭੂਤ (past indefinite) ਦੀ ਇਕ ਹੋਰ ਅਚਰਜ ਵਿਸ਼ੇਸ਼ਤਾ ਹੈ । ਇਸ ਸੰਬੰਧ ਵਿਚ ਹੇਠਾਂ ਦਿੱਤੇ ਵਾਕ-ਸਮੂਹ ਵੇਖੇ ਜਾਣ :

Sri Satguru Jagjit Singh Ji Elibrary NamdhariElibrary@gmail.com

| ਇ. ਵ. | ਬ. ਵ. |
|---|---|
| (ਕ) (1) ਮੁੰਡਾ ਆਇਆ । | ਮੁੰਡੇ ਆਏ । |
| (2) ਕੁੜੀ ਆਈ । | ਕੁੜੀਆਂ ਆਈਆਂ । |
| (ਖ) (1) ਮੁੰਡੇ ਨੇ ਖਰਬੂਜਾ ਚੀਰਿਆ । | ਮੁੰਡੇ ਨੇ ਖਰਬੂਜੇ ਚੀਰੇ । |
| (2) ਕੁੜੀ ਨੇ ਖਰਬੂਜਾ ਚੀਰਿਆ । | ਕੁੜੀ ਨੇ ਖਰਬੂਜੇ ਚੀਰੇ । |
| (3) ਮੁੰਡੇ ਨੇ ਤਰ ਚੀਰੀ । | ਮੁੰਡੇ ਨੇ ਤਰਾਂ ਚੀਰੀਆਂ । |
| (4) ਕੁੜੀ ਨੇ ਤਰ ਚੀਰੀ । | ਕੁੜੀ ਨੇ ਤਰਾਂ ਚੀਰੀਆਂ । |
| (ਗ) (1) ਮੁੰਡੇ ਨੇ ਖਰਬੂਜੇ ਨੂੰ ਚੀਰਿਆ । | ਮੁੰਡੇ ਨੇ ਖਰਬੂਜਿਆਂ ਨੂੰ ਚੀਰਿਆ । |
| (2) ਕੁੜੀ ਨੇ ਖਰਬੂਜੇ ਨੂੰ ਚੀਰਿਆ । | ਕੁੜੀ ਨੇ ਖਰਬੂਜਿਆਂ ਨੂੰ ਚੀਰਿਆ । |
| (3) ਮੁੰਡੇ ਨੇ ਤਰ ਨੂੰ ਚੀਰਿਆ । | ਮੁੰਡੇ ਨੇ ਤਰਾਂ ਨੂੰ ਚੀਰਿਆ । |
| (4) ਕੁੜੀ ਨੇ ਤਰ ਨੂੰ ਚੀਰਿਆ । | ਕੁੜੀ ਨੇ ਤਰਾਂ ਨੂੰ ਚੀਰਿਆ । |

ਉਤੇ ਸਮੂਹ (ਕ) ਦੇ ਵਾਕਾਂ ਵਿਚ ਅਕਰਮਕ ਕ੍ਰਿਆ 'ਆ' ਦਾ ਲਿੰਗ ਤੇ ਵਚਨ ਕਰਤਾ—(ਮੁੰਡਾ, ਕੁੜੀ, ਮੁੰਡੇ, ਕੁੜੀਆਂ) ਅਨੁਸਾਰ ਹੈ ।

ਸਮੂਹ (ਖ) ਤੇ ਵਾਕਾਂ ਵਿਚ ਸਕਰਮਕ ਕ੍ਰਿਆ 'ਚੀਰ' ਦੇ ਰੂਪ, ਲਿੰਗ ਤੇ ਵਚਨ ਕਰਕੇ, ਕਰਮ (ਖਰਬੂਜਾ, ਤਰ, ਖਰਬੂਜੇ, ਤਰਾਂ) ਨਾਲ ਸਹਿਮਤ ਹਨ ।

ਸਮੂਹ (ਗ) ਵਾਕਾਂ ਵਿਚ ਕ੍ਰਿਆ ਦਾ ਰੂਪ ਨ ਕਰਤਾ ਨਾਲ ਮਿਲਦਾ ਹੈ, ਨ ਹੀ ਕਰਮ ਨਾਲ ਸਹਿਮਤ ਹੈ । ਸਾਰਿਆਂ ਵਾਕਾਂ ਵਿਚ ਕ੍ਰਿਆ ਦਾ ਇਕੋ ਹੀ ਰੂਪ 'ਚੀਰਿਆ' (ਪੁਲਿੰਗ ਇਕਵਚਨ) ਰਹਿੰਦਾ ਹੈ ।

ਸਾਧਾਰਨ-ਭੂਤ ਦੇ ਕ੍ਰਿਆ ਰੂਪਾਂ ਦੀ ਇਸ ਬੇਤਰਤੀਬੀ ਦੇ ਪਿਛੋਕੜ ਦਾ ਇਤਿਹਾਸ ਵੀ ਕਾਫ਼ੀ ਦਿਲਚਸਪ ਹੈ ।

ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪੰਜਾਬੀ ਦਾ ਸਾਧਾਰਨ ਭੂਤ ਸੰਸਕ੍ਰਿਤ ਦੇ ਕ੍ਰਿਦੰਤ ਦੁਆਰਾ ਬਣੇ ਕਰਮਣੀ-ਪ੍ਰਯੋਗ ਤੋਂ ਵਿਕਸਿਤ ਹੋਇਆ ਹੈ । ਕਰਮਣੀ ਪ੍ਰਯੋਗ ਵਿਚ ਕ੍ਰਿਆ ਕਰਮ ਨਾਲ ਸਹਿਮਤ ਹੁੰਦੀ ਹੈ, ਇਸ ਲਈ ਸਮੂਹ (ਖ) ਦੀ ਵਾਕ ਬਣਤਰ ਇਸ ਰੂਪ ਵਿਚ ਸੰਸਕ੍ਰਿਤ ਦੇ ਕਰਮਣੀ ਪ੍ਰਯੋਗ ਦੀ ਪ੍ਰਤੀਨਿਧ ਹੈ ।

ਸਮੂਹ (ਕ) ਦੇ ਵਾਕ ਵੀ ਉਂਜ ਤਾਂ ਕਰਮਣੀ ਪ੍ਰਯੋਗ ਤੋਂ ਹੀ ਨਿਕਲੇ ਹਨ, ਤੇ ਕ੍ਰਿਆ (ਆਇਆ, ਆਏ, ਆਦਿ) ਭੂਤ ਕ੍ਰਿਦੰਤ ਹੀ ਹੈ, ਪਰ ਇਹ ਵਾਕ ਸੰਸਕ੍ਰਿਤ ਪੱਧਤੀ ਦਾ ਪੂਰਾ ਅਨੁਸਰਣ ਨਹੀਂ ਕਰਦੇ ਕਿਉਂਕਿ ਕ੍ਰਿਆ ਅਕਰਮਕ ਹੈ, ਇਸ ਲਈ ਵਾਕ ਵਿਚ ਕਰਮ ਦੀ ਹੋਂਦ ਹੀ ਨਹੀਂ, ਸੋ ਕ੍ਰਿਆ ਕਰਤਾ ਦੇ ਲਿੰਗ, ਵਚਨ ਅਨੁਸਾਰ ਹੋ ਗਈ ਹੈ । ਇਸ ਵਾਕ-ਬਣਤਰ ਨੂੰ ਹਾਰਨਲੇ (Hoernle) ਨੇ ਕਰਮਣੀ-ਕਰਤ੍ਰੀ (passive active) ਕਿਹਾ ਹੈ, ਕਿਉਂਕਿ ਕ੍ਰਿਦੰਤ ਦੀ ਵਰਤੋਂ ਕਰਕੇ ਵਾਕ ਦਾ ਪਿਛੋਕੜ ਕਰਮਣੀ ਹੈ, ਪਰ ਕ੍ਰਿਆ ਦਾ ਕਰਤਾ ਅਨੁਸਾਰ ਲਿੰਗ-ਵਚਨ, ਤੇ ਕਰਤਾ ਦੀ ਸਿੱਧੇ ਰੂਪ (direct form) ਵਿਚ ਵਰਤੋਂ ਕਰਤ੍ਰੀ ਪ੍ਰਯੋਗ ਦੇ ਲੱਛਣ ਹਨ ।

ਸਮੂਹ (ਗ) ਦੀ ਵਾਕ ਰਚਨਾ ਸੰਸਕ੍ਰਿਤ ਦੇ ਭਾਵੇ-ਪ੍ਰਯੋਗ ਤੋਂ ਉਪਜੀ ਹੈ । ਭਾਵੇ-ਪ੍ਰਯੋਗ ਦੀ ਕ੍ਰਿਆ ਨਪੁੰਸਕ ਲਿੰਗ-ਇਕਵਚਨ ਵਿਚ ਹੁੰਦੀ ਸੀ । ਪੰਜਾਬੀ ਵਿਚ ਨਪੁੰਸਕ ਲਿੰਗ ਨ ਹੋਣ ਕਰਕੇ ਕ੍ਰਿਆ ਨੇ ਪੁਲਿੰਗ ਦਾ ਰੂਪ ਲੈ ਲਿਆ । ਇਥੇ ਇਹ ਦੱਸਣਾ ਉਚਿਤ

Sri Satguru Jagjit Singh Ji Elibrary NamdhariElibrary@gmail.com

ਹੋਵੇਗਾ ਕਿ ਸੰਸਕ੍ਰਿਤ ਭਾਵੇਂ ਪ੍ਰਯੋਗ ਅਕਰਮਕ ਕ੍ਰਿਆਵਾਂ ਦਾ ਹੀ ਬਣਦਾ ਸੀ, ਪਰ ਪੰਜਾਬੀ ਵਿਚ ਭਾਵੇ ਵਾਲੀ ਪੱਧਤੀ ਸਕਰਮਕ ਕ੍ਰਿਆਵਾਂ ਵਿਚ ਵੀ ਮਿਲਦੀ ਹੈ।

ਇੰਜ ਪੰਜਾਬੀ ਸਾਧਾਰਨ ਭੂਤ ਦੇ ਤਿੰਨੇ ਰੂਪ ਸੰਸਕ੍ਰਿਤ ਦੇ ਕਰਤ੍ਰੀ, ਕਰਮਣੀ, ਤੇ ਭਾਵੇ-ਪ੍ਰਯੋਗ ਦੀਆਂ ਲੀਹਾਂ ਤੇ ਚਲਦੇ ਸਾਡੇ ਤਕ ਪੁੱਜੇ ਹਨ—(ਕ) ਸਮੂਹ ਦੇ ਵਾਕ ਕਰਤ੍ਰੀ ਪ੍ਰਯੋਗ, (ਖ) ਦੇ ਕਰਮਣੀ ਪ੍ਰਯੋਗ, ਤੇ (ਗ) ਦੇ ਭਾਵੇਂ ਪ੍ਰਯੋਗ ਦੀ ਪ੍ਰਣਾਲੀ ਅਨੁਸਾਰ ਹਨ।

ਸਾਧਾਰਨ ਭੂਤ ਦੇ ਇਹ ਤਿੰਨੇ ਰੂਪ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਸਾਵੇਂ ਵਿਕਸਿਤ ਹੋਏ ਹਨ। ਲਹਿੰਦੀ ਵਿਚ ਸਕਰਮਕ ਕ੍ਰਿਆਵਾਂ ਨਾਲ ਸੰਬੰਧਕ /ਨੇਂ/ ਦੀ ਵਰਤੋਂ ਨਹੀਂ ਹੁੰਦੀ, ਵਾਕ ਦੀ ਬਾਕੀ ਤਰਤੀਬ ਤੇ ਭਾਵ ਵਿਚ ਕੋਈ ਅੰਤਰ ਨਹੀਂ। ਡੋਗਰੀ ਦੀਆਂ ਵੱਖ-ਵੱਖ ਬੋਲੀਆਂ ਵਿਚ ਕ੍ਰਿਆ-ਰੂਪਾਂ ਦਾ ਕੁਝ ਫਰਕ ਹੈ, ਪਰ ਇਨ੍ਹਾਂ ਵਿਚੋਂ ਹਰ ਕ੍ਰਿਆ-ਰੂਪ ਦਾ ਆਧਾਰ ਭੂਤ ਕ੍ਰਿਦੰਤ ਹੀ ਹੈ, ਤੇ ਵਾਕ-ਰਚਨਾ ਵੀ ਬਿਲਕੁਲ ਮਾਝੀ (ਕੇਂਦਰੀ ਪੰਜਾਬੀ) ਵਾਲੀ ਹੀ ਹੈ। ਪੁਰਖਵਾਚੀ ਪੜਨਾਂਵਾਂ ਦੇ ਰੂਪ ਵੱਖ ਵੱਖ ਉਪਭਾਸ਼ਾਵਾਂ ਵਿਚ ਥੋੜੇ-ਥੋੜੇ ਫਰਕ ਵਾਲੇ ਬਣਦੇ ਹਨ—/ਓਂਨ ਪਾਂਣੀ ਪੀਤਾ/ (ਮਾਝੀ); /ਓਹਨੇਂ ਪਾਂਣੀ ਪੀਤਾ/ (ਮਲਵਈ), /ਉਸ ਪਾਂਣੀ ਪੀਤਾ/ (ਮੁਲਤਾਨੀ), /ਉਂਨ੍ਹੀ ਪਾਂਣੀ ਪੀਤਾ/ (ਡੋਗਰੀ) ਆਦਿ।

ਭਾਵੇਂ ਸਾਰੀਆਂ ਨਵੀਨ-ਭਾਰਤੀ-ਆਰੀਆ (New-Indo-Aryan) ਭਾਸ਼ਾਵਾਂ ਦਾ ਸਾਧਾਰਨ ਭੂਤ ਸੰਸਕ੍ਰਿਤ ਦੇ ਕਰਮਣੀ ਪ੍ਰਯੋਗ ਤੋਂ ਹੀ ਬਣਿਆ ਹੈ, ਪਰ ਇਸ ਦਾ ਕਰਮਣੀ-ਰੂਪ ਕੇਵਲ ਪੱਛਮੀ ਭਾਸ਼ਾਵਾਂ—ਪੰਜਾਬੀ, ਪੱਛਮੀ ਹਿੰਦੀ ਅਤੇ ਸਿੰਧੀ—ਵਿਚ ਹੀ ਮਿਲਦਾ ਹੈ। ਗੁਜਰਾਤੀ ਤੇ ਮਰਾਠੀ ਵਿਚ ਕੁਝ ਫਰਕ ਨਾਲ ਇਹ ਰੂਪ ਮੌਜੂਦ ਹੈ। ਪਰ ਪੂਰਬੀ ਭਾਸ਼ਾਵਾਂ,—ਬੰਗਾਲੀ, ਉੜੀਆ, ਆਸਾਮੀ ਆਦਿ ਵਿਚ ਭੂਤ-ਕ੍ਰਿਦੰਤ ਉਤੇ ਆਧਾਰਿਤ ਹੁੰਦਿਆਂ ਹੋਇਆਂ ਵੀ, ਵਾਕ ਰਚਨਾ ਕਰਤ੍ਰੀ-ਪ੍ਰਯੋਗ ਵਾਂਗ ਹੀ ਰਹੀ ਹੈ। ਇਨ੍ਹਾਂ ਭਾਸ਼ਾਵਾਂ ਵਿਚ ਕ੍ਰਿਆ ਕਰਤਾ ਦੇ ਵਚਨ ਅਨੁਸਾਰ ਬਣਦੀ ਹੈ, ਕਰਮ ਪਿੱਛੇ ਨਹੀਂ ਚਲਦੀ। ਪੂਰਬੀ ਭਾਸ਼ਾਵਾਂ ਵਿਚ ਕਰਤਾ ਜਾਂ ਕਰਮ ਦੇ ਲਿੰਗ ਦਾ ਕ੍ਰਿਆ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹੇਠਾਂ ਬੰਗਾਲੀ ਤੇ ਉੜੀਆ ਦੇ ਉਦਾਹਰਨ ਪ੍ਰਸਤੁਤ ਹਨ :

| ਬੰਗਲਾ | ਉੜੀਆ | |
|---|---|---|
| ਬਾਲਕ ਰੁਟੀ ਖਾਈਯਾਛੇ | ਬਾਲਕ ਰੁਟੀ ਖਾਈਲਾ | (ਮੁੰਡੇ ਨੇ ਰੋਟੀ ਖਾਧੀ) |
| ਬਾਲਕ ਜਲ ਖਾਈਯਾਛੇ | ਬਾਲਕ ਪਾਣੀਂ ਪੀਲਾ | (ਮੁੰਡੇ ਨੇ ਪਾਣੀਂ ਪੀਤਾ) |
| ਬਾਲਿਕਾ ਰੁਟੀ ਖਾਈਯਾਛੇ | ਬਾਲਿਕਾ ਰੁਟੀ ਖਾਈਲਾ | (ਕੁੜੀ ਨੇ ਰੋਟੀ ਖਾਧੀ) |
| ਬਾਲਿਕਾ ਜਲ ਖਾਈਯਾਛੇ | ਬਾਲਿਕਾ ਪਾਣੀਂ ਪੀਲਾ | (ਕੁੜੀ ਨੇ ਪਾਣੀ ਪੀਤਾ) |

ਇਨ੍ਹਾਂ ਵਾਕਾਂ ਵਿਚ ਕ੍ਰਿਆ ਦਾ ਇਕ ਰੂਪ ਹੈ, ਜੋ ਕਰਤਾ ਨਾਲ ਮਿਲਦਾ ਹੈ। ਕਰਤਾ ਬਹੁਵਚਨ ਹੋਵੇ ਤਾਂ ਕ੍ਰਿਆਰੂਪ ਵੀ ਬਹੁਵਚਨ ਹੋਵੇਗੀ, ਜਿਵੇਂ—ਬਾਲਕ ਗੁਲਿ ਰੁਟੀ ਖਾਈਯਾਛੇਨ (ਬੰਗਲਾ) (ਮੁੰਡਿਆਂ ਨੇ ਰੋਟੀ ਖਾਧੀ)।

ਪੰਜਾਬੀ ਦੇ (ਗ) ਸਮੂਹ (ਭਾਵੇ-ਪ੍ਰਯੋਗ), ਵਿਚ, ਕਰਮ ਨਾਲ ਸੰਬੰਧਕ 'ਨੂੰ' ਲਗਿਆਂ ਕ੍ਰਿਆ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਪਰ ਪੂਰਬੀ ਭਾਸ਼ਾਵਾਂ ਵਿਚ ਕਰਮ ਨਾਲ ਸੰਬੰਧਕ ਲੱਗਿਆਂ ਵੀ ਕ੍ਰਿਆ, ਕਰਤਾ ਦੇ ਵਚਨ ਅਨੁਸਾਰ ਬਣਦੀ ਹੈ। ਬੰਗਾਲੀ ਉਦਾਹਰਨ :

ਬ੍ਰਿਧ ਬਾਲਕ ਕੇ ਮਾਰਿਯਾਛੇ (ਬੁੱਢੇ ਨੇ ਮੁੰਡੇ ਨੂੰ ਮਾਰਿਆ)

Sri Satguru Jagjit Singh Ji Elibrary NamdhariElibrary@gmail.com

ਪਿਤਾ ਪੁਤ੍ਰ ਕੇ ਕਹਿਯਾਛੇਨ (ਪਿਤਾ ਨੇ ਪੁਤ੍ਰ ਨੂੰ ਦੱਸਿਆ)
(ਇਥੇ ਕਹਿਯਾਛੇਨ ਬਹੁਵਚਨ ਹੈ—ਆਦਰ ਸੂਚਕ ਬਹੁਵਚਨ, ਕਰਤਾ, 'ਪਿਤਾ' ਅਨੁਸਾਰ)

ਉਪਰੋਕਤ ਵਿਵਰਨ ਤੋਂ ਸਿੱਧ ਹੈ ਕਿ ਪੱਛਮੀ ਭਾਸ਼ਾਵਾਂ, ਖਾਸ ਕਰ ਪੰਜਾਬੀ ਦੇ ਸਾਧਾਰਨ ਭੂਤ ਦੀ ਬਣਤਰ ਸੰਸਕ੍ਰਿਤ ਦੀ ਮਰਯਾਦਾ ਅਨੁਸਾਰ ਹੈ, ਪਰ ਪੂਰਬੀ ਭਾਸ਼ਾਵਾਂ. ਇਸ ਮਰਯਾਦਾ ਨੂੰ, ਬਹੁਤ ਕੁਝ, ਤਿਆਗ ਚੁੱਕੀਆਂ ਹਨ ।

## ਪੰਜਾਬੀ ਵਾਕ ਵਿਚ ਵਿਜੋਗਾਤਮਕਤਾ ਤੇ ਸੰਜੋਗਾਤਮਕਤਾ ਦੇ ਚਿੰਨ੍ਹ

ਨਵੀਨ-ਭਾਰਤੀ-ਆਰੀਆ-ਭਾਸ਼ਾਵਾਂ (New-Indo-Aryan Languages) ਵਿਚੋਂ ਪੱਛਮੀ ਹਿੰਦੀ ਸਭ ਤੋਂ ਵਧੇਰੇ ਵਿਜੋਗਾਤਮਕ ਹੈ । ਪੰਜਾਬੀ ਵੀ ਬਹੁਤ ਹੱਦ ਤਕ ਵਿਜੋਗਤਾਮਕ (analytic) ਹੈ, ਪਰ ਇਸ ਵਿਚ ਸੰਜੋਗਾਤਮਕਤਾ (synthesis) ਦੇ ਕੁਝ ਚਿੰਨ੍ਹ ਅਜੇ ਬਾਕੀ ਹਨ ।

ਪ੍ਰਾਚੀਨ-ਭਾਰਤੀ-ਆਰੀਆ (Old-Indo-Aryan) (ਵੈਦਿਕ ਤੇ ਸੰਸਕਿਤ) ਸੰਜੋਗਾਤਮਕ ਭਾਸ਼ਾ ਸੀ, ਅਜੋਕੀਆਂ ਭਾਸ਼ਾਵਾਂ (ਨਵੀਨ-ਭਾਰਤੀ-ਆਰੀਆ ਭਾਸ਼ਾਵਾਂ) ਲਗ-ਪਗ ਵਿਜੋਗਾਤਮਕ ਹੋ ਚੁਕੀਆਂ ਹਨ । ਵਿਜੋਗਾਤਮਕਤਾ ਤੇ ਸੰਜੋਗਤਮਕਤਾ ਦਾ ਇਹ ਅੰਤਰ ਦੋ ਪ੍ਰਕਾਰ ਦੀਆਂ ਵਿਆਕਰਨਿਕ ਤਬਦੀਲੀਆਂ ਨਾਲ ਹੋਇਆ—(ਕ) ਅਜੋਕੀਆਂ ਭਾਸ਼ਾਵਾਂ ਵਾਕ ਵਿਚ ਵਰਤੇ ਗਏ ਸ਼ਬਦਾਂ ਦਾ ਆਪਸੀ ਸੰਬੰਧ ਸੰਬੰਧਕਾਂ (ਨੂੰ, ਤੋਂ, ਵਿਚ, ਦਾ, ਦੇ ਆਦਿ) ਨਾਲ ਪ੍ਰਗਟ ਕਰਦੀਆਂ ਹਨ । ਪ੍ਰਾਚੀਨ ਭਾਸ਼ਾ (ਵੈਦਿਕ, ਸੰਸਕ੍ਰਿਤ) ਵਿਚ ਇਹ ਸੰਬੰਧ ਸ਼ਬਦਾਂ ਨਾਲ ਪਿਛੇਤਰ ਜੋੜ ਕੇ ਦਰਸਾਇਆ ਜਾਂਦਾ ਸੀ—ਅੱਜ ਅਸੀਂ ਕਹਿੰਦੇ ਹਾਂ "ਰਾਮ ਤੋਂ" ਸੰਸਕ੍ਰਿਤ ਵਿਚ ਕਿਹਾ ਜਾਂਦਾ ਸੀ, "ਰਾਮਾਤ੍" । ਇੰਜ ਅੱਠਾਂ ਕਾਰਕਾਂ ਦੇ ਆਧਾਰ ਤੇ ਸੰਸਕ੍ਰਿਤ ਵਿਚ ਕਿਸੇ ਇਕ ਨਾਂਵ ਦੇ 24 ਰੂਪ ਹੋ ਸਕਦੇ ਸਨ, ਅੱਠ ਇਕਵਚਨ, ਅੱਠ ਦੋ-ਵਚਨ ਤੇ ਅੱਠ ਬਹੁਵਚਨ ਦੇ । ਲਿੰਗ ਦੇ ਅੰਤਰ ਨਾਲ ਇਹ ਰੂਪ ਸੰਖਿਆ ਹੋਰ ਵੀ ਕਈ ਗੁਣਾਂ ਹੋ ਜਾਂਦੀ ਸੀ । (ਖ) ਆਧੁਨਿਕ ਭਾਸ਼ਾਵਾਂ ਸਹਾਇਕ ਕ੍ਰਿਆਵਾਂ (ਹਾਂ, ਸੀ, ਹੋ ਆਦਿ) ਦੀ ਵਰਤੋਂ ਕਰਦੀਆਂ ਹਨ । ਪ੍ਰਾਚੀਨ ਭਾਸ਼ਾ ਵਿਚ ਸਹਾਇਕ ਕ੍ਰਿਆਵਾਂ ਨਹੀਂ ਸਨ, ਮੂਲ ਕ੍ਰਿਆ ਦੇ ਰੂਪ ਵਿਚ ਹੀ ਪਰਿਵਰਤਨ ਕਰ ਕੇ ਅਰਥ-ਭੇਦ ਪ੍ਰਗਟ ਕੀਤਾ ਜਾਂਦਾ ਸੀ; ਕ੍ਰਿਆ ਦੇ ਰੂਪ ਤੋਂ ਹੀ ਕਰਤਾ ਦੇ ਪੁਰਖ, ਵਚਨ ਦਾ, ਅਤੇ ਕ੍ਰਿਆ ਦੇ ਕਾਲ ਆਦਿ ਦਾ ਬੋਧ ਹੁੰਦਾ ਸੀ । ਸੰਸਕ੍ਰਿਤ ਵਿਚ ਕਿਹਾ ਜਾਂਦਾ ਸੀ, "ਸ: ਗੱਛਤਿ", ਅੱਜ ਅਸੀਂ ਕਹਿੰਦੇ ਹਾਂ, "ਉਹ ਜਾਂਦਾ ਏ" ।

ਉਤੇ (ਕ) ਵਿਚ ਆਇਆ ਸੰਸਕ੍ਰਿਤ 'ਰਾਮਾਤ੍' ਸੰਜੋਗਾਤਮਕ ਹੈ, ਜਿਸ ਦਾ ਵਿਜੋਗਾਤਮਕ ਰੂਪ, ਪੰਜਾਬੀ 'ਰਾਮ ਤੋਂ' ਬਣਿਆ । ਇਵੇਂ ਹੀ (ਖ) ਵਿਚ ਸੰਸਕ੍ਰਿਤ 'ਗੱਛਤਿ' (गच्छति) ਸੰਜੋਗਾਤਮਕ ਹੈ ਤੇ ਪੰਜਾਬੀ 'ਜਾਂਦਾ ਏ' ਵਿਜੋਗਤਾਮਕ ।

ਪੰਜਾਬੀ ਦੇ ਕ੍ਰਿਆ-ਰੂਪਾਂ ਵਿਚੋਂ ਕਈ ਅਜੇ ਸੰਜੋਗਾਤਮਕ ਹਨ, ਪਰ ਵਧੇਰੇ ਵਿਜੋਗਾਤਮਕ ਹੋ ਚੁਕੇ ਹਨ । ਕਾਰਕ ਰੂਪਾਂ ਵਿਚ ਕੇਵਲ ਕਿਤੇ-ਕਿਤੇ ਸੰਜੋਗਾਤਮਕਤਾ ਦੇ ਲੱਛਣ ਬਾਕੀ ਹਨ । ਇਹ ਨੁਕਤਾ ਸਪਸ਼ਟ ਕਰਨ ਲਈ ਹੇਠਾਂ ਨਾਂਵ 'ਘੋੜਾ' ਦੇ ਪੰਜਾਬੀ ਤੇ ਹਿੰਦੀ ਕਾਰਕ ਰੂਪ ਦਿੱਤੇ ਜਾਂਦੇ ਹਨ :

| ਕਾਰਕ | ਪੰਜਾਬੀ | ਹਿੰਦੀ |
|---|---|---|
| ਕਰਤਾ | ਘੋੜਾ | ਘੋੜਾ |

Sri Satguru Jagjit Singh Ji Elibrary NamdhariElibrary@gmail.com

| | | |
|---|---|---|
| ਕਰਮ | ਘੋੜੇ ਨੂੰ | ਘੋੜੇ ਕੋ |
| ਕਰਣ | ਘੋੜੇ ਨਾਲ, ਰਾਹੀਂ | ਘੋੜੇ ਸੇ, ਦ੍ਵਾਰਾ |
| ਸੰਪ੍ਰਦਾਨ | ਘੋੜੇ ਲਈ, ਨੂੰ | ਘੋੜੇ ਕੇ ਲੀਏ |
| ਅਪਾਦਾਨ | ਘੋੜਿਓਂ, ਘੋੜੇ ਤੋਂ | ਘੋੜੇ ਸੇ, ਘੋੜੇ ਪਰ ਸੇ |
| ਅਧੀਕਰਣ | ਘੋੜੇ ਤੇ, ਵਿਚ | ਘੋੜੇ ਪਰ, ਮੇਂ |
| ਸੰਬੰਧ | ਘੋੜੇ ਦਾ, ਦੀ | ਘੋੜੇ ਕਾ, ਕੀ |
| ਸੰਬੋਧਨ | ਘੋੜਿਆ | ਓ ਘੋੜੇ |

ਉਪਰੋਕਤ ਸੂਚੀ ਤੋਂ ਪਤਾ ਲਗਦਾ ਹੈ ਕਿ ਹਿੰਦੀ ਵਿਚ ਕੇਵਲ ਦੋ ਹੀ ਰੂਪ ਹਨ 'ਘੋੜਾ' ਤੇ 'ਘੋੜੇ'। ਕਾਰਕ-ਭੇਦ ਦੂਸਰੇ ਰੂਪ (ਘੋੜੇ) ਨਾਲ ਸੰਬੰਧਕ ਲਾ ਕੇ ਦਰਸਾਇਆ ਜਾਂਦਾ ਹੈ । ਪੰਜਾਬੀ ਵਿਚ ਇਸੇ ਨਾਂਵ ਦੇ ਅੱਜ ਚਾਰ ਰੂਪ ਆਮ ਵਰਤੋਂ ਵਿਚੋਂ ਹਨ। 'ਘੋੜਾ, ਘੋੜੇ, ਘੋੜਿਓਂ (ਅਪਾਦਾਨ), ਘੋੜਿਆ (ਸੰਬੋਧਨ) । ਕੁਝ 'ਕੁ ਨਾਂਵਾਂ ਦੇ ਪੰਜਾਬੀ ਵਿਚ ਹੋਰਨਾਂ ਕਾਰਕਾਂ ਦੇ ਸੰਜੋਗਾਤਮਕ ਰੂਪ ਵੀ ਮਿਲਦੇ ਹਨ, ਜਿੱਦਾਂ 'ਹੱਥਾਂ ਨਾਲ ਕੀਤਾ' ਦੀ ਥਾਂ 'ਹੱਥੀਂ ਕੀਤਾ' ਤੇ 'ਪੈਰਾਂ ਨਾਲ ਤੁਰ ਕੇ' ਦੀ ਥਾਂ 'ਪੈਰੀਂ ਤੁਰ ਕੇ' ਕਰਣ ਕਾਰਕ ਦੇ ਸੰਜੋਗਾਤਮਕ ਰੂਪ ਹਨ । ਏਦਾਂ ਹੀ /ਸ਼ੇ'ਰੀਂ ਵਸਦੇ/, /ਕ'ਰੀਂ ਬੈਠੇ/ ਆਦਿ ਵਿਚ /ਸ਼ੇ'ਰੀਂ/, /ਕ'ਰੀਂ/ (ਘਰੀਂ) ਅਧਿਕਰਣ ਕਾਰਕ ਦੇ ਸੰਜੋਗਾਤਮਕ ਉਦਾਹਰਨ ਹਨ। ਇਹੋ ਹੀ ਪੰਜਾਬੀ ਕਾਰਕ ਰੂਪਾਂ ਵਿਚ ਸੰਜੋਗਾਤਮਕਤਾ ਦੇ ਚਿੰਨ੍ਹ ਹਨ, ਕਿਉਂਕਿ ਇਨ੍ਹਾਂ ਕਾਰਕ-ਰੂਪਾਂ ਵਿਚ ਵੱਖਰਾ ਸ਼ਬਦ (ਸੰਬੰਧਕ) ਲਾਉਣ ਦੀ ਥਾਂ ਨਾਂਵ ਦੇ ਨਾਲ ਪਿਛੇਤਰ ਜੋੜ ਕੇ ਕੰਮ ਚਲਾ ਲਿਆ ਜਾਂਦਾ ਹੈ।

ਕ੍ਰਿਆ ਰੂਪਾਂ ਵਿਚੋਂ ਕਈ ਵਿਜੋਗਾਤਮਕ ਹਨ, /ਕਰਦਾ ਸਾਂ/, /ਬੈਠੇ ਨੇਂ/ ਆਦਿ। ਇਥੇ ਮੂਲ ਕ੍ਰਿਆ ਦੇ ਨਾਲ ਵੱਖਰੀ ਸਹਾਇਕ ਕ੍ਰਿਆ (ਸਾਂ, ਨੇਂ) ਵਰਤੀ ਗਈ ਹੈ।

ਕਈ ਕ੍ਰਿਆ ਰੂਪ ਸੰਜੋਗਾਤਮਕ ਹਨ : /ਮੈਂ ਜਾਵਾਂ/, /ਅਸੀਂ ਜਾਈਏ/, /ਤੂੰ ਜਾ/, /ਤੁਸੀਂ ਜਾਓ/ /ਉਹ ਜਾਏ/, /ਉਹ ਜਾਣ/। ਇਨ੍ਹਾਂ ਵਾਕਾਂ ਵਿਚ ਵਚਨ ਪੁਰਖ-ਭੇਦ ਦੱਸਣ ਲਈ 'ਕ੍ਰਿਆ' /ਜਾ/ ਨੂੰ ਵੱਖ-ਵੱਖ ਪਿਛੇਤਰ ਲਾਏ ਗਏ ਹਨ, ਕੋਈ ਵੱਖਰਾ ਸ਼ਬਦ ਨਹੀਂ ਵਰਤਿਆ ਗਿਆ। ਸਾਧਾਰਨ ਭਵਿਖਤ ਦੇ ਰੂਪ- /ਮੈਂ ਜਾਵਾਂਗਾ/ /ਅਸੀਂ ਜਾਂਵਾਂਗੇ/ ਆਦਿ ਵੀ ਸੰਜੋਗਾਤਮਕ ਹਨ।

ਕਈ ਕ੍ਰਿਆ ਰੂਪ ਰਲੇ ਵੀ ਹਨ : /ਮੈਂ ਜਾਇਆ ਕਰਾਂ/, /ਅਸੀਂ ਜਾਇਆ ਕਰੀਏ/, /ਤੂੰ ਜਾਇਆ ਕਰੀਂ/, /ਤੁਸੀਂ ਜਾਇਆ ਕਰਿਓ/ ਆਦਿ ਵਿਜੋਗਾਤਮਕ ਜਾਪਦੇ ਹਨ, ਕਿਉਂਕਿ ਇਨ੍ਹਾਂ ਰੂਪਾਂ ਵਿਚ /ਜਾਇਆ/ ਤੇ /ਕਰ/ ਦੋ ਵੱਖ ਵੱਖ ਕ੍ਰਿਆਵਾਂ ਵਰਤੀਆਂ ਗਈਆਂ ਹਨ । ਪਰ ਵਚਨ-ਪੁਰਖ-ਭੇਦ ਲਈ /ਕਰ/ ਨੂੰ ਪਿਛੇਤਰ ਲਾਏ ਗਏ ਹਨ, ਜੋ ਸੰਜੋਗਾਮਕਤਾ ਦਾ ਲੱਛਣ ਹੈ। ਫੇਰ ਵੀ ਪੰਜਾਬੀ ਦੇ ਕ੍ਰਿਆ ਰੂਪ ਇੱਨੇ ਸੰਜੋਗਾਤਮਕ ਨਹੀਂ ਰਹੇ ਜਿੰਨੇ ਪ੍ਰਾਚੀਨ ਭਾਸ਼ਾ ਵਿਚ ਹੁੰਦੇ ਸਨ।

ਇਸ ਸਾਰੀ ਵਿਚਾਰ ਦਾ ਸਾਰ-ਅੰਸ਼ ਇਹ ਨਿਕਲਿਆ ਕਿ ਪੰਜਾਬੀ ਸੰਸਕ੍ਰਿਤ ਨਾਲੋਂ ਬਹੁਤ ਜ਼ਿਆਦਾ ਵਿਜੋਗਾਤਮਕ ਹੋ ਚੁਕੀ ਹੈ, ਪਰ ਅਜੇ ਇਸ ਵਿਚ ਸੰਜੋਗਾਤਮਕਤਾ ਦਾ ਕੁਝ ਪ੍ਰਭਾਵ ਬਚਿਆ ਹੋਇਆ ਹੈ ; ਤੇ ਇਹ ਹਿੰਦੀ ਨਾਲੋਂ ਘਟ ਵਿਜੋਗਾਤਮਕ ਹੈ, ਕਿਉਂਕਿ ਪੰਜਾਬੀ ਦੇ ਕਾਰਕ-ਰੂਪ ਹਿੰਦੀ ਨਾਲੋਂ ਘਟ ਵਿਜੋਗਾਤਮਕ ਹਨ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਦੀਆਂ ਉਪਭਾਸ਼ਾਵਾਂ ਤੇ ਬੋਲੀਆਂ ਵਿਚ ਸੰਜੋਗਾਤਮਕਤਾ (ਅਥਵਾ ਵਿਜੋਗਾਤਮਕਤਾ) ਦਾ ਅੰਸ਼ ਵੱਖ-ਵੱਖ ਮਾਤ੍ਰਾ ਵਿਚ ਹੈ। ਉਪਰੋਕਤ ਵਰਨਨ ਕੇਂਦ੍ਰੀ ਪੰਜਾਬੀ (ਮਾਝੀ) ਦਾ ਹੈ। ਮਲਵਈ, ਹਿੰਦੀ ਦੇ ਨਾਲ ਲਗਵੀਂ ਬੋਲੀ ਹੋਣ ਕਰਕੇ, ਮਾਝੀ ਨਾਲੋਂ ਵਧੇਰੇ ਵਿਜੋਗਾਤਮਕ ਹੈ । ਮਾਝੀ ਦੇ /ਏਥੋਂ/, /ਓਥੋਂ/, /ਹੱਥੋਂ/ ਦੀ ਥਾਂ ਮਲਵਈ ਵਿਚ ਕ੍ਰਮਵਾਰ, /ਏਥੇ ਤੇ/, /ਓਥੇ ਤੇ/ /ਹੱਥ ਤੇ/ ਬੋਲਿਆ ਜਾਂਦਾ ਹੈ, ਇੰਜ ਅਪਾਦਾਨ ਕਾਰਕ ਦਾ ਜਿਹੜਾ ਰੂਪ ਮਾਝੀ ਦੇ ਹਰ ਨਾਂਵ ਵਿਚ ਸੰਜੋਗਾਤਮਕ ਮਿਲਦਾ ਹੈ, ਮਲਵਈ ਵਿਚ ਵਧੇਰੇ ਵਿਜੋਗਾਤਮਕ ਹੈ। ਮਲਵਈ ਕ੍ਰਿਆ-ਰੂਪਾਂ ਵਿਚ ਵੀ ਸੰਜੋਗਾਤਮਕਤਾ ਘੱਟ ਹੈ। ਇਸ ਸੰਬੰਧ ਵਿਚ ਹੇਠਾਂ ਦਿੱਤੇ ਭੂਤ ਕਾਲ ਦੇ ਰੂਪ ਵਿਚਾਰ-ਯੋਗ ਹਨ :

ਮਾਝੀ : /ਮੈਂ ਸਾਂ/, /ਅਸੀਂ ਸਾਂ/, /ਤੂੰ ਸੈਂ/, /ਤੁਸੀਂ ਸਓ/, /ਉਹ ਸੀ/, /ਉਹ ਸਨ/ ।

ਮਲਵਈ : /ਮੈਂ ਸੀ/, /ਅਸੀਂ ਸੀ/, /ਤੂੰ ਸੀ/, /ਤੁਸੀਂ ਸੀ/, /ਉਹ ਸੀ/, /ਉਹ ਸੀ/ ।

ਮਲਵਈ ਵਿਚ ਕ੍ਰਿਆ ਦਾ ਇਕੋ ਹੀ ਰੂਪ /ਸੀ/ ਛਿਆਂ ਅਵਸਥਾਵਾਂ ਨਾਲ ਵਰਤਿਆ ਜਾਂਦਾ ਹੈ, ਪਰ ਮਾਝੀ ਵਿਚ ਪਿਛੇਤਰ ਬਦਲ ਬਦਲ ਕੇ ਪੰਜ ਰੂਪ ਬਣਦੇ ਹਨ। ਕ੍ਰਿਆ ਰੂਪਾਂ ਦੀ ਇਕਸਾਰਤਾ ਵੀ ਵਿਜੋਗਾਤਮਕਤਾ ਦਾ ਹੀ ਚਿੰਨ੍ਹ ਹੈ।

ਲਹਿੰਦੀ (ਵਿਸ਼ੇਸ਼ ਕਰਕੇ ਮੁਲਤਾਨੀ), ਮਾਝੀ ਨਾਲੋਂ ਵਧੇਰੇ ਸੰਜੋਗਾਤਮਕ ਹੈ, ਕਿਉਂਕਿ ਲਹਿੰਦੀ ਵਿਚ ਕ੍ਰਿਆ ਨਾਲ ਪੜਨਾਂਵੀ ਪਿਛੇਤਰਾਂ (pronominal suffixes) ਦੇ ਪ੍ਰਯੋਗ ਦਾ ਵਿਧਾਨ ਹੈ[1] । ਮੁਲਤਾਨੀ /ਗਇਉਮ/ ਦਾ ਮਾਝੀ ਰੂਪਾਂਤਰ ਹੈ /ਮੈਂ ਗਿਆ/, ਤੇ /ਲਿਖਿਉਸੁ/ ਲਈ ਮਾਝੀ ਵਿਚ ਕਹਿੰਦੇ ਹਾਂ /ਓਨ ਲਿਖਿਆ/। ਇਥੇ ਮੁਲਤਾਨੀ /ਗਇਉਮ/ ਦਾ '-ਮ' ਪੜਨਾਂਵ 'ਮੈਂ' ਦਾ ਪ੍ਰਤਿਨਿਧਿ ਹੈ, ਤੇ /ਲਿਖਿਉਸ/ ਦਾ 'ਸੁ' ਪੜਨਾਂਵ 'ਉਹ' (ਇਕਵਚਨ) ਦਾ। ਇੰਜ ਮਾਝੀ ਵਿਚ ਜਿਹੜੀ ਗੱਲ ਦੋਂਹ ਸ਼ਬਦਾਂ ਨਾਲ ਕਹੀ ਗਈ ਹੈ, ਉਹ ਮੁਲਤਾਨੀ ਵਿਚ, ਸ਼ਬਦ-ਗੋਂਦ, ਅਥਵਾ ਪਿਛੇਤਰਾਂ ਦੀ ਸਹਾਇਤਾ ਨਾਲ, ਇਕੋ ਸ਼ਬਦ ਨਾਲ ਪੂਰੀ ਹੋ ਜਾਂਦੀ ਹੈ। ਕਈ ਵਾਰੀ ਤਾਂ ਮੁਲਤਾਨੀ ਦਾ ਇਕ ਸ਼ਬਦ ਮਾਝੀ ਦੇ ਤਿੰਨਾਂ ਸ਼ਬਦਾਂ ਦੀ ਥਾਂ ਮੱਲਦਾ ਹੈ—ਕਰਤਾ, ਕਰਮ ਤੇ ਕ੍ਰਿਆ ਤਿੰਨੇ ਇਕੋ ਸ਼ਬਦ ਵਿਚ ਪਰੋ ਦਿੱਤੇ ਜਾਂਦੇ ਹਨ—/ਮਰੇਸੀਆਈ/ (ਉਹ ਤੈਨੂੰ ਮਾਰੇਗਾ) ਅਜੇਹੇ ਗੋਂਦਵੇਂ ਸ਼ਬਦਾਂ ਦਾ ਇਕ ਨਮੂਨਾ ਹੈ।

ਡੋਗਰੀ[2] ਉੱਨੀ ਹੀ ਵਿਜੋਗਾਤਮਕ ਹੈ ਜਿੰਨੀ ਮਾਝੀ, ਸਗੋਂ ਮਾਝੀ ਨਾਲੋਂ ਵੀ ਕੁਝ ਵਧੇਰੇ, ਪਰ ਇਸ ਵਿਚ ਪਿਛੇਤਰਾਂ ਦੀ ਵਰਤੋਂ ਪੰਜਾਬੀ ਦੀਆਂ ਬਾਕੀ ਉਪਭਾਸ਼ਾਵਾਂ ਨਾਲੋਂ ਬਹੁਤ ਜ਼ਿਆਦਾ ਹੈ। ਇਹ ਪਿਛੇਤਰ ਨਾਂਵ ਨਾਲ ਵੀ ਲਗਦੇ ਹਨ ਤੇ ਕ੍ਰਿਆ ਨਾਲ ਵੀ। ਮਾਝੀ, ਮਲਵਈ ਆਦਿ ਵਿਚ ਕੁਝ ਨਾਂਵਾਂ ਦੇ ਸਾਧਾਰਨ ਰੂਪ (direct form) ਨਾਲ ਸੰਬੰਧਕ ਲਾਏ ਜਾਂਦੇ ਹਨ : /ਹੱਥ ਨਾਲ/, /ਪੁਲ਼ ਤੇ/, /ਪਾਣੀ ਦਾ/। ਪਰ ਜਿਹੜੇ ਪੁਲਿੰਗ ਨਾਂਵ ਦੇ ਅੰਤ ਵਿਚ /–ਆ/ ( ਾ ) ਹੋਵੇ, ਉਸ ਦੇ ਨਾਲ ਸੰਬੰਧਕ ਲਾਉਣ ਤੋਂ ਪਹਿਲਾਂ

---

1. ਮਾਝੀ ਵਿਚ ਵੀ ਅਜੇ ਤਕ ਕੁਝ ਪੜਨਾਂਵੀ ਪਿਛੇਤਰ ਵਰਤੇ ਜਾਂਦੇ ਹਨ : /ਕੀ ਕੀਤਾਈ/ ਦਾ ਅੰਤਿਮ /-ਈ/ 'ਤੂੰ' ਦਾ ਬੋਧਕ ਹੈ : /ਆਖਿਓਸੁ/ ਦਾ ਅੰਤਿਮ /-ਸੁ/ 'ਓਨ' ਲਈ ਆਇਆ ਹੈ ; /ਆਖਿਓਜੇ/ ਦਾ /-ਜੇ/ 'ਤੁਸੀਂ' ਦੀ ਥਾਂ ਪੂਰੀ ਕਰਦਾ ਹੈ। ਪਰ ਮਾਝੀ ਵਿਚੋਂ ਇਨ੍ਹਾਂ ਪਿਛੇਤਰਾਂ ਦੀ ਵਰਤੋਂ ਹੁਣ ਖ਼ਤਮ ਹੁੰਦੀ ਜਾ ਰਹੀ ਹੈ। ਮਲਵਈ ਵਿਚ ਅਜੇਹੇ ਪਿਛੇਤਰ ਨਹੀਂ ਮਿਲਦੇ।

2. ਡਾ. ਗ੍ਰੀਅਰਸਨ ਨੇ ਕਾਂਗੜੀ, ਜੰਮੂ ਦੀ ਬੋਲੀ ਤੇ ਦੱਖਣ-ਪੱਛਮੀ ਚੰਬਿਆਲੀ ਨੂੰ ਡੋਗਰੀ ਵਿਚ ਗਿਣਿਆ ਹੈ। ਮੰਡਿਆਲੀ, ਕਲੂਈ ਤੇ ਨਾਲ ਲਗਦੀਆਂ ਕੁਝ ਹੋਰ ਪਹਾੜੀ ਬੋਲੀਆਂ ਵੀ ਬਹੁਤ ਕੁਝ ਡੋਗਰੀ ਨਾਲ ਮਿਲਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਨਾਂਵ ਦਾ ਅੰਤਿਮ /-ਆ/ ਹਟਾ ਕੇ/ /-ਏ/ (ੇ) ਲਾ ਦਿੱਤਾ ਜਾਂਦਾ ਹੈ, ਜਿਵੇਂ /ਬੱਕਰੇ ਦਾ/, /ਮੁੰਡੇ ਨੂੰ/ , /ਆਟੇ ਵਿਚ/[1]।

ਡੋਗਰੀ ਵਿਚ ਸੰਬੰਧਕ ਲਾਉਣ ਤੋਂ ਪਹਿਲਾਂ ਹਰ ਨਾਂਵ ਦੇ ਪਿੱਛੇ /-ਏ/ (ੇ) ਜਾਂ /-ਆ/ (ਾ) ਲਾਇਆ ਜਾਂਦਾ ਹੈ, ਜਿਵੇਂ /ਹੱਥੇ ਨਾਲ/ /ਪੁਲਾ ਪਰ/, /ਪਾਣੀਏ ਦਾ/, /ਮੁੜੇ ਕੀ/, /ਆਟੇ ਬਿੱਚ/।

ਡੋਗਰੀ ਦੇ ਕ੍ਰਿਆ-ਰੂਪਾਂ ਵਿਚ ਵੀ ਪਿਛੇਤਰ /-ਆ/ (ਾ) ਜਾਂ /-ਈ/ (ੀ) ਲਾਇਆ ਜਾਂਦਾ ਹੈ, ਜਿਵੇਂ : /ਆਖਾ ਦਾ/ (ਆਖਦਾ ਹੈ), /ਲਿਖਾਦਾ ਹਾ/ (ਲਿਖਦਾ ਸੀ), /ਰੱਖੀ ਛੋੜ/ (ਰੱਖ ਛੱਡ), /ਸੁਣੀਂ ਕਰ/ (ਸੁਣ ਕੇ) ਆਦਿ।

ਇਨ੍ਹਾਂ ਉਦਾਹਰਨਾਂ ਤੋਂ ਵੇਖਿਆ ਜਾ ਸਕਦਾ ਹੈ ਕਿ ਭਾਵੇਂ ਡੋਗਰੀ ਨੇ ਪਿਛੇਤਰ ਲਾਉਣ ਦੀ ਸੰਜੋਗਾਤਮਕ ਰੁਚੀ ਅਜੇ ਸੰਭਾਲੀ ਹੋਈ ਹੈ ਪਰ ਇਹ ਪਿਛੇਤਰ ਭਾਸ਼ਾ ਨੂੰ ਸੁਕੜਵਾਂ ਰੂਪ ਦੇਣ ਵਾਲੇ ਨਹੀਂ। ਜੇ ਪਿਛੇਤਰ ਤੋਂ ਸੰਬੰਧਕ ਜਾਂ ਸਹਾਇਕ ਕ੍ਰਿਆ ਦਾ ਕੰਮ ਲਿਆ ਜਾਵੇ ਤਾਂ ਭਾਸ਼ਾ ਸੰਜੋਗਾਤਮਕ ਬਣਦੀ ਹੈ, ਪਰ ਜੇ ਪਿਛੇਤਰ ਦੇ ਨਾਲ ਸੰਬੰਧਕ, ਸਹਾਇਕ ਕ੍ਰਿਆਵਾਂ ਆਦਿ ਵੀ ਲਾਉਣੀਆਂ ਪੈਣ ਤਾਂ ਅਜੇਹੀ ਭਾਸ਼ਾ ਨੂੰ ਵਿਜੋਗਾਤਮਕ ਹੀ ਕਹਿਣਾ ਚਾਹੀਦਾ ਹੈ।

ਵਾਸਤਵ ਵਿਚ ਕੋਈ ਵੀ ਭਾਰਤੀ, ਆਰੀਆ ਭਾਸ਼ਾ ਪੂਰੀ ਤਰ੍ਹਾਂ ਵਿਜੋਗਾਤਮਕ ਨਹੀਂ। ਪੂਰਨ-ਵਿਜੋਗਾਤਮਕ ਅਵਸਥਾ ਤਾਂ ਉਹ ਹੋ ਸਕਦੀ ਹੈ ਜਦੋਂ ਹਰ ਪ੍ਰਕਾਰ ਦਾ ਭਾਸ਼ਾਈ ਸੰਬੰਧ ਪ੍ਰਗਟ ਕਰਨ ਲਈ, ਅਥਵਾ ਵਿਸ਼ੇ ਦਾ ਹਰ ਵੱਖਰਾ ਪੱਖ ਜ਼ਾਹਿਰ ਕਰਨ ਲਈ, ਵੱਖਰਾ ਸ਼ਬਦ ਵਰਤਿਆ ਜਾਵੇ। ਇਹ ਨੁਕਤਾ ਹੇਠਾਂ ਦਿੱਤੇ ਗਏ ਉਦਾਹਰਨਾਂ ਤੋਂ ਸਪਸ਼ਟ ਹੋ ਜਾਏਗਾ :

ਪੰਜਾਬੀ ਤੇ ਹਿੰਦੀ ਵਿਚ 'ਘੋੜਾ' ਇਕਵਚਨ ਪੁਲਿੰਗ ਹੈ। ਇਸ ਦਾ ਬਹੁ-ਵਚਨ ਬਣਾਉਣ ਲਈ ਅੰਤਿਮ /-ਆ/ (ਕੰਨੇ) ਨੂੰ /-ਏ/ (ਲਾਂ) ਵਿਚ ਬਦਲਿਆ ਜਾਂਦਾ ਹੈ, ਇੰਜ 'ਘੋੜੇ' ਬਹੁਵਚਨ ਬਣਿਆ। ਪੂਰਬੀ ਭਾਸ਼ਾਵਾਂ ਵਿਚ ਬਹੁਵਚਨ ਦੀ ਸੂਚਨਾ ਦੇਣ ਲਈ ਵੱਖਰਾ ਸ਼ਬਦ ਵਰਤਿਆ ਜਾਂਦਾ ਹੈ। ਬੰਗਾਲੀ ਵਿਚ ਸ਼ਬਦ 'ਘੋੜਾ' ਦਾ ਅਰਥ 'ਇਕ ਘੋੜਾ' ਵੀ ਹੋ ਸਕਦਾ ਹੈ ਤੇ 'ਬਹੁਤੇ ਘੋੜੇ' ਵੀ। ਪਰ ਜੇ 'ਇਕਵਚਨ' ਅਥਵਾ 'ਬਹੁਵਚਨ' ਦੀ ਸੂਚਨਾ ਦੇਣੀ ਜ਼ਰੂਰੀ ਹੋਵੇ ਤਾਂ ਵਾਧੂ ਸ਼ਬਦ ਵਰਤਣੇ ਪੈਣਗੇ—'ਘੋੜਾ ਟੀ' ਦਾ ਅਰਥ ਹੈ 'ਇਕ ਘੋੜਾ' ਤੇ 'ਘੋੜਾ ਗੁਲਿ' ਦਾ 'ਘੋੜੇ'। ਇਵੇਂ ਹੀ ਉੜੀਆ ਵਿਚ 'ਘੋੜਾ ਟੀ' ਤੇ 'ਘੋੜਾ ਮਾਨੇ' ਦਾ ਭਾਵ ਕ੍ਰਮਵਾਰ 'ਘੋੜੇ' ਤੇ 'ਘੋੜੇ' ਹੈ। ਸੋ ਪੰਜਾਬੀ ਤੇ ਹਿੰਦੀ ਦੇ ਸ਼ਬਦ 'ਘੋੜੇ' ਵਿਚ ਵੀ ਸੰਜੋਗਾਤਮਕਤਾ ਦਾ ਅੰਸ਼ ਸਪਸ਼ਟ ਹੈ।

ਫੇਰ ਪੰਜਾਬੀ ਤੇ ਹਿੰਦੀ ਵਿਚ ਲਿੰਗ ਦਾ ਅੰਤਰ ਵੀ ਪਿਛੇਤਰ ਨਾਲ ਦੱਸਿਆ ਜਾਂਦਾ ਹੈ। 'ਘੋੜਾ' ਪੁਲਿੰਗ ਹੈ ਤੇ ਇਸੇ ਦੇ ਅੰਤਿਮ -ਆ ਦੀ ਥਾਂ –ਈ ਲਾਇਆਂ 'ਘੋੜੀ' ਇਸਤ੍ਰੀ ਲਿੰਗ ਬਣ ਗਿਆ। ਪਰ ਬੰਗਾਲੀ ਵਿਚ 'ਘੋੜੀ' ਲਈ ਵੀ ਸ਼ਬਦ 'ਘੋੜਾ' ਹੀ ਵਰਤਿਆ ਜਾਂਦਾ ਹੈ। ਜੇ ਲਿੰਗ ਦੱਸਣਾ ਜ਼ਰੂਰੀ ਹੋਵੇ ਤਾਂ ਵਾਧੂ ਸ਼ਬਦ ਵਰਤਣਾ ਪਵੇਗਾ। ਫ਼ਾਰਸੀ ਤੇ ਅੰਗ੍ਰੇਜ਼ੀ ਵਿਚ ਵੀ ਕਈ ਥਾਈਂ ਇਹ ਵਿਧੀ ਵਰਤੀ ਗਈ ਹੈ। ਫ਼ਾਰਸੀ ਵਿਚ 'ਨਰ'

1. ਨਾਂਵ ਦੇ ਇਸ ਰੂਪ ਨੂੰ ਵਿਕ੍ਰਿਤ ਜਾਂ ਤਿਰਛਾ (oblique form) ਕਿਹਾ ਜਾਂਦਾ ਹੈ, ਤੇ /ਬਕਰਾ /ਮੁੰਡਾ/, /ਆਟਾ/ ਆਦਿ ਨੂੰ ਸਾਧਾਰਨ ਜਾਂ ਸਿੱਧਾ ਰੂਪ (direct form)।

Sri Satguru Jagjit Singh Ji Elibrary NamdhariElibrary@gmail.com

ਤੇ 'ਮਾਦਾ' ਸ਼ਬਦ ਵਰਤ ਕੇ,—ਜਿਵੇਂ 'ਸ਼ੇਰੇ ਨਰ' (ਸ਼ੇਰ), ਤੇ 'ਸ਼ੇਰੇ ਮਾਦਾ' (ਸ਼ੇਰਨੀ), ਅਤੇ ਅੰਗ੍ਰੇਜ਼ੀ ਵਿਚ 'ਹੀ' (he) ਤੇ 'ਸ਼ੀ' (she) ਜੋੜ ਕੇ, ਜਿਵੇਂ 'ਹੀ ਗੋਟ' (he goat) (ਬੱਕਰਾ), 'ਸ਼ੀ ਗੋਟ' (she goat) (ਬੱਕਰੀ)। ਇੰਜ ਪੰਜਾਬੀ ਅਥਵਾ, ਹਿੰਦੀ ਦਾ ਸ਼ਬਦ 'ਘੋੜੀ' ਵੀ ਸੰਜੋਗਾਤਮ ਰੂਪ ਹੈ।

ਇਸ ਆਧਾਰ ਤੇ ਹਿੰਦੀ-ਪੰਜਾਬੀ ਦੇ ਕ੍ਰਿਆ-ਰੂਪ ਤਾਂ ਵਧੇਰੇ ਸੰਜੋਗਾਤਮਕ ਹੀ ਹਨ। ਪੰਜਾਬੀ ਦੀ ਕ੍ਰਿਆ /ਜਾ/ ਨਾਲ ਪਿਛੇਤਰ ਲਾ ਕੇ /ਜਾਏ/ ਬਣ ਜਾਂਦਾ ਹੈ, ਜਿਵੇਂ - /ਉਹ ਜਾਏ/। ਅੰਗ੍ਰੇਜ਼ੀ ਵਿਚ ਇਸੇ ਅਰਥ ਵਾਲੀ ਕ੍ਰਿਆ 'ਗੋ' (go) ਨਾਲ ਇਕ ਹੋਰ ਸ਼ਬਦ ਜੋੜ ਕੇ ਇਹ ਰੂਪ ਬਣਦਾ ਹੈ—'ਹੀ ਸ਼ੁੱਡ ਗੋ' (he should go) ਅਰਥਾਤ ਜੋ ਕੰਮ ਪੰਜਾਬੀ ਪਿਛੇਤਰ /-ਏ/ ਨੇ ਦਿੱਤਾ ਹੈ, ਉਸ ਦੇ ਲਈ ਅੰਗ੍ਰੇਜ਼ੀ ਵਿਚ ਵੱਖਰਾ ਸ਼ਬਦ 'ਸ਼ੁੱਡ' (should) ਵਰਤਣਾ ਪਿਆ। ਫੇਰ ਇਸੇ ਕ੍ਰਿਆ ਦਾ ਭਵਿਖਤ ਰੂਪ ਬਣਾਉਣ ਲਈ ਪੰਜਾਬੀ ਇਕ ਹੋਰ ਪਿਛੇਤਰ ਲਾ ਦੇਂਦੀ ਹੈ- /ਉਹ ਜਾਏਗਾ/। ਪਰ ਅੰਗ੍ਰੇਜ਼ੀ ਇਥੇ ਵੀ ਇਕ ਵਾਧੂ ਸ਼ਬਦ ਜੋੜਦੀ ਹੈ- 'ਹੀ ਵਿੱਲ ਗੋ' (he will go)

ਪੱਛਮੀ ਹਿੰਦੀ ਦੇ ਕ੍ਰਿਆ-ਰੂਪ ਵੀ ਠੀਕ ਪੰਜਾਬੀ ਵਰਗੇ ਹਨ। 'ਵੁਹ ਜਾਏ', 'ਵੁਹ ਜਾਏਗਾ'। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੱਛਮੀ ਹਿੰਦੀ ਨੂੰ ਭਾਵੇਂ ਅਸਾਂ ਭਾਰਤੀ-ਆਰੀਆ-ਭਾਸ਼ਾਵਾਂ ਵਿਚੋਂ ਸਭ ਤੋਂ ਵੱਧ ਵਿਜੋਗਾਤਮਕ ਮੰਨਿਆ ਹੈ, ਪਰ ਉਹ ਵੀ ਅਜੇ ਚੋਖੀ ਸੰਜੋਗਾਤਮਕ ਹੈ।

ਫੇਰ ਵੀ ਪੱਛਮੀ ਹਿੰਦੀ ਤੇ ਪੰਜਾਬੀ ਸੰਸਕ੍ਰਿਤ ਨਾਲੋਂ ਬਹੁਤ ਜ਼ਿਆਦਾ ਵਿਜੋ-ਗਾਤਮਕ ਹੋ ਚੁਕੀਆਂ ਹਨ। ਇਨ੍ਹਾਂ ਭਾਸ਼ਾਵਾਂ ਵਿਚ ਨ ਤਾਂ ਸੰਸਕ੍ਰਿਤ ਵਾਲੇ ਸੰਜੋਗਾਤਮਕ ਵਿਭਕਤੀ-ਰੂਪ ਹੀ ਬਚੇ ਹਨ ਤੇ ਨ ਕ੍ਰਿਆ ਦੇ ਰੂਪ ਹੀ ਸੰਸਕ੍ਰਿਤ ਜਿੰਨੇ ਗੌਂਦਵੇਂ ਹਨ।

### ਵਾਕ-ਬਣਤਰ ਵਿਚ ਲਿੰਗ-ਵਚਨ ਸੰਬੰਧੀ ਨਿਯਮ

ਪੰਜਾਬੀ ਵਿਚ ਵਾਕ ਦੇ ਹਰ ਮਹੱਤਾ ਵਾਲੇ ਸ਼ਬਦ ਉਤੇ ਲਿੰਗ ਤੇ ਵਚਨ ਦਾ ਪ੍ਰਭਾਵ ਪੈਂਦਾ ਹੈ। ਨਾਂਵ, ਕ੍ਰਿਆ ਵਿਸ਼ੇਸ਼ਣ ਤੇ ਕਈ ਹਾਲਤਾਂ ਵਿਚ ਕ੍ਰਿਆ-ਵਿਸ਼ੇਸ਼ਣ ਭੀ ਲਿੰਗ ਅਤੇ ਵਚਨ ਅਨੁਸਾਰ ਰੂਪ ਬਦਲਦੇ ਹਨ। ਹੇਠਾਂ ਦਿੱਤੇ ਗਏ ਵਾਕਾਂ ਵਿਚ ਇਹ ਪਰਿਵਰਤਨ ਪ੍ਰਤੱਖ ਹੁੰਦੇ ਹਨ।

(1) ਕਾਲ਼ਾ ਘੋੜਾ ਚਰਦਾ ਏ
(2) ਕਾਲ਼ੇ ਘੋੜੇ ਚਰਦੇ ਨੇਂ
(3) ਕਾਲ਼ੀ ਘੋੜੀ ਚਰਦੀ ਏ
(4) ਕਾਲ਼ੀਆਂ ਘੋੜੀਆਂ ਚਰਦੀਆਂ ਨੇਂ

ਵਾਕ (1) ਵਿਚ 'ਘੋੜਾ' ਇਕਵਚਨ ਪੁਲਿੰਗ ਹੈ, ਇਸ ਲਈ ਵਿਸ਼ੇਸ਼ਣ 'ਕਾਲ਼ਾ' ਤੇ ਕ੍ਰਿਆ 'ਚਰਦਾ' ਦਾ ਰੂਪ ਵੀ ਇਕਵਚਨ ਪੁਲਿੰਗ ਵਾਲਾ ਅਰਥਾਤ /-ਆ/-ਅੰਤਿਕ ਹੋ ਗਿਆ ਹੈ। ਵਾਕ (2) ਵਿਚ ਨਾਂਵ 'ਘੋੜੇ' ਬਹੁਵਚਨ ਪੁਲਿੰਗ ਹੋ ਗਿਆ ਤਾਂ ਵਿਸ਼ੇਸ਼ਣ (ਕਾਲ਼ੇ) ਤੇ ਕ੍ਰਿਆ (ਚਰਦੇ) ਵੀ ਇਸੇ ਰੂਪ ਅਨੁਸਾਰ /-ਏ/-ਅੰਤਿਕ) ਹੋ ਗਏ ਹਨ। ਇਵੇਂ ਹੀ ਵਾਕ (3) ਵਿਚ ਨਾਂਵ, ਵਿਸ਼ੇਸ਼ਣ, ਕ੍ਰਿਆ ਤਿੰਨੇ ਹੀ /-ਈ/-ਅੰਤਿਕ, ਅਥਵਾ ਇਕਵਚਨ ਇਸਤ੍ਰੀ ਲਿੰਗ ਦੇ ਰੂਪ ਵਾਲੇ ਹਨ, ਤੇ ਵਾਕ (4) ਵਿਚ ਇਹ ਸਾਰੇ ਭਾਸ਼ਾ ਅੰਗ (parts of speech) /-ਈਆਂ/-ਅੰਤਿਕ (ਬਹੁਵਚਨ, ਇਸਤ੍ਰੀ ਲਿੰਗ ਦੇ ਰੂਪ) ਬਣ

Sri Satguru Jagjit Singh Ji Elibrary NamdhariElibrary@gmail.com

ਗਏ ਹਨ ।

ਇਹ ਰੂਪ ਲਿੰਗ ਤੇ ਵਚਨ ਅਨੁਸਾਰ ਬਣੇ ਹਨ । ਨਾਂਵ ਤੇ ਵਿਸ਼ੇਸ਼ਣ ਦੇ ਰੂਪ ਕੁਝ ਹਾਲਤਾਂ ਵਿਚ, ਕਾਰਕ ਅਨੁਸਾਰ ਬਦਲਦੇ ਹਨ :

(5) ਸਾਰੇ ਮਹੱਲੇ ਦੇ ਲੋਕਾਂ ।
(6) ਨਿੱਕਿਆਂ ਸ਼ਹਿਰਾਂ ਦੀ ਵੱਸੋਂ ।
(7) ਕਾਲ਼ਿਆਂ ਘੋੜਿਆਂ ਨੇ ਪਾਣੀ ਪੀਤਾ
(8) ਨਿੱਕਿਆ ਮੁੰਡਿਆ
(9) ਨਿੱਕਿਓ ਮੁੰਡਿਓ
(10) ਨਿੱਕੀਏ ਕੁੜੀਏ
(11) ਨਿੱਕੀਓ ਕੁੜੀਓ

ਆਦਿ ਕਾਰਕ ਅਨੁਸਾਰ ਬਦਲੇ ਰੂਪਾਂ ਦੇ ਉਦਾਹਰਨ ਹਨ ।

ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਲਿੰਗ ਤੇ ਵਚਨ ਸੰਬੰਧੀ ਨਿਯਮਾਂ ਨੂੰ ਪੂਰੀ ਤਰ੍ਹਾਂ ਨਿਭਾਇਆ ਜਾਂਦਾ ਹੈ (ਕਾਰਕ ਸੰਬੰਧੀ ਨਿਯਮਾਂ ਵਿੱਚ ਕਿਸੇ ਉਪਬੋਲੀ ਵਿਚ ਕੁਝ ਅੰਤਰ ਪੈ ਜਾਂਦਾ ਹੈ) । ਹੋਰ ਕਿਸੇ ਭਾਰਤੀ-ਆਰੀਆ ਭਾਸ਼ਾ ਵਿਚ ਇਨ੍ਹਾਂ ਨਿਯਮਾਂ ਤੇ ਇੰਨੀ ਕਰੜਾਈ ਨਾਲ ਅਮਲ ਨਹੀਂ ਕੀਤਾ ਜਾਂਦਾ । ਪੰਜਾਬੀ ਦੇ ਨਾਲ ਲਗਦੀ, ਤੇ ਪੰਜਾਬੀ ਤੋਂ ਬਹੁਤ ਗੱਲਾਂ ਵਿਚ ਪ੍ਰਭਾਵਿਤ, ਪੱਛਮੀ ਹਿੰਦੀ ਵੀ ਕੇਵਲ ਪਹਿਲੇ ਤਿੰਨਾਂ ਵਾਕਾਂ ਵਿਚ ਹੀ ਲਿੰਗ ਤੇ ਵਚਨ ਦੋਹਾਂ ਦਾ ਧਿਆਨ ਰੱਖਦੀ ਹੈ । ਪੱਛਮੀ ਹਿੰਦੀ (ਖੜੀ ਬੋਲੀ) ਵਿਚ ਚੌਥੇ ਵਾਕ ਦਾ ਰੂਪ ਹੈ 'ਕਾਲੀ ਘੋੜੀਆਂ ਚਰਤੀ ਹੈਂ' । ਸੋ ਇਥੇ ਵਚਨ ਅਨੁਸਾਰ ਤਬਦੀਲੀ ਕੇਵਲ ਨਾਂਵ (ਘੋੜੀਆਂ) ਵਿਚ ਹੀ ਹੁੰਦੀ ਹੈ, ਵਿਸ਼ੇਸ਼ਣ (ਕਾਲ਼ੀ), ਤੇ ਕ੍ਰਿਆ (ਚਰਤੀ) ਦਾ ਰੂਪ ਇਕ-ਵਚਨ ਇਸਤ੍ਰੀ ਲਿੰਗ ਵਾਲਾ ਹੀ ਰਹਿੰਦਾ ਹੈ । ਪੱਛਮੀ ਹਿੰਦੀ ਦੀਆਂ ਹੋਰਨਾਂ ਉਪਭਾਸਾਵਾਂ ਵਿਚ ਹੋਰ ਵੀ ਛੋਟਾਂ ਮਿਲਦੀਆਂ ਹਨ । ਹੇਠਾਂ ਬ੍ਰਜ ਭਾਸ਼ਾ ਤੇ ਬੁੰਦੇਲੀ ਦੇ ਨਮੂਨੇ ਵੇਖੇ ਜਾ ਸਕਦੇ ਹਨ :

| | ਬ੍ਰਜ ਭਾਸ਼ਾ | ਬੁੰਦੇਲੀ |
|---|---|---|
| ਇ. ਵ., ਪੁ. | ਕਾਰੋ ਘੋੜਾ ਚਰਤ ਐ | ਕਰਿਆ ਘੁਰਵਾ ਚਰਤ ਹੈ |
| ਬ. ਵ., ਪੁ. | ਕਾਰੇ ਘੋੜਾ ਚਰਤ ਐਂ | ਕਰਿਆ ਘੁਰਵਾ ਚਰਤ ਹੈਂ |
| ਇ. ਵ., ਇ. ਲਿੰ. | ਕਾਰੀ ਘੋੜੀ ਚਰਤ ਐਂ | ਕਰਿਆ ਘੁਰੀਆ ਚਰਤ ਹੈ |
| ਬ. ਵ., ਇ. ਲਿੰ. | ਕਾਰੀ ਘੋੜੀਂ ਚਰਤ ਐਂ | ਕਰਿਆ ਘੁਰੀਆਂ ਚਰਤ ਹੈਂ |

ਇਥੇ ਬ੍ਰਜ ਭਾਸ਼ਾ ਤੇ ਬੁੰਦੇਲੀ ਦੋਹਾਂ ਵਿਚ ਵਿਸ਼ੇਸ਼ਣ ਤੇ ਮੂਲ ਕ੍ਰਿਆ ਦਾ ਰੂਪ ਚੌਹਾਂ ਵਾਕਾਂ ਵਿਚ ਇਕੋ ਹੀ ਹੈ, ਕੇਵਲ ਸਹਾਇਕ ਕ੍ਰਿਆ ਵਚਨ ਅਨੁਸਾਰ ਬਦਲਦੀ ਹੈ । ਸ਼ਬਦ 'ਘੋੜਾ' (ਬ੍ਰਜ), ਤੇ 'ਘੁਰਵਾ' (ਬੁੰਦੇਲੀ), ਦੇ ਇਕਵਚਨ ਤੇ ਬਹੁਵਚਨ ਦੇ ਰੂਪ ਵੀ ਇਕ ਹਨ ।

ਪੱਛਮੀ ਹਿੰਦੀ ਤੋਂ ਛੁੱਟ ਹੋਰ ਭਾਰਤੀ-ਆਰੀਆ-ਭਾਸ਼ਾਵਾਂ ਵਿਚ ਲਿੰਗ ਵਚਨ ਸੰਬੰਧੀ ਨੇਮਾਂ ਵਿਚ ਚੋਖੀ ਖੁਲ੍ਹ ਵਰਤੀ ਗਈ ਹੈ । ਹੇਠਾਂ ਮਰਾਠੀ, ਗੁਜਰਾਤੀ ਤੇ ਬੰਗਲਾ ਦੇ ਨਮੂਨੇ ਪ੍ਰਸਤੁਤ ਹਨ :

Sri Satguru Jagjit Singh Ji Elibrary NamdhariElibrary@gmail.com

| | ਮਰਾਠੀ | ਗੁਜਰਾਤੀ | ਬੰਗਲਾ |
|---|---|---|---|
| ਇ. ਵ., ਪੁ. | ਕਾਲ਼ ਘੋੜਾ | ਕਾਲੋ ਘੋੜੋ[1] | ਕਾਲ ਘੋੜਾ |
| | ਚਰਤ ਆਹੇ | ਚਰੇ ਛੇ | ਚਰਿਤੇ ਛੇ |
| ਬ. ਵ., ਪੁ. | ਕਾਲ਼ੇ ਘੋੜੇ | ਕਾਲਾ ਘੋੜਾ[2] | ਕਾਲ ਘੋੜਾ ਗੁਲਿ |
| | ਚਰਤ ਆਹਿਤ | ਚਰੇ ਛੇ | ਚਰਿਤੇ ਛੇ |
| ਇ. ਵ., ਇ. ਲਿੰ. | ਕਾਲ਼ੀ ਘੋੜੀ | ਕਾਲ਼ੀ ਘੋੜੀ | ਕਾਲਾ ਘੋੜਾ |
| | ਚਰਤ ਆਹੇ | ਚਰੇ ਛੇ | ਚਰਿਤੇ ਛੇ |
| ਬ. ਵ., ਇ. ਲਿੰ. | ਕਾਲ਼ਿਆ ਘੋੜੀ | ਕਾਲ਼ੀ ਘੋੜਿਓ | ਕਾਲ ਘੋੜਾ ਗੁਲਿ |
| | ਚਰਤ ਆਹਿਤ | ਚਰੇ ਛੇ | ਚਰਿਤੇ ਛੇ |

ਉਪਰੋਕਤ ਮਿਸਾਲਾਂ ਤੋਂ ਪਤਾ ਲੱਗਦਾ ਹੈ ਕਿ ਮਰਾਠੀ ਵਿਚ ਨਾਂਵ ਰੂਪ ਇਕ ਵਚਨ, ਇਸਤ੍ਰੀਲਿੰਗ ਤੇ ਬਹੁਵਚਨ, ਇਸਤ੍ਰੀਲਿੰਗ ਵਿਚ ਇਕੋ (ਘੋੜੀ) ਹੀ ਹੈ ; ਕ੍ਰਿਆ ਚੌਹਾਂ ਹਾਲਤਾਂ ਵਿਚ ਇਕੋ (ਚਰਤ) ਹੀ ਰਹੀ ਹੈ, ਕੇਵਲ ਸਹਾਇਕ ਕ੍ਰਿਆ (ਆਹੇ, ਆਹਿਤ) ਵਚਨ ਅਨੁਸਾਰ ਬਦਲੀ ਹੈ ; ਵਿਸ਼ੇਸ਼ਣ ਲਿੰਗ ਤੇ ਵਚਨ ਦੋਹਾਂ ਅਨੁਸਾਰ ਬਦਲਿਆ ਹੈ। ਗੁਜਰਾਤੀ ਵਿਚ ਕ੍ਰਿਆ ਚੌਹਾਂ ਵਾਕਾਂ ਵਿਚ ਇਕੋ ਹੈ, ਨਾਂਵ ਵਿਚ ਲਿੰਗ, ਵਚਨ ਦੋਹਾਂ ਅਨੁ-ਸਾਰ ਪਰਿਵਰਤਨ ਹੁੰਦਾ ਹੈ ; ਵਿਸ਼ੇਸ਼ਣ ਦਾ ਰੂਪ ਇ. ਲਿੰ. ਦੇ ਇ. ਵ. ਤੇ ਬ. ਵ ਵਿਚ ਸਮਾਨ ਰਹਿੰਦਾ ਹੈ। ਬੰਗਲਾ ਵਿਚ ਲਿੰਗ ਤੇ ਵਚਨ ਦੋਹਾਂ ਸੰਬੰਧੀ ਪੂਰੀ ਖੁਲ੍ਹ ਹੈ। ਨਾਂਵ, ਕ੍ਰਿਆ, ਤੇ ਵਿਸ਼ੇਸ਼ਣ ਤਿੰਨਾਂ ਦਾ ਰੂਪ ਸਥਿਰ ਹੈ, ਕਿਸੇ ਹਾਲਤ ਵਿਚ ਕੋਈ ਪਰਿਵਰਤਨ ਨਹੀਂ ਹੁੰਦਾ, ਇਥੋਂ ਤਕ ਕਿ 'ਘੋੜੀ, ਲਈ ਵੀ ਸ਼ਬਦ 'ਘੋੜਾ ਹੀ ਵਰਤਿਆ ਹੈ ਅਤੇ ਬਹੁਵਚਨ ਦਾ ਬੋਧ ਕਰਾਉਣ ਲਈ ਨਾਂਵ ਦੇ ਰੂਪ ਵਿਚ ਕੋਈ ਬਦਲੀ ਨਹੀਂ ਹੋਈ ; ਇਕ ਵਾਧੂ ਸ਼ਬਦ 'ਗੁਲਿ' ਵਰਤ ਕੇ ਬਹੁਵਚਨ ਦੀ ਸੂਚਨਾ ਦਿੱਤੀ ਗਈ ਹੈ। ਅਸਲ ਵਿਚ ਸਾਰੀਆਂ ਹੀ ਪੂਰਬੀ ਭਾਸ਼ਾਵਾਂ (ਬੰਗਲਾ, ਬਿਹਾਰੀ, ਆਸਾਮੀ, ਉੜੀਆਂ ਆਦਿ) ਵਿਚ ਥੋੜ੍ਹੇ ਬਹੁਤ ਅੰਤਰ ਨਾਲ, ਲਿੰਗ ਤੇ ਵਚਨ ਸੰਬੰਧੀ ਸੁਤੰਤਰਤਾ ਆ ਚੁੱਕੀ ਹੈ। ਉੜੀਆ ਤੇ ਬਿਹਾਰੀ ਵਿਚ ਕੁਝ ਘੱਟ, ਬੰਗਲਾ ਤੇ ਆਸਾਮੀ ਵਿਚ ਕੁਝ ਵਧੇਰੇ।

ਕਾਰਕ ਅਨੁਸਾਰ ਰੂਪ-ਪਰਿਵਰਤਨ ਤਾਂ ਪੰਜਾਬੀ ਦੀ ਹੀ ਵਿਸ਼ੇਸ਼ਤਾ ਹੈ। ਹੋਰ ਭਾਸ਼ਾਵਾਂ ਵਿਚੋਂ ਵੱਖਰੇ ਕਾਰਕ-ਰੂਪ ਵਧੇਰੇ ਹਾਲਤਾਂ ਵਿਚ ਖ਼ਤਮ ਹੋ ਚੁੱਕੇ ਹਨ।

ਉਤੇ ਦੱਸਿਆ ਜਾ ਚੁੱਕਾ ਹੈ ਕਿ ਲਿੰਗ ਅਤੇ ਵਚਨ ਸੰਬੰਧੀ ਤਬਦੀਲੀਆਂ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਇਕਸਾਰ ਹੁੰਦੀਆਂ ਹਨ, ਪਰ ਇਹ ਤਬਦੀਲੀਆਂ ਕੇਵਲ ਉਨ੍ਹਾਂ ਨਾਵਾਂ ਵਿਚ ਹੁੰਦੀਆਂ ਹਨ ਜਿਨ੍ਹਾਂ ਨੂੰ 'ਸਟੈਂਡਰਡ-ਪੰਜਾਬੀ-ਨਾਂਵ' ਕਹਿਣਾ ਉਚਿਤ ਹੋਵੇਗਾ ; ਅਜੇਹੇ ਨਾਂਵ ਜਿਨ੍ਹਾਂ ਦੇ ਪੁਲਿੰਗ, ਇਕਵਚਨ ਰੂਪ ਦੇ ਅੰਤ ਵਿਚ /-ਆ/, (ਕੰਨਾ) ਆਵੇ (ਘੋੜਾ, ਮੁੰਡਾ, ਸੋਟਾ ਆਦਿ), ਅਤੇ ਇਸਤ੍ਰੀ ਲਿੰਗ, ਇਕਵਚਨ ਦੇ ਅੰਤ ਵਿਚ /-ਈ/ ਬਿਹਾਰੀ ਹੋਵੇ-(ਘੋੜੀ, ਕੁੜੀ, ਸੋਟੀ ਆਦਿ)। ਅਜੇਹੇ ਨਾਵਾਂ ਨੂੰ ਸਟੈਂਡਰਡ-ਪੰਜਾਬੀ ਨਾਂਵ ਇਸ ਲਈ ਕਿਹਾ ਗਿਆ ਹੈ, ਕਿਉਂਕਿ ਪੰਜਾਬੀ ਨਾਂਵਾਂ ਦੀ ਸਭ ਤੋਂ ਵੱਡੀ

---

1. ਗੁਜਰਾਤੀ ਵਿਚ / -ਓ/ ਅੰਤਿਕ ਨਾਂਵ ਘੋੜੋ ਆਦਿ) ਇਕਵਚਨ, ਪੁਲਿੰਗ ਤੇ / -ਆ/ਅੰਤਿਕ (ਘੋੜਾ ਆਦਿ) ਬਹੁਵਚਨ ਪੁਲਿੰਗ ਹਨ।

Sri Satguru Jagjit Singh Ji Elibrary NamdhariElibrary@gmail.com

ਸੰਖਿਆ ਇਸ ਰੂਪ ਵਾਲੀ ਹੈ, ਅਤੇ ਇਸੇ ਹੀ ਰੂਪ ਵਾਲੇ ਨਾਂਵਾਂ ਵਿਚ ਪੰਜਾਬੀ ਵਿਆਕਰਨ ਦੇ ਨਿਯਮਾਂ ਅਨੁਸਾਰ ਪਰਿਵਰਤਨ ਹੁੰਦੇ ਹਨ। ਉਂਜ ਪੰਜਾਬੀ ਵਿਚ ਇਸ ਤੋਂ ਵੱਖਰੇ ਰੂਪ ਵਾਲੇ ਨਾਂਵ ਵੀ ਕਾਫ਼ੀ ਹਨ :

| | ਪੁਲਿੰਗ | ਇਸਤ੍ਰੀ ਲਿੰਗ |
|---|---|---|
| ਵਿਅੰਜਨਾਂਤ | ਹੱਥ, ਘਰ, ਭੂੰਡ, ਤੇਲ | ਛੱਤ, ਇਕ, ਭੇਡ, ਤਾਰ। |
| ਸੁਰਾਂਤ | ਖਿੱਦੋ, ਡੱਡੂ, ਭੇਡੂ, ਤੇਲੀ, ਹਾਥੀ, ਪਾਣੀ, ਕਾਂ, ਨਾਂ। | ਮਾਂ, ਛਾਂ, ਮਾਲ਼ਾ, ਬਲਾਂ। |

ਇਨ੍ਹਾਂ ਨਾਂਵਾਂ ਦੇ ਲਿੰਗ-ਵਚਨ ਲਈ ਰੂਪ-ਪਰਿਵਰਤਨ ਦੇ ਵੱਖਰੇ ਸਿੱਧਾਂਤ ਹਨ, ਸਟੈਂਡਰਡ ਨਾਂਵਾਂ ਵਾਲੇ ਨਿਯਮ ਇਥੇ ਲਾਗੂ ਨਹੀਂ ਹੁੰਦੇ। ਸੰਖੇਪ ਵਿਚ ਇਹ ਨਿਯਮ ਇੰਜ ਹਨ :

**ਲਿੰਗ** (1) ਅਜੇਹੇ ਨਾਂਵਾਂ ਵਿਚੋਂ ਕਈਆਂ ਦੇ ਵਿਰੋਧੀ ਲਿੰਗ ਬਣਦੇ ਹੀ ਨਹੀਂ—ਹੱਥ ਘਰ, ਤੇਲ, ਹਿੱਕ, ਤਾਰ, ਖਿੱਦੋ, ਪਾਣੀ, ਮਾਲਾ ਆਦਿ ਦਾ ਵਿਰੋਧੀ ਲਿੰਗ ਨਹੀਂ ਬਣਦਾ।

**ਵਚਨ** (2) ਜਿਨ੍ਹਾਂ ਦੇ ਵਿਰੋਧੀ ਲਿੰਗ ਬਣਦੇ ਹਨ, ਉਨ੍ਹਾਂ ਦੇ ਵੱਖ-ਵੱਖ ਸਿਧਾਂਤ ਹਨ : ਭੇਡ ਤੋਂ ਭੇਡੂ; ਤੇਲੀ ਤੋਂ ਤੇਲਣ, ਹਾਥੀ ਤੋਂ ਹਥਣੀ ਆਦਿ।

(1) (ਕ) ਵਿਅੰਜਨਾਂਤ ਇਸਤ੍ਰੀ ਲਿੰਗ ਨਾਵਾਂ ਦਾ ਬਹੁਵਚਨ /-ਆਂ/ (ਾਂ) ਲਾਇਆਂ ਬਣਦਾ ਹੈ—ਛੱਤਾਂ, ਹਿੱਕਾਂ, ਭੇਡਾਂ ਆਦਿ।

(ਖ) ਸੁਰਾਂਤ ਦਾ /-ਵਾਂ/ ਲਾਇਆਂ—ਮਾਂਵਾਂ, ਛਾਂਵਾਂ, ਮਾਲਾਵਾਂ ਆਦਿ।

(2) (ਕ) ਪੁਲਿੰਗ ਨਾਵਾਂ ਦਾ ਸਿੱਧੇ ਰੂਪ (direct form) ਵਿਚ ਬਹੁਵਚਨ ਨਹੀਂ ਬਣਦਾ—ਹੱਥ, ਘਰ, ਭੂੰਡ ਆਦਿ, ਇਕਵਚਨ ਵੀ ਹਨ ਤੇ ਬਹੁਵਚਨ ਵੀ।

(ਖ) ਤਿਰਛੇ ਰੂਪ (oblique form) ਵਿਚ /-ਆਂ/ ਲਾ ਕੇ ਬਹੁਵਚਨ ਬਣਦਾ ਹੈ-ਖਿੱਦੋਆਂ, ਡੱਡੂਆਂ, ਤੇਲੀਆਂ ਆਦਿ।

(ਗ) /-ਆਂ/- ਅੰਤਿਕ ਇਕਵਚਨ (ਪੁਲਿੰਗ) ਨਾਂਵਾਂ ਦੇ ਤਿਰਛੇ ਰੂਪ ਦਾ ਬਹੁਵਚਨ ਬਣਾਉਣ ਲਈ /-ਵਾਂ/ ਲਗਦਾ ਹੈ—ਕਾਂਵਾਂ, ਨਾਵਾਂ ਆਦਿ।

(ਘ) ਕਈ ਪੁਲਿੰਗ ਨਾਂਵ ਅਜੇਹੇ ਹਨ, ਜਿਨ੍ਹਾਂ ਦੇ ਅੰਤ ਵਿਚ /-ਆ/ ਹੀ ਲਗਦਾ ਹੈ, ਪਰ ਇਸ /-ਆ/ ਦੀ ਮਾਤ੍ਰਾ (ਲੰਮਾਈ) ਸਾਧਾਰਨ /-ਆ/ ਨਾਲੋਂ, ਵਧੇਰੇ ਹੁੰਦੀ ਹੈ-'ਭਰਾਂ, ਤਲਾਂ, ਪੜਾਂ' ਆਦਿ। ਇਨ੍ਹਾਂ ਨਾਂਵਾਂ ਦੇ ਬਹੁਵਚਨ ਉਤਲੇ (ਗ) ਦੇ ਨਿਯਮਾਂ ਅਨੁਸਾਰ ਬਣਦੇ ਹਨ, ਅਰਥਾਤ ਸਿੱਧੇ ਰੂਪ ਦਾ ਬਹੁਵਚਨ ਰੂਪ ਇਕਵਚਨ ਵਾਲਾ ਹੀ ਹੈ, ਤਿਰਛੇ ਰੂਪ ਦਾ ਬਹੁਵਚਨ /-ਵਾਂ/ ਲਾਇਆਂ ਬਣਦਾ ਹੈ—'ਭਰਾਂਵਾਂ, ਤਲਾਵਾਂ, ਪੜਾਂਵਾਂ' ਆਦਿ।

ਪੰਜਾਬੀ ਦੇ ਵਿਸ਼ੇਸ਼ਣ ਵੀ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ—ਇਕ ਤਾਂ ਸਟੈਂਡਰਡ ਪੰਜਾਬੀ' ਵਿਸ਼ੇਸ਼ਣ ਹਨ, ਜਿਹੜੇ ਮੂਲ ਸੰਸਕ੍ਰਿਤ, ਪ੍ਰਾਕ੍ਰਿਤ ਆਦਿ ਤੋਂ ਵਿਕਸਿਤ ਹੋ ਕੇ ਤਦਭਵ ਰੂਪ ਵਿਚ ਸਾਡੇ ਤਕ ਪੁੱਜੇ ਹਨ। ਅਜੇਹੇ ਵਿਸ਼ੇਸ਼ਣਾਂ ਦਾ ਰੂਪ ਇਕਵਚਨ

Sri Satguru Jagjit Singh Ji Elibrary NamdhariElibrary@gmail.com

ਪੁਲਿੰਗ ਵਿਚ /-ਆ/ (ਕੰਨਾ) ਅੰਤਿਕ ਹੈ—ਚੰਗਾ, ਨਿੱਕਾ, ਗੁੱਝਾ ਆਦਿ । ਇਨ੍ਹਾਂ ਦੇ ਰੂਪ ਵਿਚ ਲਿੰਗ, ਵਚਨ ਸੰਬੰਧੀ ਪਰਿਵਰਤਨ /-ਆ/-ਅੰਤਿਕ ਨਾਂਵਾਂ ਵਾਂਗ ਹੀ ਹੁੰਦੇ ਹਨ : ਚੰਗਾ, ਚੰਗੇ, ਚੰਗੀ, ਚੰਗੀਆਂ ।

ਦੂਜੇ ਉਹ ਵਿਸ਼ੇਸ਼ਣ ਜਿਹੜੇ, ਜਾਂ ਤਾਂ ਦੂਜੀਆਂ ਭਾਸ਼ਾਵਾਂ ਵਿਚੋਂ ਆਏ ਹਨ-ਗਰਮ, ਨਰਮ, ਖੂਬਸੂਰਤ, ਫਸਟ, ਸੈਕੰਡ, ਥਰਡ, ਆਦਿ ; ਜਾਂ ਸੰਸਕ੍ਰਿਤ ਦੇ ਤਤਸਮ (ਜਾਂ ਲਗ-ਪਗ ਤਤਸਮ)[1] ਰੂਪ ਵਿਚ ਹੀ ਮੌਜੂਦ ਹਨ-ਸੁੰਦਰ, ਵਿਸੇਸ਼ ਆਦਿ । ਇਨ੍ਹਾਂ ਵਿਸ਼ੇਸ਼ਣਾਂ ਵਿਚ ਲਿੰਗ ਅਥਵਾ ਵਚਨ ਅਨੁਸਾਰ ਕੋਈ ਤਬਦੀਲੀ ਨਹੀਂ ਹੁੰਦੀ, ਹਰ ਹਾਲਤ ਵਿਚ ਇਨ੍ਹਾਂ ਦਾ ਰੂਪ ਸਥਿਰ ਹੀ ਰਹਿੰਦਾ ਹੈ :—

ਗਰਮ ਫੁਲਕਾ, ਗਰਮ ਫੁਲਕੇ, ਗਰਮ ਰੋਟੀ, ਗਰਮ ਰੋਟੀਆਂ, ਸੁੰਦਰ ਮੁੰਡਾ, ਸੁੰਦਰ ਮੁੰਡੇ, ਸੁੰਦਰ ਕੁੜੀ, ਸੁੰਦਰ ਕੁੜੀਆਂ ।

ਨਾਂਵ ਤੇ ਵਿਸ਼ੇਸ਼ਣ ਸੰਬੰਧੀ ਨਿਯਮ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਇਵੇਂ ਹੀ ਮਿਲਦੇ ਹਨ ।

ਅਜੋਕੀਆਂ ਭਾਸ਼ਾਵਾਂ ਦੇ ਕ੍ਰਿਆ-ਰੂਪ ਨਾਂਵ ਤੇ ਵਿਸ਼ੇਸ਼ਣ ਨਾਲੋਂ ਮਗਰੋਂ ਹੋਂਦ ਵਿਚ ਆਏ ਹਨ; ਇਸ ਲਈ ਜਿਥੇ ਨਾਂਵ ਤੇ ਵਿਸ਼ੇਸ਼ਣ ਦੇ ਰੂਪ ਬਹੁਤੀਆਂ ਪੱਛਮੀ ਬੋਲੀਆਂ (ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ, ਖੜੀ ਬੋਲੀ, ਬਾਂਗਰੂ) ਵਿਚ ਬਿਲਕੁਲ ਇਕੋ ਜੇਹੇ ਹਨ, ਤੇ ਸਿੰਧੀ, ਰਾਜਸਥਾਨੀ, ਬ੍ਰਜ ਭਾਸ਼ਾ ਆਦਿ ਵਿਚ ਥੋੜੇ ਅੰਤਰ ਨਾਲ ਰਲਦੇ ਮਿਲਦੇ ਹਨ, ਉਥੇ ਕ੍ਰਿਆ ਰੂਪ ਸਾਰੀਆਂ ਬੋਲੀਆਂ ਵਿਚ ਵੱਖਰੇ ਵੱਖਰੇ ਹਨ, ਇਥੋਂ ਤਕ ਕਿ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਕ੍ਰਿਆ-ਰੂਪ ਵੀ ਆਪਸ ਵਿਚਦੀ ਨਹੀਂ ਮਿਲਦੇ, ਲਹਿੰਦੀ ਦੇ ਰੂਪ ਤਾਂ ਕਾਫ਼ੀ ਵੱਖਰੇ ਹਨ । ਕ੍ਰਿਆ-ਰੂਪਾਂ ਵਿਚ ਲਿੰਗਵਚਨ ਸੰਬੰਧੀ ਤਬਦੀਲੀਆਂ ਦੇ ਨਿਯਮ ਵੀ ਕੁਝ ਅੱਡ-ਅੱਡ ਹਨ ।

ਪੰਜਾਬੀ ਦੇ ਸਾਧਾਰਨ ਭੂਤ ਦੇ ਕ੍ਰਿਆ ਰੂਪਾਂ ਦਾ ਵੇਰਵਾ ਪਿੱਛੇ ਦਿੱਤਾ ਜਾ ਚੁੱਕਾ ਹੈ ।

ਵਰਤਮਾਨ ਦੇ ਕ੍ਰਿਆ ਰੂਪਾਂ ਵਿਚ ਲਿੰਗ-ਵਚਨ ਅਨੁਸਾਰ ਵਿਧੀ ਪੂਰਵਕ ਪਰਿਵਰਤਨ ਹੁੰਦੇ ਹਨ—

/ਮੁੰਡਾ ਪੜ੍ਹਦਾ ਏ/, / ਮੁੰਡੇ ਪੜ੍ਹਦੇ ਨੇਂ/, /ਕੁੜੀ ਪੜ੍ਹਦੀ ਏ/, / ਕੁੜੀਆਂ ਪੜ੍ਹਦੀਆਂ ਨੇਂ / ।

ਇਹ ਰੂਪ ਮਾਝੀ ਦੇ ਹਨ, ਦੂਜੀਆਂ ਉਪਭਾਸ਼ਾਵਾਂ, ਅਥਵਾ ਬੋਲੀਆਂ ਵਿਚ ਵੀ, ਵਰਤਮਾਨ ਦੇ ਰੂਪ ਲਿੰਗ ਵਚਨ ਲਈ ਬਦਲਦੇ ਹਨ ।

ਭਵਿਖਤ ਦੇ ਰੂਪ ਸਭ ਤੋਂ ਪਿਛੋਂ ਬਣੇ ਹਨ, ਤੇ ਸਾਰੀਆਂ ਬੋਲੀਆਂ ਵਿਚ ਕੁਝ ਵੱਖ-ਵੱਖ ਹਨ । ਫੇਰ ਵੀ ਮਾਝੀ, ਮਲਵਈ ਤੇ ਡੋਗਰੀ ਦੇ ਭਵਿਖਤ-ਕ੍ਰਿਆ-ਰੂਪਾਂ ਵਿਚ ਲਿੰਗ-ਵਚਨ ਦੀਆਂ ਤਬਦੀਲੀਆਂ ਨਿਯਮ ਅਨੁਸਰ ਹੁੰਦੀਆਂ ਹਨ ।

ਮਾਝੀ— /ਮੁੰਡਾ ਜਾਵੇਗਾ/[2], /ਕੁੜੀ ਜਾਵੇਗੀ/
/ਮੁੰਡੇ ਜਾਣਗੇ/, /ਕੁੜੀਆਂ ਜਾਣਗੀਆਂ/

---

1. ਇਸ ਸ੍ਰੇਣੀ ਦੇ ਬਹੁਤ ਥੋੜੇ ਵਿਸ਼ੇਸ਼ਣ ਤਦਭਵ ਹਨ—'ਲਾਲ, ਰੰਗੀ, ਅਣਘੜਤ, ਮੂੜ੍ਹ', ਆਦਿ, ਜਾਂ ਗਿਣਤੀ ਬੋਧਕ ਵਿਸ਼ੇਸ਼ਣ 'ਇਕ, ਦੋ, ਤਿਨ, ਸੌ, ਆਦਿ ।
2. ਜਾਏਗਾ, ਜਾਏਗੀ ਦੂਜੇ ਰੂਪ ਹਨ ।

Sri Satguru Jagjit Singh Ji Elibrary NamdhariElibrary@gmail.com

ਮਲਵਈ— /ਮੁੰਡਾ ਜਾਊਗਾ/ /ਕੁੜੀ ਜਾਊਗੀ/,
/ਮੁੰਡੇ ਜਾਣਗੇ/[1], /ਕੁੜੀਆਂ ਜਾਣਗੀਆਂ/,[1]
ਕਾਂਗੜੀ— /ਮੁੰਡਾ ਜਾ'ਗਾ/, /ਕੁੜੀ ਜਾ'ਗੀ/,
/ਮੁੰਡੇ ਜਾਂ'ਗੇ/, /ਕੁੜੀਆਂ ਜਾਂ'ਗੀਆਂ/ ।

ਲਹਿੰਦੀ ਵਿਚ ਭਵਿਖਤ ਦੇ ਰੂਪ ਬਿਲਕੁਲ ਵੱਖਰੇ ਹਨ, ਤੇ ਇਨ੍ਹਾਂ ਵਿਚ ਕੇਵਲ ਵਚਨ ਅਨੁਸਾਰ ਤਬਦੀਲੀ ਹੁੰਦੀ ਹੈ, ਲਿੰਗ ਅਨੁਸਾਰ ਨਹੀਂ :

ਮੁਲਤਾਨੀ—/ਛੋਹੁਰ ਵੈਸੀ/, /ਛੋਹਿਰ ਵੈਸੀ/
/ਛੋਹਰ ਵੈਸਣ/[2], /ਛੋਹਿਰੀਂ ਵੈਸਣ/

ਕ੍ਰਿਆ ਵਿਸ਼ੇਸ਼ਣਾਂ ਵਿਚੋਂ ਜਿਨ੍ਹਾਂ ਦੇ ਇਕਵਚਨ ਪੁਲਿੰਗ ਦਾ ਰੂਪ /-ਆ/ ਅੰਤਿਕ ਹੈ, ਉਨ੍ਹਾਂ ਵਿਚ ਲਿੰਗ-ਵਚਨ ਅਨੁਸਾਰ ਪੂਰੀਆਂ ਤਬਦੀਲੀਆਂ ਹੁੰਦੀਆਂ ਹਨ : /ਬੜਾ ਚੰਗਾ/, /ਬੜੇ ਚੰਗੇ/, /ਬੜੀ ਚੰਗੀ/, /ਬੜੀਆਂ ਚੰਗੀਆਂ/ ।

ਹੋਰਨਾਂ ਕ੍ਰਿਆ ਵਿਸ਼ੇਸ਼ਣਾਂ ਦੇ ਰੂਪ, ਹਰ ਹਾਲਤ ਵਿਚ, ਸਥਿਰ ਰਹਿੰਦੇ ਹਨ : /ਕੁ'ਜ ਚੰਗਾ, ਕੁ'ਜ ਚੰਗੇ, ਕੁ'ਜ ਚੰਗੀ, ਕੁ'ਜ ਚੰਗੀਆਂ/ ।

ਇਸ ਸਾਰੀ ਪੜਚੋਲ ਤੋਂ ਇਹ ਸਿੱਟਾ ਨਿਕਲਿਆ ਕਿ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ, ਕੁਝ ਛੋਟਾਂ (exceptions) ਨਾਲ, ਨਾਂਵ, ਵਿਸ਼ੇਸ਼ਣ, ਕ੍ਰਿਆ ਤੇ ਕ੍ਰਿਆ-ਵਿਸ਼ੇਸ਼ਣ ਦੇ ਰੂਪਾਂ ਵਿਚ ਲਿੰਗ, ਵਚਨ ਅਨੁਸਾਰ ਨੇਮ-ਬੱਧ ਪਰਿਵਰਤਨ ਹੁੰਦੇ ਹਨ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ, ਖ਼ਾਸ ਕਰ ਕੇ, ਸਟੈਂਡਰਡ ਪੰਜਾਬੀ ਅਰਥਾਤ ਮਾਝੀ, ਵਿਚ ਵਿਆਕਰਨ ਦੇ ਨਿਯਮਾਂ ਦੀ ਬੜੀ ਸਤਰਕਤਾ ਨਾਲ ਪਾਲਣਾ ਕੀਤੀ ਜਾਂਦੀ ਹੈ । ਕਿਸ਼ੇ ਹੋਰ ਭਾਰਤੀ-ਆਰੀਆ ਭਾਸ਼ਾ ਵਿਚ ਵਿਆਕਰਨਿਕ ਨਿਯਮਾਂ ਦੀ ਅਜੇਹੀ ਵਿਆਪਕਤਾ ਤੇ ਇਕਸਾਰਤਾ ਸ਼ਾਇਦ ਨ ਮਿਲ ਸਕੇ ।

---

1. ਜਾਊਂਗੇ, ਜਾਊਂਗੀਆਂ ਵੀ ਪੁਆਧ ਵਲ ਦੇ ਇਲਾਕੇ ਵਿਚ ਬੋਲੇ ਜਾਂਦੇ ਹਨ ।
2. ਵੈਸੁਣ ਵੀ ਬੋਲਿਆ ਜਾਂਦਾ ਹੈ ।

Sri Satguru Jagjit Singh Ji Elibrary NamdhariElibrary@gmail.com

8

# ਪੰਜਾਬੀ ਦੀ ਪ੍ਰਾਚੀਨਤਾ

ਪੰਜਾਬੀ ਦਾ ਅਜੋਕਾ ਰੂਪ ਪ੍ਰਾਚੀਨ-ਆਰੀਆ-ਭਾਸ਼ਾ (ਵੈਦਿਕ ਤੇ ਸੰਸਕ੍ਰਿਤ) ਨਾਲੋਂ ਬਿਲਕੁਲ ਵੱਖਰਾ ਹੈ। ਜੇ ਸਾਨੂੰ ਪੰਜਾਬੀ ਤੇ ਪ੍ਰਾਚੀਨ ਭਾਸ਼ਾ ਦੇ ਇਤਿਹਾਸਿਕ ਸੰਬੰਧ ਬਾਰੇ ਪੂਰਵ-ਜਾਣਕਾਰੀ ਨ ਹੋਵੇ ਤਾਂ ਸ਼ਾਇਦ ਅਸੀਂ ਛੇਤੀ-ਛੇਤੀ ਇਹ ਮੰਨਣ ਲਈ ਵੀ ਤਿਆਰ ਨ ਹੋਈਏ ਕਿ ਅਜੋਕੀ ਪੰਜਾਬੀ ਵੈਦਿਕ ਅਥਵਾ ਸੰਸਕ੍ਰਿਤ ਦੀ ਹੀ ਸਿੱਧੀ ਸੰਤਾਨ ਹੈ। ਪਾਲੀ ਦਾ ਰੂਪ ਵੀ ਪੰਜਾਬੀ ਨਾਲੋਂ ਬਹੁਤ ਅੱਡਰਾ ਹੈ। ਪ੍ਰਾਕ੍ਰਿਤ ਦੇ ਕੁਝ ਸ਼ਬਦ-ਰੂਪ ਪੰਜਾਬੀ ਨਾਲ ਅਵੱਸ਼ ਹੀ ਮਿਲਦੇ ਹਨ, ਪਰ ਸਮੁੱਚੇ ਤੌਰ ਤੇ ਪ੍ਰਾਕ੍ਰਿਤਾਂ ਦੀ ਗਠਨ ਵੀ ਪੰਜਾਬੀ ਨਾਲੋਂ ਢੇਰ ਦੁਰੇਡੀ ਹੈ। ਇਨ੍ਹਾਂ ਸਾਰੀਆਂ ਪੁਰਾਣੀਆਂ ਭਾਸ਼ਾਵਾਂ (ਵੈਦਿਕ, ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ) ਦੀ ਭਾਸ਼ਾਈ ਗਠਨ ਦੀ ਪੰਜਾਬੀ ਦੀ ਬਣਤਰ ਨਾਲ ਤੁਲਨਾ ਕਰਨ ਦੀ ਤਾਂ ਲੋੜ ਨਹੀਂ ਜਾਪਦੀ, ਹਾਂ ਇਸ ਭਾਸ਼ਾਈ ਅੰਤਰ ਦਾ ਆਭਾਸ ਦਿਵਾਉਣ ਲਈ ਸੰਸਕ੍ਰਿਤ ਤੇ ਪੰਜਾਬੀ ਨੂੰ ਵਖਰਿਆਉਣ ਵਾਲੇ ਮੋਟੇ ਮੋਟੇ ਨੁਕਤੇ ਹੇਠਾਂ ਦਿੱਤੇ ਜਾਂਦੇ ਹਨ।

(ਕ) ਸੰਸਕ੍ਰਿਤ ਇਕ ਸੰਜੋਗਾਤਮਕ (synthetic) ਭਾਸ਼ਾ ਸੀ। ਪੰਜਾਬੀ ਮੂਲ ਰੂਪ ਵਿਚ ਵਿਜੋਗਾਤਮਕ ਹੈ, ਭਾਵੇਂ ਇਸ ਵਿਚ ਸੰਜੋਗਾਤਮਕਤਾ ਦੇ ਕੁਝ ਚਿੰਨ੍ਹ ਅਜੇ ਬਚੇ ਆ ਰਹੇ ਹਨ, ਪਰ ਸੰਸਕ੍ਰਿਤ ਦੇ ਮੁਕਾਬਲੇ ਸਾਡੀ ਅਜੋਕੀ ਭਾਸ਼ਾ ਬਹੁਤ ਨਿਖੇੜਵੀਂ ਹੈ।

(ਖ) ਸੰਜੋਗਾਤਮਕ ਗਠਨ ਹੋਣ ਕਰਕੇ ਸੰਸਕ੍ਰਿਤ ਵਾਕ ਵਿਚ ਸ਼ਬਦਾਂ ਦਾ ਇਕ ਦੂਜੇ ਨਾਲ ਸੰਬੰਧ ਪਿਛੇਤਰਾਂ (inflections) ਰਾਹੀਂ ਦਰਸਾਇਆ ਜਾਂਦਾ ਸੀ। ਪੰਜਾਬੀ ਵਿਚ ਇਹ ਭਾਸ਼ਾਈ ਕਰਤੱਵ ਸੰਬੰਧਕਾਂ ਦੁਆਰਾ ਨਿਭਾਇਆ ਜਾਂਦਾ ਹੈ। ਸੰਸਕ੍ਰਿਤ ਵਿਚ ਅਜੇਹੇ ਸੰਬੰਧਕਾਂ ਦੀ ਹੋਂਦ ਹੀ ਨਹੀਂ ਸੀ।

(ਗ) ਸੰਸਕ੍ਰਿਤ ਵਾਕ ਵਿਚ ਸ਼ਬਦਾਂ ਦਾ ਸਥਾਨ ਨਿਸ਼ਚਿਤ ਨਹੀਂ ਸੀ ਤੇ, ਸਾਧਾਰਨ ਰੂਪ ਵਿਚ, ਵਾਕ ਦੇ ਸ਼ਬਦਾਂ ਦਾ ਥਾਂ-ਵਟਾਂਦਰਾ ਕਰਨ ਨਾਲ ਅਰਥਾਂ ਵਿਚ ਕੋਈ ਫ਼ਰਕ ਨਹੀਂ ਸੀ ਪੈਂਦਾ। ਪਰ ਪੰਜਾਬੀ ਵਿਚ ਵਾਕ ਦੇ ਕਿਸੇ ਸ਼ਬਦ ਨੂੰ ਆਪਣੇ ਥਾਂ ਤੋਂ ਹਿਲਾਉਣ ਨਾਲ ਅਰਥਾਂ ਵਿਚ ਕੁਝ ਨ ਕੁਝ ਅੰਤਰ ਅਵੱਸ਼ ਹੀ ਪੈ ਜਾਂਦਾ ਹੈ।

(ਘ) ਸੰਸਕ੍ਰਿਤ ਵਿਚ ਹਰ ਸੰਗਿਆ ਦੇ, ਕਾਰਕ ਵਿਭਕਤੀਆਂ ਲੱਗਣ ਨਾਲ, ਅੱਠ ਰੂਪ ਬਣਦੇ ਸਨ। ਪੰਜਾਬੀ ਵਿਚ ਇਨ੍ਹਾਂ ਚੋਂ ਕੇਵਲ ਚਾਰ ਰੂਪ ਬਾਕੀ ਬਚੇ ਹਨ—ਸਾਧਾਰਨ ਅਥਵਾ ਸਿੱਧਾ ਰੂਪ, ਤਿਰਛਾ ਜਾਂ ਸੰਬੰਧਕੀ (oblique) ਰੂਪ, ਅਪਾਦਾਨ ਦਾ ਰੂਪ ਤੇ ਸੰਬੋਧਨ ਦਾ ਰੂਪ।

(ਙ) ਸੰਸਕ੍ਰਿਤ ਵਿਚ ਤਿੰਨ ਲਿੰਗ-(ਪੁਲਿੰਗ, ਇਸਤ੍ਰੀ ਲਿੰਗ ਤੇ ਨਪੁੰਸਕ) ਸਨ, ਅਤੇ ਤਿੰਨ ਹੀ ਵਚਨ-(ਇਕਵਚਨ, ਬਹੁਵਚਨ ਤੇ ਦੋਵਚਨ)। ਪੰਜਾਬੀ ਵਿਚ ਦੋ ਲਿੰਗ (ਪੁਲਿੰਗ ਤੇ ਇਸਤ੍ਰੀ ਲਿੰਗ) ਹਨ ਤੇ ਦੋ ਹੀ ਵਚਨ (ਇਕਵਚਨ ਤੇ ਬਹੁਵਚਨ)।

(ਚ) ਸੰਸਕ੍ਰਿਤ ਦੇ ਕ੍ਰਿਆ-ਰੂਪ ਬੜੇ ਗੁੰਝਲਦਾਰ ਸਨ, ਪੰਜਾਬੀ ਦੇ ਕ੍ਰਿਆ-ਰੂਪ

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਦੇ ਮੁਕਾਬਲੇ ਕਾਫ਼ੀ ਸਰਲ ਹਨ।

(ਛ) ਸੰਸਕ੍ਰਿਤ ਸੰਯੁਕਤ ਵਿਅੰਜਨਾਂ ਦੀ ਵਰਤੋਂ ਬਹੁਤ ਜ਼ਿਆਦਾ ਕਰਦੀ ਸੀ। ਪੰਜਾਬੀ ਉੱਚਾਰਨ ਵਿਚ ਸੰਯੁਕਤ ਵਿਅੰਜਨ ਲੱਗ-ਪੱਗ ਖ਼ਤਮ ਹੋ ਚੁੱਕੇ ਹਨ।

(ਜ) ਭਾਸ਼ਾ-ਧੁਨੀਆਂ (phonemes) ਦੇ ਪੱਖ ਤੋਂ ਵੀ ਸੰਸਕ੍ਰਿਤ ਤੇ ਪੰਜਾਬੀ ਵਿਚ ਅੰਤਰ ਹੈ। ਸੰਸਕ੍ਰਿਤ ਸੁਰ /ऋ ॠ ऌ/ ਪੰਜਾਬੀ ਵਿਚ ਨਹੀਂ ਮਿਲਦੇ। /ਏ ਐ ਓ ਔ/ ਸੰਸਕ੍ਰਿਤ ਵਿਚ ਸੰਯੁਕਤ ਜਾਂ ਦੁਸੰਧੀ ਸੁਰ (diphthongs) ਸਨ । ਪੰਜਾਬੀ ਵਿਚ ਇਹ ਇਕਹਰੇ ਸੁਰ (monophthongs) ਹਨ, ਅਰਥਾਤ ਇਨ੍ਹਾਂ ਦਾ ਅਜੋਕਾ ਉੱਚਾਰਨ ਪੁਰਾਣੇ ਉੱਚਾਰਨ ਨਾਲੋਂ ਵੱਖਰਾ ਹੈ। ਵਿਅੰਜਨਾਂ ਵਿਚੋਂ ਸੰਸਕ੍ਰਿਤ ਸ਼ (ष) ਪੰਜਾਬੀ ਵਿਚ ਮੂਲੋਂ ਹੀ ਉੱਡ ਚੁੱਕਾ ਹੈ। /ਸ਼/ (श) ਵੀ /ਸ/ ਵਿਚ ਬਦਲ ਚੁੱਕਾ ਹੈ, ਪਰ ਹੁਣ ਫਿਰ ਆਪਣੇ ਮੂਲ ਉੱਚਾਰਨ ਵਿਚ ਉਘੜਦਾ ਆ ਰਿਹਾ ਹੈ। ਵਿਸਰਗ ਦਾ ਨਵਾਂ ਰੂਪ (ਸੁਰ) ਪੰਜਾਬੀ ਵਿਚ ਮਿਲਦਾ ਹੈ ਪਰ ਪ੍ਰਾਚੀਨ ਵਿਸਰਗ ਬਹੁਤ ਸਮਾਂ ਪਹਿਲਾਂ ਤੋਂ ਹੀ ਲੁਪਤ ਹੋ ਚੁੱਕਾ ਹੈ। ਜਿਹਵਾਮੂਲੀ ਤੇ ਉਪਧਮਾਨੀਯ ਨਾਮਕ ਦੋ ਹੋਰ ਸ੍ਵਾਸੀ ਊਸ਼ਮ ਸੰਸਕ੍ਰਿਤ ਧੁਨੀਆਂ ਦਾ ਤਾਂ ਪੰਜਾਬੀ ਵਿਚ ਖੁਰਾ ਖੋਜ ਹੀ ਨਹੀਂ ਮਿਲਦਾ।

ਇਨ੍ਹਾਂ ਦੇ ਮੁਕਾਬਲੇ ਪੰਜਾਬੀ ਦੀਆਂ ਕੁਝ ਆਪਣੀਆਂ ਧੁਨੀਆਂ ਹਨ, ਜਿਹੜੀਆਂ ਸੰਸਕ੍ਰਿਤ ਵਿਚ ਨਹੀਂ ਸਨ। ਸ਼ਹਿਰ, ਪਹਿਰ, ਰਹਿ, ਬਹਿ ਆਦਿ ਵਿਚ ਵਰਤਿਆ ਜਾਂਦਾ ਪੰਜਾਬੀ ਦਾ ਨਵਾਂ ਹ੍ਰਸ੍ਵ ਸੁਰ, /ਲ਼/ ਤੇ /ੜ/ ਸੰਸਕ੍ਰਿਤ ਵਿਚ ਮੌਜੂਦ ਨਹੀਂ ਸਨ।

ਪ੍ਰਾਚੀਨ ਭਾਸ਼ਾ ਤੋਂ ਪੰਜਾਬੀ ਦਾ ਇੱਨਾ ਅੰਤਰ ਹੁੰਦਿਆਂ ਹੋਇਆਂ ਵੀ ਪੰਜਾਬੀ ਵਿਚ ਪ੍ਰਾਚੀਨਤਾ ਦੇ ਕਈ ਚਿੰਨ੍ਹ ਬਾਕੀ ਹਨ, ਜਿਹੜੇ ਗੁਆਂਢਣ ਭਾਸ਼ਾਵਾਂ ਵਿਚ ਨਹੀਂ ਮਿਲਦੇ। ਕਈਆਂ ਅਜੇਹੀਆਂ ਵਿਸ਼ੇਸ਼ਤਾਵਾਂ ਦਾ ਵਿਵਰਨ ਪਿਛੇ ਥਾਂ ਥਾਂ ਤੇ ਦਿੱਤਾ ਜਾ ਚੁੱਕਾ ਹੈ। ਇਥੇ ਪ੍ਰਾਚੀਨਤਾ ਨਾਲ ਸੰਬੰਧਿਤ ਸਾਰੇ ਨੁਕਤੇ ਇਕਤਰ ਕਰ ਕੇ ਦਿੱਤੇ ਗਏ ਹਨ।

(ਕ) ਭਾਵੇਂ ਪੰਜਾਬੀ ਇਕ ਵਿਜੋਗਾਤਮਕ ਭਾਸ਼ਾ ਹੈ, ਪਰ ਇਸ ਵਿਚ ਸੰਜੋਗਾਤਮਕਤਾ ਦੇ ਕੁਝ ਲੱਛਣ ਬਚੇ ਹੋਏ ਹਨ ਅਤੇ ਨਿਰਸੰਦੇਹ ਹੀ ਇਹ ਹਿੰਦੀ, ਰਾਜਸਥਾਨੀ, ਗੁਜਰਾਤੀ, ਮਰਾਠੀ ਆਦਿ ਨਾਲੋਂ ਵਧੇਰੇ ਸੰਜੋਗਾਤਮਕ ਹੈ। ਪੰਜਾਬੀ ਦੀ ਉਪਭਾਸ਼ਾ ਲਹਿੰਦੀ ਤਾਂ ਅਜੇ ਚੋਖੀ ਸੰਜੋਗਾਤਮਕ ਹੈ: /ਮਰੇਸਾਊਂ/ (ਮੈਂ ਤੈਨੂੰ ਮਾਰਾਂਗਾ), /ਆਖਿਉਸ/ (ਉਨ ਕਿਹਾ), ਆਦਿ ਵਿਚ ਇਕ ਸ਼ਬਦ ਦੋ-ਤਿੰਨਾਂ ਸ਼ਬਦਾਂ ਦੀ ਥਾਂ ਪੂਰੀ ਕਰਦਾ ਹੈ। ਮਾਝੀ ਅਥਵਾ ਕੇਂਦਰੀ ਪੰਜਾਬੀ ਵੀ ਕਾਫ਼ੀ ਕੁਝ ਸੰਜੋਗਾਤਮਕ ਹੈ।

ਇਹ ਸੰਜੋਗਾਤਮਕਤਾ ਪ੍ਰਾਚੀਨ ਭਾਸ਼ਾ ਦਾ ਹੀ ਲੱਛਣ ਹੈ, ਜੋ ਪੰਜਾਬੀ ਨੇ ਅਜੇ ਤਕ, ਕੁਝ ਮਾਤ੍ਰਾ ਵਿਚ ਸੰਭਾਲਿਆ ਹੋਇਆ ਹੈ।

(ਖ) ਭਾਵੇਂ ਸੰਸਕ੍ਰਿਤ ਪਿਛੇਤਰਾਂ ਦਾ ਕੰਮ ਪੰਜਾਬੀ ਸੰਬੰਧਕਾਂ ਤੋਂ ਲੈਂਦੀ ਹੈ, ਪਰ ਪਿਛੇਤਰਾਂ (suffixes) ਦੀ ਵਰਤੋਂ ਵੀ ਨਾਲ ਨਾਲ ਹੀ ਚਲੀ ਆ ਰਹੀ ਹੈ। ਜਿਵੇਂ ਪਿਛਲੇ ਅਧਿਆਵਾਂ ਵਿਚ ਦੱਸਿਆ ਜਾ ਚੁੱਕਾ ਹੈ ਕਿ ਪੰਜਾਬੀ ਦੇ /-ਆ/- ਅੰਤਿਕ ਨਾਂਵਾਂ ਪਿਛੇ ਸੰਬੰਧਕ ਲਾਉਣ ਤੋਂ ਪਹਿਲੇ ਅਜੇਹੇ ਨਾਂਵਾਂ ਦਾ ਰੂਪ ਪਿਛੇਤਰ ਲਾ ਕੇ ਬਦਲ ਦਿੱਤਾ ਜਾਂਦਾ ਹੈ, -ਨਾਂਵ /ਮੁੰਡਾ/ ਨਾਲ ਸੰਬੰਧਕ ਲਾਇਆਂ ਇਸ ਦਾ ਰੂਪ /ਮੁੰਡੇ/ ਬਣੇਗਾ-/ਮੁੰਡੇ ਨੂੰ, ਮੁੰਡੇ ਦਾ/ ਆਦਿ । ਵਿਅੰਜਨਾਂਤ ਨਾਂਵਾਂ ਨਾਲ ਵੀ ਕਈਆਂ ਹਾਲਤਾਂ ਵਿਚ ਪਿਛੇਤਰ ਲੱਗਦਾ ਹੈ, ਜਿਵੇਂ /ਫੁੱਲ/ (ਬਹੁਵਚਨ) ਤੋਂ, /ਫੁੱਲਾਂ ਨੂੰ/ /ਫੁੱਲਾਂ ਦਾ/ ਆਦਿ।

Sri Satguru Jagjit Singh Ji Elibrary NamdhariElibrary@gmail.com

ਸੰਬੰਧ ਦਰਸਾਉਣ ਲਈ ਪਿਛੇਤਰ ਲਾਉਣ ਦੀ ਰੁਚੀ ਵੀ ਪ੍ਰਾਚੀਨ ਭਾਸ਼ਾ ਦਾ ਹੀ ਲੱਛਣ ਸੀ ਜੋ ਪੰਜਾਬੀ ਵਿਚ, (ਤੇ ਹੋਰ ਕੁਝ ਭਾਸ਼ਾਵਾਂ ਵਿਚ ਵੀ) ਟਿਕਿਆ ਆ ਰਿਹਾ ਹੈ।

(ਗ) ਸੰਸਕ੍ਰਿਤ ਦੇ ਅੱਠਾਂ ਕਾਰਕ ਰੂਪ ਵਿੱਚੋਂ ਹਿੰਦੀ ਆਦਿ ਪੱਛਮੀ ਭਾਸ਼ਾਵਾਂ ਵਿਚ ਦੋ ਰੂਪ ਬਚੇ ਹਨ, ਜਿਨ੍ਹਾਂ ਨੂੰ ਸਿੱਧਾ ਰੂਪ (ਘੋੜਾ) ਤੇ ਤਿਰਛਾ (oblique) ਰੂਪ (ਘੋੜੇ) ਕਿਹਾ ਗਿਆ ਹੈ। ਪਰ ਪੰਜਾਬੀ ਵਿਚ ਹਰ ਨਾਂਵ ਦੇ ਚਾਰ ਕਾਰਕ ਰੂਪ[1] ਆਮ ਵਰਤੋਂ ਵਿਚ ਹਨ। ਕਈ ਨਾਂਵਾਂ ਦੇ ਕਰਣ ਕਾਰਕ (Instrumental case) ਦੇ ਰੂਪ ਵੀ ਵੱਖਰੇ ਹਨ, ਜਿਵੇਂ /ਹੱਥੀਂ ਕੀਤਾ/ ਵਿਚ /ਹੱਥੀਂ/। ਕੁਝ ਹੋਰ ਨਾਂਵਾਂ ਵਿਚ ਅਧਿਕਰਣ (locative) ਦੇ ਰੂਪ ਵੀ ਹਨ—/ਸ਼ੈ'ਰੀਂ/, /ਕ'ਰੀਂ/ ਆਦਿ।

ਇਉਂ ਪੰਜਾਬੀ ਨੇ ਪ੍ਰਾਚੀਨ ਭਾਸ਼ਾ ਦੇ ਜਿੰਨੇ ਕਾਰਕ ਰੂਪ ਅੱਜ ਤਕ ਸੰਭਾਲੇ ਹੋਏ ਹਨ, ਉੱਨੇ ਹੋਰਨਾਂ ਭਾਸ਼ਾਵਾਂ ਵਿਚ ਕਾਇਮ ਨਹੀਂ ਰਹਿ ਸਕੇ।

(ਘ) ਸੰਸਕ੍ਰਿਤ ਦੇ ਕੁਝ ਸ਼ਬਦ ਜਾਂ ਸ਼ਬਦ-ਰੂਪ ਪੰਜਾਬੀ ਵਿਚ ਬਚੇ ਆ ਰਹੇ ਹਨ ਜੋ ਹੋਰਨਾਂ ਭਾਸ਼ਾਵਾਂ ਵਿਚ ਨਹੀਂ ਮਿਲਦੇ।

(i) ਸਹਾਇਕ ਕ੍ਰਿਆ ਦੇ ਭੂਤ-ਕਾਲ ਦੇ ਰੂਪ ਵੇਖਣ ਵਾਲੇ ਹਨ :

| ਸੰਸਕ੍ਰਿਤ | ਪੰਜਾਬੀ |
|---|---|
| ਆਸੀਤ੍ | (ਉਹ) ਸੀ |
| ਆਸਨ੍ | (ਉਹ) ਸਨ |
| ਆਸੀ: | (ਤੂੰ) ਸੈਂ, ਮਲਵਈ: (ਤੂੰ) ਸੀ |
| ਆਸ੍ਤ | (ਤੁਸੀਂ) ਸਓ |
| ਆਸਮ੍ (ਆਸੰ) | (ਮੈਂ) ਸਾਂ |
| ਅਸ੍ਮ | (ਅਸੀਂ) ਸਾਂ |

ਇਨ੍ਹਾਂ ਵਿਚੋਂ 'ਸੀ,ਸਨ,ਸੈਂ' (ਪੁਰਾਣਾ ਰੂਪ ਸੈ), ਸਾਂ' ਦੇ ਇਹ ਰੂਪ ਸੰਸਕ੍ਰਿਤ ਦੇ ਬਹੁਤ ਨੇੜੇ ਹਨ, ਤੇ ਇਹ ਕੇਵਲ ਪੰਜਾਬੀ ਵਿਚ ਹੀ ਬਚੇ ਹਨ।

(ii) ਸੰਸਕ੍ਰਿਤ 'ਸਹ' (ਸ:) ਪੰਜਾਬੀ ਦੀ ਬੋਲੀ ਕਾਂਗੜੀ ਵਿਚ ਉਸੇ ਹੀ ਰੂਪ ਤੇ ਉਨ੍ਹਾਂ ਹੀ ਅਰਥਾਂ ਵਿਚ ਅਜੇ ਵੀ ਵਰਤਿਆ ਜਾਂਦਾ ਹੈ।

(iii) ਵੈਦਿਕ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ, ਲਗ-ਪਗ ਉਸੇ ਰੂਪ ਵਿਚ ਅੱਜ ਵੀ ਵਰਤੇ ਜਾਂਦੇ ਹਨ। ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਅਜੇਹੇ ਸ਼ਬਦਾਂ ਦੀ ਇਕ ਸੂਚੀ ਦਿੱਤੀ ਹੈ[2], ਜਿਨ੍ਹਾਂ ਵਿਚੋਂ ਕੁਝ ਸ਼ਬਦ ਹੇਠਾਂ ਦਿੱਤੇ ਗਏ ਹਨ।

'ਵਹਿੰਗੀ, ਲੰਘਣਾ, ਗੱਡਣਾ, ਤੁਰਨਾ, ਪਿੰਡਾ, ਅੰਗਾਰ, ਕਲਾਵਾ, ਸੱਜਾ, ਚੰਗਾ, ਜੰਘ, ਪਿੰਜਣਾ, ਪਿੱਠਾ, ਵਾਲਾ, ਬਾਰ, ਮਾਲ, ਮੁੰਜ, ਲੱਭਣਾ।'

ਵਿਦ੍ਵਾਨਾਂ ਦੀ ਵਿਚਾਰ ਹੈ ਕਿ ਵੈਦਿਕ ਭਾਸ਼ਾ ਦੇ ਜਿੰਨੇ ਸ਼ਬਦ ਪੰਜਾਬੀ ਵਿਚ ਪ੍ਰਚਲਿਤ ਹਨ, ਉੱਨੇ ਕਿਸੇ ਹੋਰ ਅਜੋਕੀ ਭਾਸ਼ਾ ਵਿਚ ਨਹੀਂ ਬਚ ਸਕੇ।

(iv) ਸੰਸਕ੍ਰਿਤ ਦੇ ਬਹੁਤ ਸਾਰੇ ਸ਼ਬਦਾਂ ਦੇ ਅੰਤ ਵਿਚ ਵਿਅੰਜਨ /ਰ/ ਦਾ ਕਿਸੇ ਦੂਸਰੇ

---

1. ਸਿੱਧਾ ਰੂਪ, ਤਿਰਛਾ ਰੂਪ, ਅਪਾਦਾਨ (ablative) ਦਾ ਰੂਪ (ਕੋ|ੜਿਓਂ/ ਤੇ ਸੰਬੋਧਨ ਦਾ ਰੂਪ-/ਕੋ'ੜਿਆ)।

2. 'ਸਾਹਿਤ ਦਰਸ਼ਨ', ਪੰਨਾ 23-24.

Sri Satguru Jagjit Singh Ji Elibrary NamdhariElibrary@gmail.com

ਵਿਅੰਜਨ ਨਾਲ ਸੰਜੁਗਤ ਰੂਪ ਆਉਂਦਾ ਸੀ। ਇਹ ਅੰਤਿਮ /ਰ/ ਅਜੋਕੀਆਂ ਭਾਸ਼ਾਵਾਂ ਵਿਚੋਂ ਲਗ-ਪਗ ਲੁਪਤ ਹੋ ਚੁਕਾ ਹੈ, ਪਰ ਪੰਜਾਬੀ ਦੇ ਕਈਆਂ ਸ਼ਬਦਾਂ ਵਿਚ ਅਜੇ ਬਚਿਆ ਹੋਇਆ ਹੈ। ਲਹਿੰਦੀ ਵਿਚ ਤਾਂ ਇਹ ਠੀਕ ਸੰਸਕ੍ਰਿਤ ਵਾਂਗੂ ਸੰਯੁਕਤ ਰੂਪ ਵਿਚ ਹੀ ਹੈ :

| ਸੰਸਕ੍ਰਿਤ | ਲਹਿੰਦੀ (ਮੁਲਤਾਨੀ) |
|---|---|
| ਨਿਦ੍ਰਾ (निद्रा) | /ਨੀਂਦ੍ਰ/ |
| ਪੁਤ੍ਰ (पुत्र) | /ਪੁਤ੍ਰ/ |
| ਸੂਤ੍ਰ (सूत्र) | /ਸੂਤ੍ਰ/ |
| ਮੂਤ੍ਰ (मूत्र) | /ਮੂਤ੍ਰ/ |
| ਤ੍ਰਿ (त्रि) | /ਤ੍ਰੈ/ |

ਮਾਝੀ ਅਥਵਾ ਕੇਂਦ੍ਰੀ ਪੰਜਾਬੀ ਵਿਚ ਇਹ /ਰ/ ਸੰਜੁਗਤ ਰੂਪ ਵਿਚ ਤਾਂ ਨਹੀਂ ਮਿਲਦਾ ਪਰ ਕਈਆਂ ਸ਼ਬਦਾਂ ਵਿਚ ਟਿਕਿਆ ਹੋਇਆ ਅਵੱਸ਼ ਹੈ, ਜਦੋਂ ਕਿ ਹੋਰਨਾਂ ਭਾਸ਼ਾਵਾ ਵਿਚ ਇਹ ਲੋਪ ਹੀ ਹੋ ਗਿਆ ਹੈ। ਹੇਠਾਂ ਦਿੱਤੇ ਉਦਾਹਰਣਾਂ ਵਿਚ ਤਾਂ /ਰ/ ਪੰਜਾਬੀ ਦੀ ਆਪਣੀ ਉਪਭਾਸ਼ਾ ਮਲਵਈ ਵਿਚੋਂ ਵੀ ਖ਼ਤਮ ਹੋ ਚੁਕਾ ਹੈ ਪਰ ਮਾਝੀ ਵਿਚ ਮੌਜੂਦ ਹੈ :

| ਮਾਝੀ | ਮਲਵਈ |
|---|---|
| /ਚੌਂਤਰਾ/ | /ਚੌਂਤਾ/ |
| /ਪੋਤਰਾ/ | /ਪੋਤਾ/ |
| /ਦਾਤਰੀ/ | /ਦਾਤੀ/ |
| /ਪ੍ਰਾਤ/ | /ਪ੍ਰਾਤ/ |
| /ਵਤਰ/ | /ਵੱਤ/ |

(v) ਸੰਸਕ੍ਰਿਤ ਦੇ ਸ਼ਬਦ/ਹਸ੍ਤ ਕਰ੍ਣ ਚਰ੍ਮ ਪੁਤ੍ਰ ਸਪ੍ਤ ਅਸ਼੍ਟ/ਦਾ ਪੰਜਾਬੀ ਰੂਪ (ਕ੍ਰਮਵਾਰ) /ਹੱਥ/, /ਕੰਨ/, /ਚੰਮ/, /ਪੁੱਤ/, /ਸੱਤ/, /ਅੱਠ/ ਹੈ। ਉੱਚਾਰਨ ਦਾ ਇਹ ਸਾਧਾਰਨ ਸਿੱਧਾਂਤ ਹੈ ਕਿ ਸੰਯੁਕਤ ਵਿਅੰਜਨਾਂ ਤੋਂ ਪਹਿਲੀ ਧੁਨੀ ਤੇ ਦਬਾ (stress) ਆਉਂਦਾ ਹੈ। ਇੰਜ ਸੰਸਕ੍ਰਿਤ ਸ਼ਬਦਾਂ ਦੇ ਅੰਤਿਮ ਸੰਯੁਕਤ ਵਿਅੰਜਨਾਂ ਤੋਂ ਪਹਿਲਾਂ ਆਦੀ ਧੁਨੀ ਉਤੇ ਦਬਾ ਜਾਂ ਬਲ (stress) ਹੋਣਾ ਅਵੱਸ਼ਕ ਸੀ। ਇਹ ਦਬਾ ਪੰਜਾਬੀ ਵਿਚ ਸਥਿਰ ਹੈ, ਅਤੇ ਉਪਰ ਦਿੱਤੇ ਸ਼ਬਦਾਂ ਵਿਚ ਅਧਿੱਕ ਜਾਂ ਟਿੱਪੀ ਨਾਲ ਅੰਕਿਤ ਹੈ। ਪਰ ਹੋਰਨਾਂ ਭਾਸ਼ਾਵਾਂ ਵਿਚ ਇਹ ਦਬਾ ਬਦਲ ਕੇ ਦੀਰਘ ਸੁਰ ਹੋ ਗਿਆ ਹੈ। ਇਨ੍ਹਾਂ ਸ਼ਬਦਾਂ ਦੇ ਹਿੰਦੀ ਤੇ ਹੋਰ ਨਾਲ ਲਗਦੀਆਂ ਭਾਸ਼ਾਵਾਂ ਦੇ ਰੂਪ—ਹਾਥ, ਕਾਨ, ਚਾਮ, ਪੂਤ, ਸਾਤ, ਆਠ ਹਨ।

(ਙ) ਸੰਸਕ੍ਰਿਤ ਦੇ ਬਹੁਤ ਸਾਰੇ ਸ਼ਬਦਾਂ ਦੀ /ਵ/ ਦੀ ਧੁਨੀ ਹੋਰਨਾਂ ਭਾਸ਼ਾਵਾਂ ਵਿਚ /ਬ/ ਵਿਚ ਬਦਲ ਚੁੱਕੀ ਹੈ, ਪਰ ਪੰਜਾਬੀ ਵਿਚ /ਵ/ ਹੀ ਹੈ। ਅਜੇਹੇ ਕੁਝ ਸ਼ਬਦ ਇੱਥੇ ਦਿੱਤੇ ਜਾਂਦੇ ਹਨ :

| ਪੰਜਾਬੀ | ਹਿੰਦੀ |
|---|---|
| ਵੱਟਾ | ਬਾਟ, ਬੱਟਾ |
| ਵੱਟੀ | ਬੱਤੀ |

| | |
|---|---|
| ਵਰ | ਬਰ |
| ਵਾਗ | ਬਾਗ |
| ਵਾਲ਼ | ਬਾਲ |
| ਵਾੜ | ਬਾੜ |
| ਵਿਕਣਾ | ਬਿਕਨਾ |
| ਵਿਚ | ਬੀਚ |
| ਵੀਹ | ਬੀਸ |
| ਵੀਰ (ਸੂਰਮਾ) | ਬੀਰ |
| ਵੇਲ | ਬੇਲ |
| ਵੈਰ | ਬੈਰ |

(ਚ) ਪੰਜਾਬੀ ਕ੍ਰਿਆ-ਵਿਸ਼ੇਸ਼ਣ :—ਏਥੇ, ਓਥੇ, ਲਾਗੇ, ਨੇੜੇ, ਲਾਂਭੇ[1] ਦਾ ਅੰਤਿਮ /ਏ/ (ੇ) ਸੰਸਕ੍ਰਿਤ ਅਕਾਰਾਂਤ ਪੁਲਿੰਗ ਤੇ ਨਪੁੰਸਕ ਲਿੰਗ ਸ਼ਬਦਾਂ ਦੀ ਸਪਤਮੀ (ਅਧਿਕਰਣ ਕਾਰਕ), ਦਾ ਅੰਤਿਮ /ਏ/ ਹੀ ਹੈ। ਮਲਵਈ 'ਘਰੇ' ਤਾਂ ਠੀਕ ਸੰਸਕ੍ਰਿਤ ਰੂਪ 'ਗ੍ਰਿਹੇ' (ਗ੍ਰਹੇ) ਦਾ ਅਵਸ਼ੇਸ਼ ਹੀ ਜਾਪਦਾ ਹੈ।

ਇਵੇਂ ਹੀ ਪੰਜਾਬੀ ਦੇ ਇਸਤ੍ਰੀ ਲਿੰਗ ਸੰਬੋਧਨ, 'ਕੁੜੀਏ' 'ਧੀਏ', ਭੈਣੇ ਆਦਿ ਦਾ ਅੰਤਿਮ /ਏ/ ਵੀ ਸੰਸਕ੍ਰਿਤ ਇਸਤ੍ਰੀ ਲਿੰਗ ਅਕਾਰਾਂਤ ਤੇ ਇਕਾਰਾਂਤ ਨਾਵਾਂ ਦੇ ਸੰਬੋਧਨ ਰੂਪ ਦਾ ਅੰਤਿਮ -/ਏ/ ਹੀ ਹੈ। ਪੰਜਾਬੀ ਦਾ 'ਕੁੜੇ' ਤਾਂ ਸੰਸਕ੍ਰਿਤ ਦੇ ਬਹੁਤ ਨੇੜੇ ਹੈ।

ਵੈਦਿਕ ਤੇ ਸੰਸਕ੍ਰਿਤ ਤੋਂ ਇਲਾਵਾ ਪਾਲੀ ਤੇ ਪ੍ਰਾਕ੍ਰਿਤਾਂ ਦੇ ਕਈ ਲੱਛਣ ਵੀ ਪੰਜਾਬੀ ਨੇ ਸੰਭਾਲੇ ਹੋਏ ਹਨ, ਜਦੋਂ ਕਿ ਹੋਰਨਾਂ ਭਾਸ਼ਾਵਾਂ ਵਿਚੋਂ ਇਹ ਸਮਾਪਤ ਹੋ ਚੁਕੇ ਹਨ।

(ਛ) (ਘ-v) ਵਿਚ ਦਿੱਤੇ ਗਏ /ਹੱਥ/, /ਕੰਨ/, /ਚੰਮ/ ਆਦਿ ਪੰਜਾਬੀ ਰੂਪ, ਪਾਲੀ ਵਿਚ ਬਣਨੇ ਅਰੰਭ ਹੋ ਗਏ ਸਨ ਤੇ ਪ੍ਰਾਕ੍ਰਿਤ ਵਿਚ ਇਹ ਪੂਰੀ ਤਰ੍ਹਾਂ ਸਥਿਰ ਹੋ ਚੁਕੇ ਸਨ। ਇੰਜ ਪਾਲੀ ਤੇ ਪ੍ਰਾਕ੍ਰਿਤ ਦੇ ਇਹ ਸ਼ਬਦ ਰੂਪ ਪੰਜਾਬੀ ਵਿਚ ਉਵੇਂ ਦੇ ਉਵੇਂ ਟਿਕੇ ਆ ਰਹੇ ਹਨ, ਪਰ ਹੋਰਨਾਂ ਭਾਸ਼ਾਵਾਂ ਵਿਚ ਇਨ੍ਹਾਂ ਦਾ ਰੂਪ ਚਿਰੋਕਾ ਬਦਲ ਚੁੱਕਾ ਹੈ।

(ਜ) ਮੁਲਤਾਨੀ (ਪੱਛਮੀ ਪੰਜਾਬੀ) ਦੇ ਕੁਝ ਪੜਨਾਵਾਂ ਤੇ ਵਿਸ਼ੇਸ਼ਣਾਂ ਦੇ ਰੂਪ ਵਿਚ ਲਿੰਗ-ਭੇਦ ਅੱਜ ਤਕ ਬਚਿਆ ਆਉਂਦਾ ਹੈ, ਜਦੋਂ ਲਾਗਦੀਆਂ ਭਾਸ਼ਾਵਾਂ (ਕੇਂਦ੍ਰੀ ਪੰਜਾਬੀ ਸਮੇਤ) ਵਿਚ ਇਹ ਭੇਦ ਖਤਮ ਹੋ ਚੁੱਕਾ ਹੈ। ਮੁਲਤਾਨੀ ਵਿਚ /ਸਾ/ ਇ. ਲਿੰ. ਹੈ ਤੇ /ਸੋ/ ਪੁ.। ਇਵੇਂ ਹੀ :

| ਪੁਲਿੰਗ | ਇਸਤਰੀ ਲਿੰਗ |
|---|---|
| /ਏਹੋ/ | /ਏਹਾ/ |
| /ਓਹੋ/ | /ਓਹਾ/ |
| /ਸਭੋ/ | /ਸਭਾ/ |
| /ਇੱਕੋ/ | /ਇੱਕਾ/ |

1. ਸੰਸਕ੍ਰਿਤ ਵਿਚ ਕ੍ਰਿਆ-ਵਿਸ਼ੇਸ਼ਣ, ਔਂਵਿਐ ਸੀ ਅਥਵਾ ਉਸ ਦਾ ਰੂਪ ਨਹੀਂ ਸੀ ਬਦਲਦਾ, ਪਰ ਪੰਜਾਬੀ ਵਿਚ ਕ੍ਰਿਆ-ਵਿਸ਼ੇਸ਼ਣ ਦੇ ਰੂਪ ਵੀ ਕੁਝ ਹਾਲਤਾਂ ਵਿਚ ਬਦਲਦੇ ਹਨ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਪੜਨਾਵਾਂ ਦੇ ਲਿੰਗ-ਭੇਦ ਵਾਲੇ ਰੂਪ ਸੰਸਕ੍ਰਿਤ, ਪਾਲੀ ਆਦਿ ਤੇ ਪੁਰਾਣੀ ਪੰਜਾਬੀ ਵਿਚ ਹੀ ਮਿਲਦੇ ਹਨ। ਪਰ ਅੱਜ ਇਹ ਰੂਪ ਮੁਲਤਾਨੀ ਵਿਚ ਹੀ ਮੌਜੂਦ ਹਨ।

ਇੰਜ ਪੰਜਾਬੀ ਦੀ ਇਸ ਉਪਬੋਲੀ ਨੇ ਪ੍ਰਾਚੀਨ ਭਾਸ਼ਾ ਦਾ ਇਕ ਬੜਾ ਉੱਘਾ ਲੱਛਣ ਸੰਭਾਲ ਕੇ ਰੱਖਿਆ ਹੈ।

(ਝ) ਪਾਲੀ ਦੇ ਬਹੁਤ ਸਾਰੇ ਸ਼ਬਦ-ਰੂਪ ਪੰਜਾਬੀ ਵਿਚ ਉਵੇਂ ਦੇ ਉਵੇਂ ਟਿਕੇ ਆ ਰਹੇ ਹਨ,—ਨਾਗ, ਰੁੱਖ, ਪੁੱਤ, ਸੀਂਹ, ਭੱਤ, ਵੱਥ, ਅੱਜ, ਹੇਠਾ (ਪੰ. ਹੇਠਾਂ) ਕੁਝ ਉਦਾਹਰਨ ਹਨ। ਹੋਰ ਬਥੇਰੇ ਪਾਲੀ ਸ਼ਬਦ, ਮਾਮੂਲੀ ਅੰਤਰ ਨਾਲ ਪੰਜਾਬੀ ਵਿਚ ਵਰਤੇ ਜਾਂਦੇ ਹਨ, ਏੱਥ (ਪੰ. ਏਥੇ), ਤੱਥ (ਪੰ. ਤਿੱਥੇ), ਕੁਕੁੱਟ (ਪੰ. ਕੁੱਕੜ), ਮੰਚ (ਪੰ. ਮੰਜੀ), ਕਦਾ (ਪੰ. ਕਦੋਂ), ਅਜੇਹੇ ਸ਼ਬਦਾਂ ਦੇ ਨਮੂਨੇ ਹਨ।

(ਞ) ਪਾਲੀ ਦੇ ਕੁਝ ਪੜਨਾਂਵ ਰੂਪ ਵੀ ਪੰਜਾਬੀ ਦੇ ਬਹੁਤ ਨੇੜੇ ਹਨ : 'ਕੋ' (ਲਹਿੰਦੀ 'ਕੋ', ਕੇਂਦਰੀ ਪੰਜਾਬੀ 'ਕੌਣ'), 'ਕੇਨ' (ਪੰ ਕਿਨ) 'ਕਿਸ' (ਲਹਿੰਦੀ 'ਕਿਸ'), 'ਕੋਹਿ' (ਲ. ਕੇਂਹ), 'ਸੱਬਾ' (ਲ. ਸੱਭਾ)।

(ਟ) ਪਾਲੀ ਦੇ ਭੂਤ-ਕ੍ਰਿਦੰਤ ਦਾ ਰੂਪ ਵੀ ਹੋਰ ਭਾਰਤੀ ਆਰੀਆ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ (ਖਾਸ ਕਰਕੇ ਲਹਿੰਦੀ) ਦੇ ਬਹੁਤ ਨੇੜੇ ਹੈ। ਪੰਜਾਬੀ ਭੂਤ-ਕ੍ਰਿਦੰਤ /-ਆ/- ਅੰਤਿਕ ਹੈ, ਪਰ ਪਾਲੀ ਤੇ ਪਿਛਲੀਆਂ ਪ੍ਰਾਕ੍ਰਿਤਾਂ ਵਿਚ ਇਹ ਕ੍ਰਿਦੰਤ /-ਓ/ ਅੰਤਿਕ ਸੀ। ਇਸ ਫਰਕ ਤੋਂ ਬਿਨਾਂ ਬਾਕੀ ਰੂਪ ਸਾਂਝਾ ਹੈ :

| ਪਾਲੀ, ਪ੍ਰਾਕ੍ਰਿਤ | ਪੰਜਾਬੀ | ਹਿੰਦੀ |
|---|---|---|
| ਦਿੱਠੋ | ਡਿੱਠਾ | ਦੇਖਾ |
| ਪੀਤੋ | ਪੀਤਾ | ਪੀਆ |
| ਲੱਧੋ | ਲੱਧਾ, ਲੱਭਾ | — |
| ਵੁੱਠੋ | ਵੁੱਠਾ | — |
| ਸੁੱਤੋ | ਸੁੱਤਾ | ਸੋਇਆ |

(ਠ) ਸੰਗਿਆ ਸ਼ਬਦਾਂ ਦਾ /-ਓ/ ਅੰਤਿਕ ਰੂਪ ਪਾਲੀ ਵਿਚ ਬਣ ਚੁੱਕਾ ਸੀ ਤੇ ਪ੍ਰਾਕ੍ਰਿਤ ਵਿਚ ਪੂਰਨ ਰੂਪ ਵਿਚ ਸਥਿਤ ਸੀ। ਪਾਲੀ ਤੇ ਪ੍ਰਾਕ੍ਰਿਤ ਦਾ ਇਹ ਅੰਤਿਮ /-ਓ/ ਪੰਜਾਬੀ ਵਿਚ ਕਿਤੇ ਕਿਤੇ ਹੁਣ ਤਕ ਟਿਕਿਆ ਆ ਰਿਹਾ ਹੈ।[1] 'ਨ੍ਹਾਮੋ, ਸ਼ਾਮੋ, ਤਾਰੋ, ਬਨਤੋ, ਸਨਤੋ, ਆਦਿ ਇ. ਲਿੰ, ਨਿੱਜੀ ਨਾਵਾਂ ਵਿਚ ਇਹੋ /-ਓ/ ਅਜੇ ਤਕ ਦ੍ਰਿੜ੍ਹ ਹੈ। ਅੱਜ ਤੋਂ ਤਿੰਨ-ਚਾਰ ਸੌ ਸਾਲ ਪਹਿਲਾਂ ਤਕ ਇਹ /ਓ/ ਪੁਲਿੰਗ ਨਿੱਜੀ ਨਾਵਾਂ ਵਿਚ ਵੀ ਸੀ—ਸਿੱਖ ਇਤਿਹਾਸ ਨਾਲ ਸੰਬੰਧਿਤ, ਮਲਿਕ ਭਾਗੋ, ਭਾਈ ਲਾਲੋ, ਭਾਈ ਬਹਿਲੋ ਤੇ ਹੀਰ ਦਾ ਚਾਚਾ ਲੰਡਾ ਕੈਦੋ, ਅਜੇਹੇ ਪੁਲਿੰਗ ਨਾਵਾਂ ਦੇ ਉਦਾਹਰਨ ਹਨ। ਪਰ ਅੱਜ ਪੁਲਿੰਗ ਨਾਵਾਂ ਦੇ ਅੰਤ ਵਿਚ /-ਓ/ ਨਹੀਂ ਵਰਤਿਆ ਜਾਂਦਾ। ਹਾਂ, ਡੋਗਰੀ ਵਿਚ ਪ੍ਰਾਕ੍ਰਿਤ ਦਾ ਇਹ ਅੰਤਿਮ /-ਓ/, ਅੱਜ /-ਊ/ ਵਿਚ ਬਦਲਿਆ ਹੋਇਆ ਆਮ ਮਿਲਦਾ ਹੈ— ਮੁੰਡੂ, ਬਕਰੂ, ਘੋੜੂ, ਕੁਹਾੜੂ ਆਦਿ ਪੁਲਿੰਗ ਨਾਂਵ (ਤੇ ਹੋਰ ਅਨੇਕਾਂ ਹੀ /-ਊ/ ਅੰਤਿਕ

1. ਬ੍ਰਿਜ ਭਾਸ਼ਾ, ਬੁੰਦੇਲੀ, ਰਾਜਸਥਾਨੀ ਵਿਚ /ਓ/- ਅੰਤਿਕ ਨਾਂਵ ਵਿਆਪਕ ਰੂਪ ਵਿਚ ਮਿਲਦੇ ਹਨ, ਪੰਜਾਬੀ ਦੇ /-ਆ/-ਅੰਤਿਕ ਨਾਂਵ, ਇਨ੍ਹਾਂ ਭਾਸ਼ਾਵਾਂ ਵਿਚ ਅਧਿਕਤਰ /-ਓ/- ਅੰਤਿਕ ਹੀ ਹਨ।

Sri Satguru Jagjit Singh Ji Elibrary NamdhariElibrary@gmail.com

ਪੁਲਿਗ ਨਾਂਵ), ਡੋਗਰੀ ਦੀ ਸਾਧਾਰਨ ਵਰਤੋਂ ਵਿਚ ਹਨ। ਅਜੇਹੇ ਹੀ ਕੁਝ ਪੁਲਿੰਗ ਨਾਂਵ (ਤੇੜੂ, ਰੇੜੂ, ਹੇਂਟੂੰ, ਡੱਡੂ, ਗਲੇਰੂ ਆਦਿ) ਕੇਂਦਰੀ ਪੰਜਾਬੀ ਵਿਚ ਵੀ ਹਨ

ਇੰਜ ਅਜੋਕੀ ਪੰਜਾਬੀ ਦਾ ਸਮੁੱਚਾ ਰੂਪ ਭਾਵੇਂ ਸੰਸਕ੍ਰਿਤ, ਪਾਲੀ ਆਦਿ ਤੋਂ ਬਿਲਕੁਲ ਵੱਖਰਾ ਹੈ, ਪਰ ਇਸ ਵਿਚ ਇਨ੍ਹਾਂ ਪੁਰਾਣੀਆਂ ਭਾਸ਼ਾਵਾਂ ਦੇ ਕੁਝ ਲੱਛਣ ਅਜੇ ਤਕ ਬਚੇ ਆ ਰਹੇ ਹਨ, ਜਿਹੜੇ ਦੂਜੀਆਂ ਆਧੁਨਿਕ ਭਾਸ਼ਾਵਾਂ ਵਿਚ ਘੱਟ ਹੀ ਮਿਲਦੇ ਹਨ।

Sri Satguru Jagjit Singh Ji Elibrary NamdhariElibrary@gmail.com

# ਪਾਰਿਭਾਸ਼ਿਕ ਸ਼ਬਦ

| | |
|---|---|
| ਉਚਾਰਖੰਡ | Syllable |
| ਉੱਚਾਰਨ-ਅੰਗ | Organs of Speech, Speech-organs |
| ਉਪਭਾਸ਼ਾ | dialect |
| ਅਕਰਮਕ ਕ੍ਰਿਆ | intransitive verb |
| ਅੱਖਰ | letter, character |
| ਅਗੇਤਰ | prefix |
| ਅਨਿਸ਼ਚਿਤ ਭੂਤ | past indefinite |
| ਅਨੁਨਾਸਿਕਤਾ, ਨਾਸਿਕਤਾ | nasalization |
| ਅਰਥ ਪੂਰਨ | phonemic, distinctive |
| ਅੱਧ-ਸ੍ਵਰ | semi-vowel |
| ਅਲਪਪ੍ਰਾਣ | unaspirated |
| ਇਕ ਉਚਾਰਖੰਡੀ | monosyllabic |
| ਇਕਹਿਰੇ ਸ੍ਵਰ | monophthongs |
| ਸਕਰਮਕ ਕ੍ਰਿਆ | transitive verb |
| ਸਹਾਇਕ ਕ੍ਰਿਆ | auxiliary verb |
| ਸਮਾਸੀ | compound |
| ਸਾਧਾਰਨ ਭੂਤ | past indefinite |
| ਸਾਧਾਰਨ ਰੂਪ | direct form |
| ਸਿਧਾ ਰੂਪ | direct form |
| ਸੁਰ | tone |
| ਸੰਜੋਗਾਤਮਕ (ਸੰਯੋਗਾਤਮਕ) | synthetic |
| ਸੰਜੋਗਾਤਮਕਤਾ (ਸੰਯੋਗਾਤਮਕਤਾ) | synthesis |
| ਸੰਬੰਧਕ | postposition |
| ਸੰਯੁਕਤ (ਸੰਜੁਕਤ) ਵਿਅੰਜਨ | conjunct consonants |
| ਸ੍ਵਰ | vowel |
| ਸ੍ਵਾਸੀ | unvoiced |
| ਸ਼ਬਦ-ਜੋੜ | spelling |
| ਸ਼ਬਦ-ਰੂਪ | morphological form |
| ਸ਼ਬਦਾਂਸ਼, ਉਚਾਰਖੰਡ | syllable |
| ਸ਼ਬਦਾਵਲੀ (ਸ਼ਬਦ ਭੰਡਾਰ) | vocabulary |
| ਸੰਬੰਧਕੀ ਰੂਪ | Oblique form |
| ਹ੍ਰਸ੍ਵ ਸ੍ਵਰ | short vowel |
| ਕਰਤਾ | subject |
| ਕਰਤਾ ਵਾਚ (ਕਰਤਰੀ ਵਾਚ) | active voice |

1. ਪੰਜਾਬੀ ਵਿਚ ਭਾਸ਼ਾ ਵਿਗਿਆਨ ਸੰਬੰਧੀ ਪ੍ਰਮਾਣਿਤ ਸ਼ਬਦਾਵਲੀ ਮੌਜੂਦ ਨਹੀਂ ਇਸ ਲਈ ਇਥੇ ਦਿੱਤੀ ਗਈ ਸ਼ਬਦਾਵਲੀ ਦਾ ਪੰਜਾਬੀ ਦੀਆਂ ਹੋਰ ਪੁਸਤਕਾਂ ਨਾਲੋਂ ਕੁਝ ਅੰਤਰ ਹੋ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਕਰਮ | object |
| ਕਰਮ ਵਾਚ | passive voice |
| ਕਾਂਬਵੇਂ ਵਿਅੰਜਨ | trills |
| ਕਾਰਕ | case |
| ਕਰਤਾ ਕਾਰਕ | nominative case |
| ਕਰਮ ਕਾਰਕ | accusative case |
| ਕਰਣ ਕਾਰਕ | instrumental case (case of agent). |
| ਸੰਪਰਦਾਨ ਕਾਰਕ | dative case |
| ਅਪਾਦਾਨ ਕਾਰਕ | ablative case |
| ਸਬੰਧ ਕਰਕ | genitive case |
| ਅਧਿਕਰਣ ਕਾਰਕ | locative case |
| ਸੰਬੋਧਨ ਕਾਰਕ | vocative case |
| ਕ੍ਰਿਆ | verb |
| ਕ੍ਰਿਆ ਰੂਪ | verbal form |
| ਕ੍ਰਿਆ ਵਿਸ਼ੇਸ਼ਣ | adverb |
| ਕ੍ਰਿਦੰਤ | participle |
| ਕ੍ਰਿਆ ਵਿਸ਼ੇਸ਼ਣੀ ਕ੍ਰਿਦੰਤ | adverbial participle |
| ਭੂਤ ਕ੍ਰਿਦੰਤ | past participle |
| ਵਰਤਮਾਨ ਕ੍ਰਿਦੰਤ | present participle |
| ਖਹਿਵੇਂ (ਸੰਘਰਸ਼ੀ) ਵਿਅੰਜਨ | fricatives. |
| ਖੰਡੀ ਧੁਨੀਆਂ | segmental phonemes |
| ਗੌਣ ਧੁਨੀਆਂ, (ਅਖੰਡੀ ਧੁਨੀਆਂ) | suprasegmental phanemes |
| ਛੁਹਵੇਂ ਵਿਅੰਜਨ | stops, plosives, explosives |
| ਟਾਨ | pitch |
| ਤਿੰਨ ਉਚਾਰਖੰਡੀ | trisyllabic |
| ਤਿਰਛਾ ਰੂਪ | Oblique form |
| ਤ੍ਰੈਸੰਧੀ ਸੁਰ | triphthongs |
| ਦਬਾ | stress |
| ਦੀਰਘ ਸੁਰ | long vowel |
| ਦੀਰਘ ਵਿਅੰਜਨ | long consonant |
| ਦੂਜੀ-ਪੁਰਖ[1] | second person |
| ਦੂਹਰੇ ਸੁਰ, ਦੁਸੰਧੀ ਸੁਰ | diphthongs |
| ਦੋ ਉਚਾਰਖੰਡੀ | dissyllabic |
| ਦੋਹਰ, ਦੋਹਰਾਈ | reduplication |
| ਧੁਨੀ | phonrme, sound |
| ਨਵੀਨ-ਭਾਰਤੀ-ਆਰੀਆ | New-Indo-Aryan |
| ਨਾਸਿਕੀ ਵਿਅੰਜਨੀ | nasal |
| ਨਾਸਿਕਤਾ | nasalization |

1. ਇਹ ਅੰਗਰੇਜ਼ੀ ਵਿਆਕਰਨ ਦੇ ਪੁਰਖ-ਕ੍ਰਮ ਅਨੁਸਾਰ ਹਨ ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਨਾਦੀ | voiced |
| ਨਾਂਵ | noun |
| ਨਿਜੀ ਨਾਂਵ | proper noun |
| ਪੜਨਾਂਵ | pronoun |
| ਪੜਨਾਂਵੀ ਪਿਛੇਤਰ | pronominal suffix |
| ਪਾਸੇਵੰਨੇ (ਪਾਰਸ਼ਿ੍ਵਕ) ਵਿਅੰਜਨ | laterals |
| ਪਿਛੇਤਰ | suffix |
| ਪੁਰਖਵਾਚੀ ਪੜਨਾਂਵ | personal pronoun |
| ਪ੍ਰਥਮ ਪੁਰਖ [1] | first person |
| ਪ੍ਰਾਚੀਨ-ਭਾਰਤੀ-ਆਰੀਆ | Old-Indo-Aryan |
| ਫਟਕਵੇਂ (ਉਤਖਪਿਤ) ਵਿਅੰਜਨ | flapped |
| ਭਵਿਖਤ | future |
| ਭਾਸ਼ਾ | language |
| ਭਾਸ਼ਾ-ਅੰਗ | parts of speech |
| ਭਾਸ਼ਾ-ਧੁਨੀਆਂ | speech-sounds, phonemes |
| ਭਾਰਤੀ-ਆਰੀਆ-ਭਾਸ਼ਾ | Indo Aryan-Language |
| ਭਾਵ-ਵਾਚੀ ਕ੍ਰਿਆ | Infinitive |
| ਭਾਵ-ਵਾਚੀ ਨਾਂਵ | abstract noun |
| ਭੂਤ | past |
| ਮਹਾਪ੍ਰਾਣ | aspirated |
| ਮਹਾਪ੍ਰਾਣਤਾ | aspiration |
| ਮੱਧ-ਭਾਰਤੀ-ਆਰੀਆ | Middle-Indo-Aryan |
| ਮੂਲ ਧੁਨੀਆਂ (ਖੰਡੀ ਧੁਨੀਆਂ | segmental Phonemes |
| ਮੌਖਿਕ | oral |
| ਲਮਕੌਂ | duration |
| ਲਿੰਗ | gender |
| ਪੁਲਿੰਗ | masculine gender |
| ਇਸਤ੍ਰੀ ਲਿੰਗ | feminine gender |
| ਨਪੁੰਸਕ ਲਿੰਗ | neuter gender |
| ਲਿਪੀ | script |
| ਲਿਪੀ-ਚਿੰਨ੍ਹ | symbol, letter, character |
| ਵਚਨ | number |
| ਇਕਵਚਨ | singular |
| ਦੋਵਚਨ | dual number |
| ਬਹੁਵਚਨ | plural |
| ਵਰਤਮਾਨ | present |
| ਵਾਕ | sentence |
| ਸਾਧਾਰਨ ਵਾਕ | simple sentence |

1. ਅੰਗਰੇਜ਼ੀ ਵਿਆਕਰਨ ਦੇ ਪੁਰਖ-ਕ੍ਰਮ ਅਨੁਸਾਰ ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਮਿਸ਼ਰਿਤ ਵਾਕ | omplex sentenced |
| ਵਿਅੰਜਨ | consonant |
| ਵਿਸ਼ੇਸ਼ਣ | adjective |
| ਵਿਜੋਗਾਤਮਕ (ਵਿਯੋਗਾਤਮਕ) | analytic |
| ਵਿਜੋਗਾਤਮਕਤਾ (ਵਿਯੋਗਾਤਮਕਤਾ) | analysis |

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com